
ਸ੍ਰੀ ਗੁਰੂ ਰਵਿਦਾਸ ਟੈਂਪਲ (ਯੂਬਾ ਸਿਟੀ) ਵਿਖੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਸਮਾਗਮ 6, 7, 8 ਸਤੰਬਰ ਨੂੰ ਮਨਾਏ ਜਾ ਰਹੇ ਹਨ। (ਹੋਰ ਜਾਣਕਾਰੀ ਲਈ ਦੇਖੋ ਸਫਾ 2 'ਤੇ)

13ਵਾਂ ਸਾਲ


# ਦੇਸ਼ ਦੁਆਬਾ

ਹਫਤਾਵਾਰੀ

VOL -13 ISSUE - 22
September 4, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

08 September


8 ਸਤੰਬਰ ਅੰਤਰਰਾਸ਼ਟਰੀ ਸਾਖਰਤਾ ਦਿਵਸ ਸਬੰਧੀ ਕੁਲਦੀਪ ਚੰਦ ਐਡਵੋਕੇਟ ਦਾ ਵਿਸ਼ੇਸ਼ ਲੇਖ ਅੰਦਰ ਦੇਖੋ

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ


## ਭਾਰਤੀ ਅਥਲੀਟਾਂ ਨੇ ਪੈਰਿਸ ਪੈਰਾਲੰਪਿਕ ਵਿੱਚ 5 ਹੋਰ ਮੈਡਲ ਜਿੱਤੇ



**ਪੈਰਿਸ (ਬਿਊਰੋ)–** ਪੈਰਿਸ ਪੈਰਾਲੰਪਿਕ ਦੌਰਾਨ ਭਾਰਤੀਆਂ ਨੇ ਪੁਰਸ਼ਾਂ ਦੀ ਉੱਚੀ ਛਾਲ ਟੀ 63 ਅਤੇ ਜੈਵਲਿਨ ਥਰੋਅ ਐਫ 46 ਦੋਵਾਂ ਵਿੱਚ ਚਾਂਦੀ ਅਤੇ ਕਾਂਸੀ ਦਾ ਤਗ਼ਮਾ ਜਿੱਤਿਆ ਹੈ।ਖਿਡਾਰੀ ਸ਼ਰਦ ਕੁਮਾਰ ਅਤੇ ਮਰਿਯੱਪਨ ਥੰਗਾਵੇਲੂ ਨੇ ਪੁਰਸ਼ਾਂ ਦੀ ਉੱਚੀ ਛਾਲ ਟੀ 63 ਵਿੱਚ ਕ੍ਰਮਵਾਰ ਚਾਂਦੀ ਅਤੇ ਕਾਂਸੀ ਦਾ ਤਗਮਾ ਜਿੱਤਿਆ। ਇਸੇ ਤਰ੍ਹਾਂ ਅਜੀਤ ਸਿੰਘ ਅਤੇ ਸੁੰਦਰ ਸਿੰਘ ਗੁਰਜਰ ਨੇ ਜੈਵਲਿਨ ਥਰੋਅ ਐਫ 46 ਫਾਈਨਲ ਵਿੱਚ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਔਰਤਾਂ ਦੇ 400 ਮੀਟਰ ਟੀ-20 ਵਰਗ ਵਿੱਚ ਦੀਪਤੀ ਜੀਵਨਜੀ ਨੇ ਕਾਂਸੀ ਦਾ ਤਗ਼ਮਾ ਜਿੱਤਿਆ ਹੈ। ਭਾਰਤ ਦੇ ਟਰੈਕ ਅਤੇ ਫੀਲਡ ਐਥਲੀਟਾਂ ਨੇ ਮੰਗਲਵਾਰ ਨੂੰ ਇੱਥੇ ਪੈਰਾਲੰਪਿਕ ਖੇਡਾਂ ਵਿੱਚ ਕੁੱਲ ਪੰਜ ਤਗ਼ਮੇ ਜਿੱਤੇ ਹਨ।

## ਪੰਜਾਬ ਵਿਧਾਨ ਸਭਾ ਦੇ ਮੌਨਸੂਨ ਇਜਲਾਸ ਦਰਮਿਆਨ ਹੰਗਾਮਾ ਅਤੇ ਨਵੀਆਂ ਸੋਧਾਂ



**ਚੰਡੀਗੜ੍ਹ (ਬਿਊਰੋ)–** ਪੰਜਾਬ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਵਿਚ ਪਹਿਲੇ ਦਿਨ ਕਾਨੂੰਨ ਵਿਵਸਥਾ ਦੇ ਮੁੱਦੇ 'ਤੇ ਹੰਗਾਮੇ ਤੋਂ ਬਾਅਦ ਦੂਜੇ ਦਿਨ ਛੋਟੇ ਪਲਾਟ ਮਾਲਕਾਂ ਨੂੰ ਵੱਡੇ ਝੰਜਟ ਤੋਂ ਛੁਟਕਾਰੇ ਲਈ 'ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਬਿੱਲ-2024' ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਇਸ ਨਾਲ ਹੁਣ ਪੰਜਾਬ ਵਿਚ ਪਲਾਟ ਦੀ ਰਜਿਸਟਰੀ ਲਈ 'ਕੋਈ ਇਤਰਾਜ਼ ਨਹੀਂ' ਸਰਟੀਫਿਕੇਟ (ਐੱਨਓਸੀ) ਦੀ ਸ਼ਰਤ ਖ਼ਤਮ ਹੋ ਗਈ ਹੈ। ਇਸ ਦਰਮਿਆਨ ਕਿਸਾਨਾਂ ਦੀਆਂ ਰੈਲੀਆਂ ਵੀ ਸਰਕਾਰ ਲਈ ਮੁਸੀਬਤ ਬਣੀਆਂ ਹੋਈਆਂ ਹਨ। ਪੰਜਾਬ 'ਚ ਰਜਿਸਟਰੀ ਲਈ ਐੱਨਓਸੀ ਦੀ ਸ਼ਰਤ, ਜਿੱਥੇ ਛੋਟੇ ਪਲਾਟ ਮਾਲਕਾਂ 'ਤੇ ਵੱਡਾ ਬੋਝ ਸੀ, ਉੱਥੇ ਇਹ ਸ਼ਰਤ ਤਹਿਸੀਲਾਂ 'ਚ ਲੋਕਾਂ ਦੀ ਲੁੱਟ ਦਾ ਕਾਰਨ ਵੀ ਬਣ ਰਹੀ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸਦਨ ਵਿਚ 'ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਐਕਟ-2024' ਬਿੱਲ ਪੇਸ਼ ਕੀਤਾ, ਜਿਸ ਨੂੰ ਬਹਿਸ ਮਗਰੋਂ ਸਰਬਸੰਮਤੀ ਨਾਲ ਹਾਊਸ ਨੇ ਪਾਸ ਕਰ ਦਿੱਤਾ। ਕੈਪਟਨ ਅਮਰਿੰਦਰ ਸਰਕਾਰ ਮੌਕੇ 'ਪੰਜਾਬ ਲਾਅਜ਼ (ਅਣਅਧਿਕਾਰਤ ਕਲੋਨੀਆਂ ਨੂੰ ਨਿਯਮਤ ਕਰਨ ਲਈ ਵਿਸ਼ੇਸ਼ ਉਪਬੰਧ) ਐਕਟ 2018 ਲਿਆਂਦਾ ਗਿਆ ਸੀ। ਉਸ ਤੋਂ ਪਹਿਲਾਂ ਸਾਲ 2014 ਅਤੇ ਸਾਲ 2016 ਵਿਚ ਵੀ ਪੰਜਾਬ ਲਾਅਜ਼ (ਵਿਸ਼ੇਸ਼ ਉਪਬੰਧ) ਐਕਟ 2013 ਲਿਆਂਦਾ ਗਿਆ ਸੀ।

ਪੰਜਾਬ ਵਿਚ ਕਰੀਬ 14 ਹਜ਼ਾਰ ਗੈਰਕਾਨੂੰਨੀ ਕਲੋਨੀਆਂ ਹਨ, ਜਿਨ੍ਹਾਂ ਵਿਚ ਪਲਾਟ ਖ਼ਰੀਦਣ ਵਾਲੇ ਆਮ ਲੋਕ ਫਸੇ ਹੋਏ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਸਦਨ ਵਿਚ ਇਸ ਬਿੱਲ 'ਤੇ ਬਹਿਸ ਨੂੰ ਸਮੇਟਦਿਆਂ ਕਿਹਾ ਕਿ ਨਵੀਂ ਸੋਧ ਮੁਤਾਬਕ 31 ਜੁਲਾਈ, 2024 ਤੱਕ ਅਣ-ਅਧਿਕਾਰਤ ਕਾਲੋਨੀ ਵਿੱਚ ਸਥਿਤ 500 ਵਰਗ ਗਜ਼ ਤੱਕ ਦੇ ਖੇਤਰ ਲਈ, ਇੱਕ ਪਾਵਰ ਆਫ਼ ਅਟਾਰਨੀ, ਸਟੈਂਪ ਪੇਪਰ 'ਤੇ ਵੇਚਣ ਲਈ ਇਕਰਾਰਨਾਮਾ ਜਾਂ ਕੋਈ ਹੋਰ ਅਜਿਹਾ ਦਸਤਾਵੇਜ਼, ਜਿਸ ਨੂੰ ਸਰਕਾਰ ਨੋਟੀਫ਼ਿਕੇਸ਼ਨ ਦੁਆਰਾ ਨਿਰਧ-ਾਰਿਤ ਕਰ ਸਕਦੀ ਹੈ, ਰਾਹੀਂ ਇਕਰਾਰਨਾਮਾ ਕੀਤਾ ਹੈ, ਉਸ ਰਕਬੇ ਲਈ ਐੱਨਓਸੀ ਦੀ ਲੋੜ ਨਹੀਂ ਹੋਵੇਗੀ।

## ਨਾਜਾਇਜ਼ ਪਰਵਾਸ 'ਤੇ ਸਖ਼ਤੀ ਬਾਰੇ ਕਮਲਾ ਹੈਰਿਸ ਨੇ ਵੀ ਬਦਲਿਆ ਸਟੈਂਡ



**ਵਾਸ਼ਿੰਗਟਨ (ਬਿਊਰੋ)–** ਨਾਜਾਇਜ਼ ਪਰਵਾਸ ਪ੍ਰਤੀ ਲਚੀਲਾ ਰੁਖ਼ ਰੱਖਣਵਾਲੀ ਡੈਮੋਕ੍ਰੇਟ ਸਰਕਾਰ ਵੱਲੋਂ ਅਮਰੀਕੀ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਕਮਲਾ ਹੈਰਿਸ ਨੇ ਵਾਅਦਾ ਕੀਤਾ ਹੈ ਕਿ ਉਹ ਪਰਵਾਸੀਆਂ ਦੇ ਮੁੱਦੇ 'ਤੇ ਸਖ਼ਤ ਰੁਖ਼ ਅਪਣਾਏਗੀ। ਖ਼ਾਸ ਕਰ ਕੇ ਅਮਰੀਕੀ ਦੱਖਣੀ ਸਰਹੱਦ ਤੋਂ ਲੋਕਾਂ ਦੇ ਪਰਵਾਸ ਪ੍ਰਤੀ ਸਾਵਧਾਨੀਪੂਰਵਕ ਕਦਮ ਚੁੱਕੇ ਜਾਣਗੇ। ਉਨ੍ਹਾਂ ਇਜ਼ਰਾਈਲ ਨੂੰ ਅਮਰੀਕਾ ਵੱਲੋਂ ਹਥਿਆਰ ਦੇਣੇ ਬੰਦ ਕਰਨ ਦੀਆਂ ਚਰਚਾਵਾਂ ਤੋਂ ਵੀ ਸਾਫ਼ ਇਨਕਾਰ ਕੀਤਾ ਹੈ। ਆਗਾਮੀ ਪੰਜ ਨਵੰਬਰ ਨੂੰ ਰਾਸ਼ਟਰਪਤੀ ਅਹੁਦੇ ਲਈ ਚੋਣਾਂ ਹੋਣ ਤੋਂ ਪਹਿਲਾਂ ਪਹਿਲੀ ਵਾਰ ਦਿੱਤੀ ਗਈ ਰਸਮੀ ਇੰਟਰਵਿਊ ਵਿਚ ਕਮਲਾ ਹੈਰਿਸ ਨੇ ਕਿਹਾ ਕਿ ਉਹ ਅਮਰੀਕਾ 'ਚ ਪਰਵਾਸ 'ਤੇ ਸਖ਼ਤੀ ਵਰਤਦੇ ਹੋਏ ਸਮੁੱਚੇ ਸਰਹੱਦੀ ਬਿੱਲ ਦੇ ਨਵੀਨੀਕਰਨ 'ਤੇ ਜ਼ੋਰ ਦੇਵੇਗੀ। ਨਾਲ ਹੀ ਨਾਜਾਇਜ਼ ਤਰੀਕੇ ਨਾਲ ਸਰਹੱਦ ਪਾਰ ਕੀਤੇ ਜਾਣ 'ਤੇ ਅਮਰੀਕੀ ਕਾਨੂੰਨਾਂ ਨੂੰ ਜ਼ਰੂਰ ਲਾਗੂ ਕਰੇਗੀ।

ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਸਾਡੇ ਕਾਨੂੰਨਾਂ ਦਾ ਸਖ਼ਤੀ ਨਾਲ ਪਾਲਣ ਹੋਵੇਗਾ ਅਤੇ ਨਾਜਾਇਜ਼ ਤਰੀਕੇ ਨਾਲ ਅਮਰੀਕਾ ਵਿਚ ਦਾਖ਼ਲ ਹੋਣ ਵਾਲੇ ਲੋਕਾਂ ਨੂੰ ਇਸਦੇ ਨਤੀਜੇ ਭੁਗਤਣੇ ਪੈਣਗੇ। ਉਨ੍ਹਾਂ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਇਜ਼ਰ-ਾਈਲ ਨੂੰ ਭਰਪੂਰ ਸਮਰਥਨ ਦੇਣ ਦਾ ਸਮਰਥਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੇ ਉਨ੍ਹਾਂ ਡੈਮੋਕ੍ਰੇਟ ਨੇਤਾਵਾਂ ਨੇ ਵਿਰੋਧ ਕੀਤਾ, ਜਿਨ੍ਹਾਂ ਦਾ ਕਹਿਣਾ ਹੈ ਕਿ ਫਲਸਤੀਨ 'ਤੇ ਭਿਆਨਕ ਹਮਲੇ ਦੇ ਕਾਰਨ ਅਮਰੀਕਾ ਇਜ਼ਰਾਈਲ ਨੂੰ ਹਥਿਆਰ ਦੇਣ 'ਤੇ ਮੁੜ ਵਿਚਾਰ ਕਰੇਗਾ। ਉਨ੍ਹਾਂ ਕਿਹਾ ਕਿ ਉਹ ਇਕ ਮਜ਼ਬੂਤ ਇਜ਼ਰਾਈਲ ਦੀ ਸਮਰਥਕ ਹੈ ਪਰ ਗਾਜ਼ਾ ਵਿਚ ਬੰਬਾਰੀ ਬੰਦ ਕਰਾਉਣ ਲਈ ਇਕ ਸਮਝੌਤਾ ਹੋਣਾ ਜ਼ਰੂਰੀ ਹੈ।

## ਹਰਿਆਣੇ 'ਚ ਕਾਂਗਰਸ-ਆਪ ਅਤੇ ਸਪਾ ਮਿਲ ਕੇ ਲੜਨਗੀਆਂ ਚੋਣ



ਨਵੀਂ ਦਿੱਲੀ- 'ਏਕਲਾ ਚਲੋ' ਦੀ ਰਣਨੀਤੀ ਤਹਿਤ ਹਰਿਆਣਾ ਵਿਧਾਨ ਸਭਾ ਚੋਣਾਂ ਹੁਣ ਤੱਕ ਇਕੱਲਿਆਂ ਲੜ ਰਹੀ ਕਾਂਗਰਸ ਪਾਰਟੀ ਨੇ ਆਖਰਕਾਰ ਆਪਣੀ ਰਣਨੀਤੀ ਬਦਲ ਲਈ ਹੈ। ਪਾਰਟੀ ਹੁਣ 'ਆਪ', ਸਪਾ ਅਤੇ ਖੱਬੇ ਪੱਖੀ ਪਾਰਟੀਆਂ ਨਾਲ ਮਿਲ ਕੇ ਚੋਣ ਲੜ ਸਕਦੀ ਹੈ। ਹਾਲਾਂਕਿ ਫਿਲਹਾਲ ਸਥਿਤੀ ਬਹੁਤੀ ਸਪੱਸ਼ਟ ਨਹੀਂ ਹੈ ਪਰ ਜੋ ਸੰਕੇਤ ਮਿਲ ਸਕਦੇ ਹਨ, ਉਨ੍ਹਾਂ ਤੋਂ ਛੇਤੀ ਹੀ ਇਨ੍ਹਾਂ ਪਾਰਟੀਆਂ ਦਾ ਗਠਜੋੜ ਹੋਂਦ ਵਿੱਚ ਆ ਸਕਦਾ ਹੈ। ਜਿਸ ਵਿੱਚ 'ਆਪ' ਨੂੰ ਪੰਜ ਤੋਂ ਸੱਤ ਸੀਟਾਂ ਦਿੱਤੀਆਂ ਜਾ ਸਕਦੀਆਂ ਹਨ ਅਤੇ ਸਪਾ ਅਤੇ ਖੱਬੇ ਪੱਖੀ ਪਾਰਟੀਆਂ ਨੂੰ ਵੀ ਇੱਕ-ਇੱਕ ਸੀਟ ਦਿੱਤੀ ਜਾ ਸਕਦੀ ਹੈ। ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਇਨ੍ਹਾਂ ਪਾਰਟੀਆਂ ਦੇ ਪ੍ਰਦਰਸ਼ਨ ਦੇ ਆਧਾਰ 'ਤੇ ਸੀਟਾਂ ਦਾ ਫੈਸਲਾ ਕੀਤਾ ਜਾ ਸਕਦਾ ਹੈ। ਹਰਿਆਣਾ ਵਿੱਚ ਗਠਜੋੜ ਨੂੰ ਲੈ ਕੇ ਕਾਂਗਰਸ ਪਾਰਟੀ ਦੇ ਅੰਦਰ ਇਹ ਚਰਚਾ ਉਸ ਸਮੇਂ ਤੇਜ਼ ਹੋ ਗਈ ਹੈ ਜਦੋਂ ਖੁਦ ਰਾਹੁਲ ਗਾਂਧੀ ਨੇ ਪਾਰਟੀ ਦੇ ਚੋਟੀ ਦੇ ਨੇਤਾਵਾਂ ਨਾਲ ਬੈਠਕ ਵਿੱਚ ਵਿਰੋਧੀ ਏਕਤਾ ਉੱਤੇ ਜ਼ੋਰ ਦਿੱਤਾ ਹੈ। ਨਾਲ ਹੀ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਹਰਿਆਣਾ ਵਿੱਚ ਸਹਿਯੋਗੀ ਪਾਰਟੀਆਂ ਨਾਲ ਗਠਜੋੜ ਬਾਰੇ ਆਪਣੀ ਰਾਏ ਦੇਣ ਲਈ ਕਿਹਾ ਹੈ।


Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC


SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ
ਗੁਰੂ ਪਿਆਰੀ ਸਾਧ ਸੰਗਤ ਜੀ ਆਪ ਜੀ ਨੂੰ ਸਤਿਕਾਰ ਸਹਿਤ ਬੇਨਤੀ ਹੈ ਕਿ


# ਸ੍ਰੀ ਗੁਰੂ ਰਵਿਦਾਸ ਟੈਂਪਲ (ਯੂਬਾ ਸਿਟੀ) ਵਿਖੇ

## ਆਪ ਸੰਗਤਾਂ ਦੇ ਸਹਿਯੋਗ ਨਾਲ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ

## ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਉਲੀਕੇ ਗਏ ਹਨ

ਮਿਤੀ 6 ਸਤੰਬਰ 2024 ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, ਸ਼ਨੀਵਾਰ ਨੂੰ ਸ਼ਾਮ 4 ਵਜੇ ਨਿਸ਼ਾਨ ਸਾਹਿਬ ਜੀ ਦੀ ਸੇਵਾ ਹੋਵੇਗੀ, ਭੋਗ 8 ਸਤੰਬਰ 2024 ਦਿਨ ਐਤਵਾਰ ਨੂੰ ਸਵੇਰੇ 9:00 ਵਜੇ ਪਾਏ ਜਾਣਗੇ। ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ

ਨੋਟ- ਦਿਨ ਐਤਵਾਰ ਨੂੰ ਵਿਸ਼ੇਸ਼ ਨਗਰ ਕੀਰਤਨ ਵੀ ਸਜਾਏ ਜਾਣਗੇ

**ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਵਿਖੇ ਗੁਰਬਾਣੀ ਸਰਵਣ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ**

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਗੁਰੂ ਘਰ: (530) 674 2564, ਮੁੱਖ ਸੇਵਾਦਾਰ: ਸ਼ਿੰਗਾਰਾ ਸਿੰਘ ਰੱਲ੍ਹ) 530-713-1823
ਚੇਅਰਮੈਨ: ਸ. ਗੁਰਨਾਮ ਸਿੰਘ ਭੰਡਾਲ 530-218-4468
ਸੇਵਾ- ਓਅੰਕਾਰ ਸਿੰਘ ਪਰਿਵਾਰ ਵੱਲੋਂ

**SHRI GURU RAVIDASS TEMPLE**
**1480 HAYNE AVE YUBA CITY, CA 95993**

# ਨਵੇਂ ਸਾਲ ਦੇ ਜਸ਼ਨਾਂ ਲਈ ਆਉਣਾ ਤਾਂ 15 ਨਵੰਬਰ ਤੱਕ ਭਰੋ ਅਰਜ਼ੀਆਂ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਇਮੀਗ੍ਰੇਸ਼ਨ ਨਿਊਜ਼ੀਲੈਂਡ ਨੇ ਆਖਿਆ ਹੈ ਕਿ ਸਾਡੇ ਉਤੇ ਵਿਜ਼ਟਰ ਵੀਜ਼ਿਆਂ ਵਾਲੀਆਂ ਅਰਜ਼ੀਆਂ ਦਾ ਬਹੁਤ ਜ਼ੋਰ ਪੈ ਗਿਆ ਹੈ ਇਸ ਕਰਕੇ ਜਿੰਨੀ ਜਲਦੀ ਹੋ ਸਕਦਾ ਹੈ ਵਿਜ਼ਟਰ ਵੀਜੇ ਵਾਲੀਆਂ ਅਰਜ਼ੀਆਂ ਦਾਖਲ ਕਰੋ। ਵੀਜ਼ਾ ਨਿਰਦੇਸ਼ਕ ਜੌਕ ਗਿਲਰੇ ਦਾ ਕਹਿਣਾ ਹੈ ਕਿ ''ਵਿਜ਼ਟਰ ਵੀਜ਼ਾ ਅਰਜ਼ੀਆਂ ਦੀ ਵੱਡੀ ਮਾਤਰਾ ਨੂੰ ਦੇਖਦੇ ਹੋਏ ਜਲਦੀ ਅਪਲਾਈ ਕਰਨਾ ਜ਼ਰੂਰੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਿਊਜ਼ੀਲੈਂਡ ਦੀ ਯਾਤਰਾ ਕਰਨ ਵਾਲੇ ਲੋਕਾਂ ਨੂੰ ਆਪਣੀ ਯਾਤਰਾ ਦੇ ਪ੍ਰਬੰਧ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਵੀਜ਼ੇ ਦੀ ਪ੍ਰਾਪਤੀ ਹੋ ਸਕੇ। ਨਿਊਜ਼ੀਲੈਂਡ ਦੇ ਲੋਕ ਇਸ ਗਰਮੀਆਂ ਵਿੱਚ ਦੁਨੀਆ ਭਰ ਦੇ ਦੋਸਤਾਂ, ਪਰਿਵਾਰ ਅਤੇ ਸੈਲਾਨੀਆਂ ਦਾ ਸੁਆਗਤ ਕਰਨ ਲਈ ਉਤਸੁਕ ਰਹਿੰਦੇ ਹਨ। ਇਸ ਲਈ ਅਸੀਂ ਇਹ ਕਹਿ ਰਹੇ ਹਾਂ ਕਿ ਜੋ ਵੀ ਵਿਅਕਤੀ ਕ੍ਰਿਸਮਸ ਲਈ ਨਿਊਜ਼ੀਲੈਂਡ ਜਾਣ ਦੀ ਯੋਜਨਾ ਬਣਾ ਰਿਹਾ ਹੈ, ਉਹ 15 ਅਕਤੂਬਰ 2024 ਤੋਂ ਪਹਿਲਾਂ-ਪਹਿਲਾਂ ਆਪਣੀਆਂ ਅਰਜ਼ੀਆਂ ਜਮ੍ਹਾ ਕਰਾਉਣ। ਚੀਨੀ ਨਵੇਂ ਸਾਲ ਅਤੇ ਨਵੇਂ ਸਾਲ ਮੌਕੇ ਯਾਤਰਾ ਕਰਨ ਵਾਲੇ ਵਿਅਕਤੀ 15 ਨਵੰਬਰ 2024 ਤੋਂ ਪਹਿਲਾਂ ਆਪਣੀ ਅਰਜ਼ੀ ਜਮ੍ਹਾ ਕਰਵਾਉਣ। ਯਾਤਰੀਆਂ ਨੂੰ ਸਾਰੇ ਲੋੜੀਂਦੇ ਦਸਤਾਵੇਜ਼ਾਂ ਦੇ ਨਾਲ ਪੂਰੀਆਂ ਅਰਜ਼ੀਆਂ ਪ੍ਰਦਾਨ ਕਰਨ ਲਈ ਅਪੀਲ ਕੀਤੀ ਗਈ ਹੈ। ਜਿਨ੍ਹਾਂ ਅਰਜ਼ੀਆਂ ਵਿੱਚ ਸਹਾਇਕ ਦਸਤਾਵੇਜ਼ ਜਾਂ ਅੰਗਰੇਜ਼ੀ ਅਨੁਵਾਦ ਸ਼ਾਮਿਲ ਨਹੀਂ ਹੋਣਗੇ , ਉਹਨਾਂ ਨੂੰ ਅਸਵੀਕਾਰ ਕੀਤੇ ਜਾਣ ਦੀ ਜ਼ਿਆਦਾ ਸੰਭਾਵਨਾ ਹੈ। ਇੱਕ ਪੂਰੀ ਵਿਜ਼ਟਰ ਵੀਜ਼ਾ ਅਰਜ਼ੀ ਛੇਤੀ ਕਰਨ ਦਾ ਮਤਲਬ ਹੈ ਕਿ ਤੁਹਾਨੂੰ ਆਪਣਾ ਵੀਜ਼ਾ ਫੈਸਲਾ ਜਲਦੀ ਪ੍ਰਾਪਤ ਹੋ ਜਾਵੇਗਾ, ਜਿਸ ਨਾਲ ਤੁਸੀਂ ਨਿਊਜ਼ੀਲੈਂਡ ਦੀ ਯਾਤਰਾ ਦੀ ਯੋਜਨਾ ਬਣਾਉਣ ਵਿੱਚ ਵਧੇਰੇ ਸਮਾਂ ਬਿਤਾਉਣ ਦੇ ਯੋਗ ਹੋਵੋਗੇ।'




ਵੈਧ ਪਾਸਪੋਰਟ: ਯਕੀਨੀ ਬਣਾਓ ਕਿ ਤੁਹਾਡਾ ਪਾਸਪੋਰਟ ਨਿਊਜ਼ੀਲੈਂਡ ਤੋਂ ਤੁਹਾਡੀ ਰਵਾਨਗੀ ਤੋਂ ਬਾਅਦ ਘੱਟੋ-ਘੱਟ 3 ਮਹੀਨਿਆਂ ਲਈ ਵੈਧ ਹੋਵੇ। ਲਗਪਗ ਸਾਰੇ ਯਾਤਰੀਆਂ ਦੇ ਪਾਸਪੋਰਟਾਂ 'ਤੇ ਲਾਗੂ ਹੁੰਦਾ ਹੈ।

ਸਾਫ਼ ਤੇ ਸਪਸ਼ਟ ਪਾਸਪੋਰਟ ਸਕੈਨ: ਆਪਣੀ ਵੀਜ਼ਾ ਅਰਜ਼ੀ ਵਿੱਚ ਆਪਣੇ ਪਾਸਪੋਰਟ ਵਿੱਚ ਫੋਟੋ ਪੰਨੇ ਦੀ ਇੱਕ ਸਪਸ਼ਟ, ਸਕੈਨ ਕੀਤੀ ਕਾਪੀ ਸ਼ਾਮਲ ਕਰੋ।

ਸਵੀਕਾਰਯੋਗ ਫੋਟੋ: ਪ੍ਰੋਸੈਸਿੰਗ ਦੇਰੀ ਤੋਂ ਬਚਣ ਲਈ ਖਾਸ ਲੋੜਾਂ ਨੂੰ ਪੂਰਾ ਕਰਨ ਵਾਲੀ ਫੋਟੋ ਪ੍ਰਦਾਨ ਕਰੋ।

ਸਟੀਕ ਵੇਰਵੇ: ਆਪਣੀ ਨਿੱਜੀ ਜਾਣਕਾਰੀ, ਜਿਵੇਂ ਕਿ ਨਾਮ, ਪਾਸਪੋਰਟ ਨੰਬਰ ਅਤੇ ਜਨਮ ਮਿਤੀ ਦੀ ਦੋ ਵਾਰ ਜਾਂਚ ਕਰੋ।

ਅਸਲ ਉਦੇਸ਼: ਦਸਤਾਵੇਜ਼ ਜਮ੍ਹਾ ਕਰੋ ਜੋ ਅਸਥਾਈ ਤੌਰ 'ਤੇ ਨਿਊਜ਼ੀਲੈਂਡ ਜਾਣ ਅਤੇ ਬਾਅਦ ਵਿੱਚ ਘਰ ਵਾਪਸ ਜਾਣ ਦੇ ਤੁਹਾਡੇ ਇਰਾਦੇ ਅਤੇ ਉਦੇਸ਼ ਨੂੰ ਦਰਸਾਉਂਦੇ ਹਨ।

ਅੰਗਰੇਜ਼ੀ ਦਸਤਾਵੇਜ਼: ਅੰਗਰੇਜ਼ੀ ਵਿੱਚ ਸਹਾਇਕ ਦਸਤਾਵੇਜ਼ ਪ੍ਰਦਾਨ ਕਰੋ ਜਾਂ ਗੈਰ-ਅੰਗਰੇਜ਼ੀ ਦਸਤਾਵੇਜ਼ਾਂ ਲਈ ਅੰਗਰੇਜ਼ੀ ਅਨੁਵਾਦ ਪ੍ਰਦਾਨ ਕਰੋ। ਵਰਨਣਯੋਗ ਹੈ ਕਿ ਫੀਸਾਂ ਅਤੇ ਲੇਵੀਜ਼ ਦੇ ਵੀਜ਼ਾ ਖਰਚਿਆਂ ਵਿੱਚ ਵਾਧਾ 1 ਅਕਤੂਬਰ 2024 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਵਿਜ਼ਟਰ ਵੀਜਾ ਬੈਂਡ-ਏ ਵਾਲੀ ਫੀਸ ਹੁਣ 190 ਤੋਂ ਵੱਧ ਕੇ 300 ਡਾਲਰ ਹੋਣ ਜਾ ਰਹੀ ਹੈ। ਲੈਵੀ 21 ਡਾਲਰ ਤੋਂ ਵਧ ਕੇ 41 ਡਾਲਰ ਹੋ ਰਹੀ ਹੈ। ਪੈਸੇਫਿਕ ਲੋਕਾਂ ਵਾਸਤੇ ਇਹ ਫੀਸ 175 ਡਾਲਰ ਅਤੇ 41 ਡਾਲਰ ਰਹੇਗੀ।

### ਅਮਰੀਕੀ ਚੋਣਾਂ

# ਇਕ ਤਾਜ਼ਾ ਸਰਵੇ ਵਿਚ ਕਮਲਾ ਹੈਰਿਸ ਨੇ ਡੋਨਲਡ ਟਰੰਪ ਨੂੰ 4% ਵੋਟਾਂ ਨਾਲ ਪਛਾੜਿਆ

## ਔਰਤਾਂ ਤੇ ਹਿਸਪੈਨਿਕਸ ਵੋਟਰਾਂ ਵਿਚ ਉਪ ਰਾਸ਼ਟਰਪਤੀ ਪ੍ਰਤੀ ਸਮਰਥਨ ਵਧਿਆ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਇਕ ਤਾਜ਼ਾ ਸਰਵੇ ਵਿਚ ਰਾਸ਼ਟਰਪਤੀ ਅਹੁੱਦੇ ਲਈ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਨੇ ਰਿਪਬਲੀਕਨ ਉਮੀਦਵਾਰ ਡੋਨਲਡ ਟਰੰਪ ਨੂੰ 4% ਵੋਟਾਂ ਨਾਲ ਪਛਾੜ ਦਿੱਤਾ ਹੈ। ਰਾਈਟਰ-ਇਪਸੋਸ ਵੱਲੋਂ ਪਿਛਲੇ 8 ਦਿਨਾਂ ਦੌਰਾਨ ਕੀਤੇ ਸਰਵੇ ਜੋ 29 ਅਗਸਤ ਨੂੰ ਪ੍ਰਕਾਸ਼ਿਤ ਹੋਇਆ, ਅਨੁਸਾਰ ਹੈਰਿਸ ਨੂੰ 45% ਲੋਕਾਂ ਦਾ ਸਮਰਥਨ ਮਿਲਿਆ ਹੈ ਜਦ ਕਿ ਡੋਨਲਡ ਟਰੰਪ ਨੂੰ 41% ਲੋਕਾਂ ਨੇ ਸਮਰਥਨ ਦਿੱਤਾ ਹੈ। ਸਰਵੇ ਅਨੁਸਾਰ ਹੈਰਿਸ ਵੋਟਰਾਂ ਵਿਚ ਨਵਾਂ ਜੋਸ਼ ਭਰਨ ਵਿਚ ਸਫਲ ਹੋਈ ਹੈ ਤੇ ਉਹ ਰਾਸ਼ਟਰਪਤੀ ਦੀ ਦੌੜ ਵਿਚ ਟਰੰਪ ਨਾਲੋਂ ਅੱਗੇ ਚੱਲ ਰਹੀ ਹੈ। ਪਿਛਲੇ ਮਹੀਨੇ ਜੁਲਾਈ ਦੇ ਆਖਰ ਵਿਚ ਰਜਿਸਟਰਡ ਵੋਟਰਾਂ 'ਤੇ ਕੀਤੇ ਸਰਵੇ ਵਿਚ ਸਾਬਕਾ ਰਾਸ਼ਟਰਪਤੀ ਦੀ ਤੁਲਨਾ ਵਿੱਚ ਉਪ ਰਾਸ਼ਟਰਪਤੀ ਕੇਵਲ 1% ਵੋਟਾਂ ਨਾਲ ਅੱਗੇ ਸੀ। ਤਾਜ਼ਾ ਸਰਵੇ ਜੋ 28 ਅਗਸਤ ਨੂੰ ਮੁਕੰਮਲ ਹੋਇਆ ਹੈ, ਵਿਚ 2% ਅੰਕਾਂ ਦੀ ਗਲਤੀ ਦੀ ਸੰਭਾਵਨਾ ਰਖੀ ਗਈ ਹੈ। ਸਰਵੇ ਅਨੁਸਾਰ 49% ਔਰਤਾਂ ਤੇ ਹਿਸਪੈਨਿਕਸ ਵੋਟਰਾਂ ਨੇ ਹੈਰਿਸ ਨੂੰ ਸਮਰਥਨ ਦਿੱਤਾ ਹੈ ਜਦ ਕਿ 36% ਟਰੰਪ ਦੇ ਹੱਕ ਵਿਚ ਹਨ। ਜੁਲਾਈ ਦੇ ਸਰਵੇ ਵਿਚ ਔਰਤਾਂ ਵੋਟਰਾਂ ਵਿੱਚ ਹੈਰਿਸ 9% ਵੋਟਾਂ ਨਾਲ ਅੱਗੇ ਸੀ ਜਦ ਕਿ ਹਿਸਪੈਨਿਕਸ ਵੋਟਰਾਂ ਵਿਚ ਟਰੰਪ ਨਾਲੋਂ 6% ਵੋਟਾਂ ਨਾਲ ਅੱਗੇ ਸੀ। ਜੁਲਾਈ ਵਿਚ ਟਰੰਪ ਗੋਰੇ ਵੋਟਰਾਂ ਤੇ ਮਰਦ ਵੋਟਰਾਂ ਵਿਚ ਇਸ ਅੰਤਰ ਨਾਲ ਹੀ ਅੱਗੇ ਸੀ। ਤਾਜ਼ਾ ਸਰਵੇ ਵਿਚ ਬਿਨਾਂ ਕਾਲਜ ਡਿਗਰੀ ਵੋਟਰਾਂ ਵਿੱਚ ਟਰੰਪ ਦੀ ਬੜਤ 14% ਤੋਂ ਘੱਟ ਕੇ 7% ਰਹਿ ਗਈ ਹੈ। ਇਕ ਲਿਬਰਲ ਗਰੁੱਪ ਸ਼ੀ ਦ ਪਿਉਪਲ ਦੇ ਸੰਸਥਾਪਕ ਏਮੀ ਐਲੀਸਨ ਦਾ ਕਹਿਣਾ ਹੈ ਕਿ ਇਸ ਸਰਵੇ ਵਿਚ ਲੋਕ ਅਤੀਤ ਦੀ ਬਜਾਏ ਆਪਣੇ ਭਵਿੱਖ ਨੂੰ ਲੈ ਕੇ ਜਿਆਦਾ ਫਿਕਰਮੰਦ ਹਨ। ਉਹ ਕਮਲਾ ਹੈਰਿਸ ਵਿਚ ਆਪਣਾ ਭਵਿੱਖ ਵੇਖ ਰਹੇ ਹਨ ਜਦ ਕਿ ਰਿਪਬਲੀਕਨ ਇਨਾਂ ਚੋਣਾਂ ਵਿਚ ਕੇਵਲ ਟਰੰਪ ਤੱਕ ਸੀਮਿਤ ਹਨ। ਸਰਵੇ ਤਹਿਤ ਰਾਸ਼ਟਰ ਪੱਧਰ 'ਤੇ 3562 ਰਜਿਸਟਰਡ ਵੋਟਰਾਂ ਸਮੇਤ 4253 ਵੋਟਰਾਂ ਨੇ ਸਪੱਸ਼ਟ ਰੂਪ ਵਿਚ ਆਪਣੀ ਚੋਣ ਦੱਸੀ।

# ਮਹਾਤਮਾ ਗਾਂਧੀ ਸੈਂਟਰ ਔਕਲੈਂਡ ਵਿਖੇ 5 ਸਤੰਬਰ ਨੂੰ ਅਸਥਾਈ ਤੌਰ 'ਤੇ ਖੁੱਲ੍ਹੇਗਾ ਹਾਈ ਕਮਿਸ਼ਨ ਦਾ ਦਫ਼ਤਰ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** 5 ਸਤੰਬਰ ਨੂੰ ਭਾਰਤ ਦੇ ਵਿਚ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ ਅਤੇ ਔਕਲੈਂਡ ਵਾਲਿਆਂ ਦੇ ਲਈ ਵੀ ਇਹ ਦਿਨ ਇਤਿਹਾਸਕ ਹੋਣ ਜਾ ਰਿਹਾ ਹੈ। ਵੀਰਵਾਰ 5 ਸਤੰਬਰ ਨੂੰ ਮਹਾਤਮਾਂ ਗਾਂਧੀ ਸੈਂਟਰ ਵਿਖੇ ਭਾਰਤੀ ਹਾਈ ਕਮਿਸ਼ਨ ਦਾ ਦੂਜਾ ਦਫ਼ਤਰ ਖੁੱਲ੍ਹਣ ਜਾ ਰਿਹਾ ਹੈ। ਸ਼ੁਰੂ ਦੇ ਵਿਚ ਇਹ ਅਸਥਾਈ ਤੌਰ ਉਤੇ ਸ਼ੁਰੂ ਕੀਤਾ ਜਾ ਰਿਹਾ ਹੈ। ਇਥੇ ਪਾਸਪੋਰਟ ਅਤੇ ਓ। ਸੀ। ਆਈ ਵਾਲੀਆਂ ਸਹੂਲਤਾਂ ਉਪਲਬਧ ਹੋਣਗੀਆਂ। ਸਵੇਰੇ 9.30 ਤੋਂ 1 ਵਜੇ ਤੱਕ ਅਰਜ਼ੀਆਂ ਲੈਣਗੇ ਅਤੇ ਸ਼ਾਮ 4 ਤੋਂ 5 ਵਜੇ ਤੱਕ ਪਾਸਪੋਰਟ ਜਾਂ ਹੋਰ ਕਾਗਜ਼ ਵਾਪਿਸ ਦਿਆ ਕਰਨਗੇ




SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਗਦਰੀ ਬਾਬਿਆਂ ਦੀ ਮਿੱਠੀ ਯਾਦ ਨੂੰ ਸਮਰਪਿਤ ਫਰਿਜ਼ਨੋ ਵਿਖੇ ਮੇਲਾ 20 ਅਕਤਬਰ ਨੂੰ

**ਫਰਿਜ਼ਨੋ (ਕੈਲੀਫੋਰਨੀਆਂ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)–** ਗਦਰੀ ਬਾਬਿਆਂ ਦਾ ਦੇਸ਼ ਦੀ ਅਜ਼ਾਦੀ ਲਈ ਵੱਡਾ ਯੋਗਦਾਨ ਰਿਹਾ ਹੈ। ਉਹਨਾਂ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕਰਦਿਆਂ ਦੇਸ਼ ਵਿਦੇਸ਼ ਵਿੱਚ ਵੱਡੇ ਸਮਾਗਮ ਕਰਵਾਏ ਜਾਂਦੇ ਹਨ। ਇਸੇ ਕੜੀ ਤਹਿਤ ਫਰਿਜ਼ਨੋ ਦੀ ਗਦਰੀ ਬਾਬਿਆਂ ਨੂੰ ਸਮਰਪਿਤ ਜਥੇਬੰਦੀ ਇੰਡੋ ਯੂ। ਐਸ। ਹੈਰੀਟੇਜ਼ ਵੱਲੋ 20 ਅਕਤੂਬਰ ਦਿਨ ਐਂਤਵਾਰ ਨੂੰ ਸਥਾਨਿਕ ਟਿੱਲ੍ਹ ਐਲੀਮੈਂਟਰੀ ਸਕੂਲ ਦੇ ਈਵੈਂਟ ਸੈਂਟਰ ਵਿਖੇ ਗਦਰੀ ਬਾਬਿਆਂ ਦੀ ਯਾਦ ਵਿੱਚ ਹੋਣ ਜਾ ਰਿਹਾ ਹੈ। ਇਹ ਮੇਲਾ ਸ਼ਾਮੀ 2 ਤੋਂ 5 ਵਜੇ ਦਰਮਿਆਨ ਹੋਵੇਗਾ। ਇਸ ਮੇਲੇ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਜਥੇਬੰਦੀ ਦੇ ਮੈਂ-ਬਰਾ ਦੀ ਮੀਟਿੰਗ ਸਥਾਨਕ ਬਰਾੜ ਫਾਰਮ ਵਿਖੇ ਹੋਈ ਜਿੱਥੇ ਉਹਨਾਂ ਪੱਤਰਕਾਰਾਂ ਦੇ ਰੂਬਰੂ ਹੁੰਦਿਆਂ ਦੱਸਿਆ ਕਿ, ਇਸ ਮੇਲੇ ਵਿੱਚ ਸ਼ਿਰਕਤ ਕਰਨ ਲਈ ਕੀ ਸਪੀਕਰ ਦੇ ਤੌਰ ਤੇ ਪੱਤਰਕਾਰ ਪਰਮਵੀਰ ਸਿੰਘ ਬਾਠ ਉਚੇਚੇ ਤੌਰ ਤੇ ਕਨੇਡਾ ਤੋ ਪਹੁੰਚ ਰਹੇ ਹਨ। ਇਸ ਮੌਕੇ ਗਿੱਧੇ-ਭੰਗੜੇ ਅਤੇ ਸਕਿੱਟਾਂ ਤੋਂ ਇਲਾਵਾ ਲੋਕਲ ਕਲਾਕਾਰ ਜਿੰਨਾ ਵਿੱਚ ਗੁਰਦੀਪ ਕੁੱਸਾ, ਗੋਗੀ ਸੰਧੂ, ਅਵਤਾਰ ਗਰੇਵਾਲ, ਪੱਪੀ ਭਦੌੜ, ਬੀਬੀ ਦਿਲਪ੍ਰੀਤ ਕੌਰ, ਕਮਲਜੀਤ ਬੈਨੀਪਾਲ ਆਦਿ ਗਾਇਕ ਦੇਸ਼ ਭਗਤੀ ਦੇ ਗੀਤਾ ਨਾਲ ਹਾਜ਼ਰੀ ਭਰਨਗੇ। ਚਾਹ ਪਕੌੜਿਆ ਦਾ ਲੰਗਰ ਅਤੁੱਟ ਵਰਤੇਗਾ। ਇਸ ਮੌਕੇ ਪ੍ਰਬੰਧਕ ਵੀਰਾ ਨੇ ਸਭਨਾਂ ਨੂੰ ਹੁੰਮ ਹੰਭਾਂਕੇ ਪਹੁੰਚਣ ਦੀ ਸਨਿਮਰ ਬੇਨਤੀ ਵੀ ਕੀਤੀ। ਉਹਨਾਂ ਕਿਹ ਕਿ ਮੇਲੇ ਦੀ ਇੰਟਰੀ ਬਿਲਕੁਲ ਫ੍ਰੀ ਹੈ, ਅਤੇ ਗਰਮੀ ਨੂੰ ਮੁੱਖ ਰੱਖਦਿਆਂ ਇਹ ਮੇਲਾ ਇੰਨਡੋਰ ਏਸੀ ਹਾਲ ਅੰਦਰ ਕਵਾਇਆ ਜਾਵੇਗਾ। ਇਹ ਮੇਲਾ ਚਾਚਾ ਅਜੀਤ ਸਿੰਘ ਅਤੇ ਹੋਰ ਗਦਰੀਆਂ ਦੀ ਯਾਦ ਨੂੰ ਸਮਰਪਿਤ ਹੋਵੇਗਾ। ਮੇਲੇ ਦੌਰਾਨ ਗਦਰੀ ਬਾਬਿਆਂ ਦੀ ਪ੍ਰਦਰਸ਼ਨੀ ਖਾਸ ਖਿੱਚ ਦਾ ਕੇਂਦਰ ਰਹੇਗੀ।



# ਕੇਂਦਰ ਤੇ ਸੂਬਾ ਸਰਕਾਰ ਖਿਲਾਫ਼ ਕਿਸਾਨ ਇੱਕਜੁੱਟ

**ਚੰਡੀਗੜ੍ਹ–** ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਰਾਜਧਾਨੀ ਚੰਡੀਗੜ੍ਹ ਵਿੱਚ ਵੱਡੇ ਇਕੱਠ ਕੀਤੇ। ਸੰਯੁਕਤ ਕਿਸਾਨ ਮੋਰਚਾ (ਐੱਸਕੇਐੱਮ) ਦੇ ਬੈਨਰ ਹੇਠ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਪੰਜਾਬ ਵਿਧਾਨ ਸਭਾ ਦੇ ਮੌਨਸੂਨ ਇਜਲਾਸ ਦੇ ਪਹਿਲੇ ਦਿਨ ਅੱਜ ਚੰਡੀਗੜ੍ਹ ਵਿਚ ਮਹਾਪੰਚਾਇਤ ਕਰਕੇ ਪੰਜਾਬ ਦੇ ਪਾਣੀ ਤੇ ਖੇਤੀ ਸੰਕਟ ਨਾਲ ਜੁੜੇ ਮਸਲਿਆਂ ਨੂੰ ਪਹਿਲ ਦੇ ਅਧਾਰ ’ਤੇ ਹੱਲ ਕਰਨ ਦੀ ਮੰਗ ਕੀਤੀ। ਦੂਜੇ ਪਾਸੇ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਸੈਕਟਰ-34 ਦੇ ਮੇਲਾ ਗਰਾਊਂਡ ਵਿੱਚ ਖੇਤੀ ਨੀਤੀ ਨੂੰ ਲੈ ਕੇ ਪੰਜ ਰੋਜ਼ਾ ‘ਖੇਤੀ ਨੀਤੀ ਮੋਰਚਾ’ ਲਗਾਇਆ ਗਿਆ। ਐੱਸਕੇਐੱਮ ਵੱਲੋਂ ਵੀ ਸੈਕਟਰ-34 ਵਿੱਚ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸਾਹਮਣੇ ਗਰਾਊਂਡ ’ਚ ਕਿਸਾਨ ਮਹਾਪੰਚਾਇਤ ਕੀਤੀ ਗਈ। ਇਸ ਮੌਕੇ ਪੰਜਾਬ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨ, ਕਿਸਾਨ, ਮਜ਼ਦੂਰ, ਬੀਬੀਆਂ ਤੇ ਬਜ਼ੁਰਗ ਪਹੁੰਚੇ, ਜਿਨ੍ਹਾਂ ਨੇ ਪੰਜਾਬ ਦੇ ਪਾਣੀ ਅਤੇ ਖੇਤੀ ਸੰਕਟ ਨਾਲ ਜੁੜੇ ਮੁੱਦਿਆਂ ਨੂੰ ਪਹਿਲ ਦੇ ਆਧਾਰ ’ਤੇ ਹੱਲ ਕਰਨ ਦੀ ਮੰਗ ਕੀਤੀ। ਕਿਸਾਨ ਆਗੂਆਂ ਨੇ ਸਟੇਜ ਤੋਂ ਜਿੱਥੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੂੰ ਏਕੇ ਦਾ ਹੋਕਾ ਦਿੱਤਾ, ਉੱਥੇ ਸੂਬਾ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ ’ਤੇ ਹੱਲ ਨਾ ਕੀਤਾ ਗਿਆ ਤਾਂ ਸੂਬਾ ਸਰਕਾਰ ਵਿਰੁੱਧ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਕਿਸਾਨ ਆਗੂ ਰਾਕੇਸ਼ ਟਿਕੈਤ, ਬਲਬੀਰ ਸਿੰਘ ਰਾਜੇਵਾਲ, ਡਾ. ਦਰਸ਼ਨਪਾਲ, ਪ੍ਰੇਮ ਸਿੰਘ ਭੰਗੂ, ਰੁਲਦੂ ਸਿੰਘ ਮਾਨਸਾ, ਮਲੂਕ ਸਿੰਘ ਹਰੀਕੇ, ਜੰਗਬੀਰ ਸਿੰਘ ਚੌਹਾਨ, ਮਨਜੀਤ ਸਿੰਘ ਧਨੇਰ, ਸਤਨਾਮ ਸਿੰਘ ਅਜਨਾਲਾ, ਬਲਦੇਵ ਸਿੰਘ ਨਿਹਾਲਗੜ੍ਹ, ਬੂਟਾ ਸਿੰਘ ਬੁਰਜਗਿੱਲ, ਰਮਿੰਦਰ ਸਿੰਘ ਪਟਿਆਲਾ ਤੇ ਹੋਰਨਾਂ ਕਿਸਾਨ ਆਗੂਆਂ ਨੇ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿੱਗ ਰਹੇ ਪੱਧਰ ਅਤੇ ਦਰਿਆਵਾਂ ਨੂੰ ਦੂਸ਼ਿਤ ਕੀਤੇ ਜਾਣ ਤੋਂ ਰੋਕਣ ਲਈ ਜਲ ਨੀਤੀ ਬਣਾਉਣ ਦੀ ਮੰਗ ਕੀਤੀ। ਪੰਜਾਬੀਆਂ ਨੂੰ ਹਰ ਖੇਤ ਤੱਕ ਨਹਿਰੀ ਪਾਣੀ ਅਤੇ ਹਰ ਘਰ ਨੂੰ ਪੀਣ ਵਾਲਾ ਸਾਫ ਨਹਿਰੀ ਪਾਣੀ ਦੇਣ ਦੀ ਮੰਗ ਕੀਤੀ। ਇਸ ਦੇ ਨਾਲ ਹੀ ਪੰਜਾਬ ਸਰਕਾਰ ਤੋਂ ਪਾਣੀ ਦੀ ਘੱਟ ਖਪਤ ਵਾਲੀਆਂ ਫਸਲਾਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਤੇ ਬਾਸਮਤੀ ਸਮੇਤ ਸਾਰੀਆਂ ਫਸਲਾਂ ਦੀ ਐੱਮਐੱਸਪੀ ’ਤੇ ਖਰੀਦ ਦੀ ਗਾਰੰਟੀ ਦੇਣ ਦੀ ਮੰਗ ਕੀਤੀ ਗਈ। ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਤੋਂ ਪੰਜਾਬ ਨੂੰ ਵਿਸ਼ੇਸ਼ ਵਿੱਤੀ ਪੈਕਜ ਦੇਣ ਅਤੇ ਅਟਾਰੀ ਤੇ ਹੁਸੈਨੀਵਾਲਾ ਸਰਹੱਦੀ ਸੜਕੀ ਲਾਂਘੇ ਖੋਲ੍ਹਣ ਦੀ ਮੰਗ ਵੀ ਕੀਤੀ। ਇਸ ਮੌਕੇ ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਿੰਸੀਪਲ ਸਕੱਤਰ ਕੁਮਾਰ ਅਮਿਤ ਨੇ ਮਹਾਪੰਚਾਇਤ ਦੀ ਸਟੇਜ ’ਤੇ ਆ ਕੇ ਸੰਯੁਕਤ ਕਿਸਾਨ ਮੋਰਚਾ ਦਾ ਮੰਗ ਪੱਤਰ ਪ੍ਰਾਪਤ ਕੀਤਾ ਅਤੇ ਜਲਦ ਹੀ ਮੋਰਚੇ ਦੇ ਆਗੂਆਂ ਦੀ ਮੁੱਖ ਮੰਤਰੀ ਨਾਲ ਪੈਨਲ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ।



# ਫਰਿਜ਼ਨੋ ਨਿਵਾਸੀ ਸ. ਹਰਜਿੰਦਰ ਸਿੰਘ ਬਿਰਦੀ ਦੇ ਅਕਾਲ ਚਲਾਣੇ ‘ਤੇ ਸਮੂੰਹ ਬਿਰਦੀ ਪਰਿਵਾਰ ਨੂੰ ਭਾਰੀ ਸਦਮਾ

**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਬੀਤੇ ਦਿਨੀ ਫਰਿਜ਼ਨੋ ਨਿਵਾਸੀ ਸ। ਹਰਜਿੰਦਰ ਸਿੰਘ ਬਿਰਦੀ (ਕਾਕਾ ਭਾਜੀ) ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ 31 ਅਗਸਤ, ਦਿਨ ਸ਼ਨੀਵਾਰ ਨੂੰ ਅਕਾਲ ਚਲਾਣਾ ਕਰ ਗਏ ਸਨ। ਇਸ ਸਮੇਂ ਉਨ੍ਹਾਂ ਦੀ ਉਮਰ 64 ਸਾਲ ਸੀ। ਉਨ੍ਹਾਂ ਦਾ ਪੰਜਾਬ ਤੋਂ ਪਿਛਲਾ ਪਿੰਡ ਸਵੱਦੀ ਕਲਾ ਸੀ, ਜੋ ਜਿਲ੍ਹਾਂ ਲੁਧਿਆਣਾ ਵਿੱਚ ਹੈ। ਸਵ: ਹਰਜਿੰਦਰ ਸਿੰਘ ਬਿਰਦੀ ਪਿਛਲੇ ਲੰਮੇ ਅਰਸੇ ਤੋਂ ਆਪਣੇ ਪਰਿਵਾਰ ਸਮੇਤ ਫਰਿਜ਼ਨੋ ਵਿਖੇ ਲਗਭਗ ਪਿਛਲੇ 40 ਸਾਲ ਤੋਂ ਰਹਿ ਰਹੇ ਸਨ। ਜਿੰਨ੍ਹਾਂ ਦਾ ਟਰੱਕਿੰਗ ਦਾ ਕਾਰੋਬਾਰ ਸੀ। ਇਹ ਸਾਰੇ ਇਲਾਕੇ ਵਿੱਚ ਪੰਜਾਬੀ ਭਾਈਚਾਰੇ ਦੀ ਸਤਿਕਾਰਯੋਗ ਸ਼ਖਸੀਅਤ ਸਨ। ਇਹ ਆਪਣੇ ਪਰਿਵਾਰਕ ਮੈਬਰਾਂ ਵਿੱਚ ਪਤਨੀ ਪਰਮਜੀਤ ਕੌਰ ਬਿਰਦੀ ਤੋਂ ਇਲਾਵਾ ਦੋ ਧੀਆਂ, ਵੀਰਤਾ ਬਿਰਦੀ ਅਤੇ ਹਰਪ੍ਰੀਤ ਬਿਰਦੀ ਨੂੰ ਛੱਡ ਗਏ ਹਨ। ਇੰਨ੍ਹਾਂ ਦਾ ਅੰਤਮ ਸੰਸ਼ਕਾਰ ਅਤੇ ਸਰਧਾਜ਼ਲੀਆਂ ਦੀ ਰਸ਼ਮ 8 ਸਤੰਬਰ, ਦਿਨ ਐਤਵਾਰ ਨੂੰ “ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ” ਵਿਖੇ ਸਵੇਰੇ 11 ਵਜ਼ੇ ਤੋਂ 1 ਵਜ਼ੇ ਹੋਵੇਗੀ। ਜਿਸ ਦਾ ਪਤਾ: 4800 E. Clayton Ave, Fowler, CA-93625 ਹੈ। ਇਸ ਉਪਰੰਤ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ “ਗੁਰਦੁਆਰਾ ਸਿੰਘ ਸਭਾ” ਫਰਿਜ਼ਨੋ ਵਿਖੇ ਬਾਅਦ ਦੁਪਹਿਰ 2:00 ਵਜ਼ੇ ਤੋਂ 4:00 ਵਜ਼ੇ ਤੱਕ ਹੋਵੇਗੀ। ਗੁਰੂਘਰ ਦਾ ਪਤਾ: 4827 N. Parkway Drive, Fresno, CA-93722 ਹੈ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੀ ਪਤਨੀ ਪਰਮਜੀਤ ਕੌਰ ਨਾਲ ਫੋਨ ਨੰਬਰ: (559) 709-4000 ਜਾਂ (559) 217-5000, ਇਸ ਤੋਂ ਇਲਾਵਾ ਸ. ਕੇਵਲ ਸਿੰਘ (ਜੀਜਾ) ਫੋਨ: (707) 208-4931 ਉਪਰ ਸੰਪਰਕ ਕੀਤਾ ਜਾ ਸਕਦਾ ਹੈ। ਇਸ ਦੁੱਖ ਦੀ ਘੜੀ ਵਿੱਚ ਪਰਮਾਤਮਾ ਅੱਗੇ ਅਰਦਾਸ ਹੈ ਕਿ ਸਵ। ਹਰਜਿੰਦਰ ਸਿੰਘ ਬਿਰਦੀ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।






# ਨਿਊਜ਼ੀਲੈਂਡ ਦੀ ਪ੍ਰਥਮ ਸੋਲੋ ਮਹਿਲਾ ਪਾਇਲਟ 'ਜੀਨ ਬੈਟਨ' ਜਿਸ ਨੇ ਇਕੱਲਿਆਂ ਲੰਬੀਆਂ ਉਡਾਣਾਂ ਉਡੀਆਂ

## ਇੰਗਲੈਂਡ ਤੋਂ ਭਾਰਤ, ਆਸਟਰੇਲੀਆ, ਨਿਊਜ਼ੀਲੈਂਡ ਤੇ ਬ੍ਰਾਜ਼ੀਲ ਦੇ ਲਾਏ ਸੋਲੋ ਗੇੜੇ ਅਤੇ ਤੋੜੇ ਰਿਕਾਰਡ

**ਹਰਜਿੰਦਰ ਸਿੰਘ ਬਸਿਆਲਾ**

ਅਕਸਰ ਲੋਕ ਕੁੜੀਆਂ ਨੂੰ ਕੁੜੀਆਂ-ਚਿੜੀਆਂ ਕਹਿ ਛੱਡਦੇ ਨੇ। ਇਹ ਕੁੜੀਆਂ ਚਿੜੀਆਂ ਕਿੱਡਾ ਉਚਾ ਉਡ ਕੇ ਇਤਿਹਾਸ ਸਿਰਜ ਸਕਦੀਆਂ ਹਨ, ਇਸਦੀ ਕਲਪਨਾ ਇਨ੍ਹਾਂ ਕੁੜੀਆਂ ਦੇ ਮਾਤਾ-ਪਿਤਾ ਜਾਂ ਪਾਰਖੂ ਹੀ ਕਰ ਸਕਦੇ ਹਨ। ਖਾਸ ਕਰ ਮਾਵਾਂ ਚਾਹੁਣ ਤਾਂ ਕੁੜੀਆਂ ਦੀ ਉਡਾਰੀ ਐਨੀ ਉਚੀ ਕਰ ਸਕਦੀਆਂ ਹਨ ਕਿ ਇਤਿਹਾਸ ਸਿਰਜੇ ਜਾਂਦੇ ਹਨ। ਨਿਊਜ਼ੀਲੈਂਡ ਦੀ ਗੱਲ ਕਰੀਏ ਤਾਂ ਇਥੇ ਦੀ ਇਕ ਕੁੜੀ ਜਿਸ ਨੂੰ ਨਿਊਜ਼ੀਲੈਂਡ ਦੀ ਪਹਿਲੀ ਮਹਿਲਾ ਸੋਲੋ ਪਾਇਲਟ ਬਨਣ ਅਤੇ ਵੱਡੇ ਸਨਮਾਨ ਹਾਸਿਲ ਕਰਨ ਦਾ ਮਾਣ ਮਿਲਿਆ ਉਸਦਾ ਨਾਂਅ ਹੈ ਜੀਨ ਬੈਟਨ। ਅੰਤਰਰਾਸ਼ਟਰੀ ਹਵਾਈ ਅੱਡੇ ਉਤੇ ਇਸਦਾ ਜਹਾਜ਼ ਵੀ ਪ੍ਰਦਰਸ਼ਿਤ ਕੀਤਾ ਗਿਆ ਹੈ ਅਤੇ ਇਸਦਾ ਆਦਮ ਕੱਦ ਬੁੱਤ ਵੀ ਉਥੇ ਲਗਾਇਆ ਗਿਆ ਹੈ। ਆਓ ਜਾਣਦੇ ਹਾਂ ਇਸ ਮਹਾਨ ਮਹਿਲਾ ਬਾਰੇ...

ਇਸ ਮਹਿਲਾ ਬਾਰੇ ਇਕ ਲੇਖਕ ਨੇ ਕਿਹਾ ਕਿ ਉਹ ਉਦਾਸੀ ਦੇ ਹਨੇਰੇ ਦਿਨਾਂ ਵਿੱਚ ਮੁਸ਼ਕਲਾਂ ਦੇ ਵਿਰੁੱਧ ਜਿੱਤ ਅਤੇ ਉਮੀਦ ਦਾ ਪ੍ਰਗਟਾਵਾ ਸੀ। ਜੀਨ ਦਾ ਜਨਮ (15 ਸਤੰਬਰ 1909-22 ਨਵੰਬਰ 1882) ਨੂੰ ਰੋਟੋਰੂਆ ਵਿਖੇ ਹੋਇਆ। ਉਸਦਾ ਪੂਰਾ ਨਾਂਅ ਜੇਨ ਗਾਰਡਨਰ ਬੈਟਨ ਸੀ ਪਰ ਇਥੇ ਉਸਨੂੰ ਜੀਨ ਬੈਟਨ ਦੇ ਨਾਂਅ ਨਾਲ ਜਾਣਦੇ ਹਨ। ਜਦੋਂ ਇਸਦਾ ਜਨਮ ਹੋਇਆ ਤਾਂ ਇਕ ਫਰੈਂਚ ਪਾਇਲਟ ਇੰਗਲਿਸ਼ ਚੈਨਲ (ਇੱਕ ਸੰਯੁਕਿਤ ਜਲਮਾਰਗ) ਨੂੰ ਪਾਰ ਕਰਨ ਦਾ ਰਿਕਾਰਡ ਬਣਾਇਆ। ਇਹ ਜਲ ਮਾਰਗ ਇੰਗਲੈਂਡ ਨੂੰ ਉੱਤਰੀ ਫਰਾਂਸ ਤੋਂ ਵੱਖ ਕਰਦਾ ਹੈ। ਇਹ ਅਟਲਾਂਟਿਕ ਮਹਾਂਸਾਗਰ ਦਾ ਹਿੱਸਾ ਹੈ ਅਤੇ ਇਸਦਾ ਪੂਰਬੀ ਅੰਤ ਸਟਰੇਟ ਆਫ ਡੋਵਰ ਦੁਆਰਾ ਉੱਤਰੀ ਸਮੁੰਦਰ ਨਾਲ ਜੁੜਦਾ ਹੈ। ਇਸਦੀ ਲੰਬਾਈ ਲਗਭਗ 560 ਕਿਲੋਮੀਟਰ (350 ਮੀਲ), ਚੌੜਾਈ: ਸਭ ਤੋਂ ਚੌੜਾ ਬਿੰਦੂ 240 ਕਿਲੋਮੀਟਰ (150 ਮੀਲ), ਖੇਤਰਫਲ: 75,000 ਵਰਗ ਕਿਲੋਮੀਟਰ (29,000 ਵਰਗ ਮੀਲ) ਔਸਤ ਗਹਿਰਾਈ: 63 ਮੀਟਰ (207 ਫੁੱਟ) ਹੈ। ਇਹ ਖਬਰ ਜੀਨ ਦੇ ਜਨਮ ਤੋਂ ਕੁਝ ਦਿਨ ਪਹਿਲਾਂ ਛਪੀ ਸੀ। ਜੀਨ ਦੀ ਮਾਂ ਨੇ ਇਹ ਖਬਰ ਕੱਟ ਕੇ ਰੱਖ ਲਈ। ਕੁਝ ਸਮੇਂ ਬਾਅਦ ਜਦੋਂ ਜੀਨ ਦਾ ਜਨਮ ਹੋਇਆ ਤਾਂ ਇਸ ਅਖਬਾਰ ਦੀ ਕਟਿੰਗ ਇਸਦੀ ਮਾਂ ਨੇ ਜੀਨ ਦੇ ਪੰਘੂੜੇ (ਮੰਜੇ) ਨਾਲ ਲਗਾ ਦਿੱਤੀ। ਇਹ ਕਲਪਨਾ ਕਰਨਾ ਮੁਸ਼ਕਿਲ ਹੈ ਕਿ ਉਸ ਸਮੇਂ ਜੀਨ ਦੀ ਮਾਂ ਦੇ ਦਿਲ-ਦਿਮਾਗ ਵਿਚ ਕੀ ਚੱਲ ਰਿਹਾ ਹੋਵੇਗਾ। ਪਰ ਇਹ ਗੱਲ ਸਪਸ਼ਟ ਹੈ ਕਿ ਉਹ ਆਪਣੀ ਧੀ ਨੂੰ ਉਸ ਪਾਇਲਟ ਤੋਂ ਉਚਾ ਉਡਦਾ ਵੇਖਣ ਦੀ ਪ੍ਰਬਲ ਇੱਛਾ ਨੂੰ ਨਾਲ ਹੀ ਜਨਮ ਦੇ ਚੁੱਕੀ ਸੀ। ਇਸਦੇ ਪਿਤਾ ਦੰਦਾ ਦੇ ਡਾਕਟਰ ਫ੍ਰੈਡਰਕ ਬੈਟਨ ਅਤੇ ਮਾਂ ਏਲਿਨ ਸੀ। ਇਨ੍ਹਾਂ ਦੀ ਇਕ ਧੀ ਅਤੇ ਦੋ ਬੇਟੇ ਸਨ। ਜਦੋਂ ਜੀਨ 4 ਸਾਲਾਂ ਦੀ ਹੋਈ ਤਾਂ ਪਰਿਵਾਰ ਔਕਲੈਂਡ ਆ ਗਿਆ। ਉਂਝ ਇਹ ਪਰਿਵਾਰ ਇੰਗਲੈਂਡ ਮੂਲ ਦਾ ਸੀ। ਪਹਿਲੀ ਸੰਸਾਰ ਜੰਗ ਵੇਲੇ ਇਸਦੇ ਪਿਤਾ ਦੀ ਡਿਊਟੀ ਉਧਰ ਲੱਗ ਗਈ, ਇਸਦੀ ਮਾਂ ਕੋਹੀਰਾਮਾ ਵਿਖੇ ਇਸ ਨੂੰ ਸਮੁੰਦਰ ਉਤੇ ਉਡਦੇ ਛੋਟੇ ਜਹਾਜ਼ ਆਦਿ ਦਿਖਾਉਂਦੀ ਅਤੇ ਉਨ੍ਹਾਂ ਵਿਚ ਦਿਲਚਸਪੀ ਪੈਦਾ ਕਰਦੀ। 1920 ਦੇ ਵਿਚ ਇਸਦੀ ਮਾਂ ਦਾ ਤਲਾਕ ਹੋ ਗਿਆ। 1922 ਦੇ ਵਿਚ ਇਸਨੇ ਲੇਡੀਜ਼ ਕਾਲਜ ਰੇਮੂਏਰਾ ਵਿਖੇ ਦਾਖਲਾ ਲਿਆ। ਇਸਨੇ ਸੰਗੀਤ ਵੀ ਸਿੱਖ ਲਿਆ ਅਤੇ ਪਿਆਨੋ ਵੀ ਵਜਾਉਣ ਲੱਗੀ ਅਤੇ ਇਸੇ ਨੂੰ ਆਪਣਾ ਕਰੀਅਰ ਬਨਾਉਣਾ ਚਾਹੁੰਦੀ ਸੀ। ਪਰ ਇਸਦੇ ਸਕੂਲ ਦਾ ਖਰਚਾ ਇਸਦਾ ਪਿਤਾ ਦੇਣ ਲੱਗ ਪਿਆ ਸੀ। 1927 ਦੇ ਵਿਚ ਦੋ ਪਾਇਲਟਾਂ ਨੇ ਸੋਲੋ ਰਿਕਾਰਡ ਬਣਾਏ। ਉਸਨੇ ਪਾਇਲਟ ਚਾਰਲਸ ਲਿੰਡਬਰਗ ਦੇ ਅਟਲਾਂਟਿਕ ਪਾਰ ਕਰਨ ਦੀ ਨਾਨ-ਸਟਾਪ ਉਡਾਣ ਭਰਨ ਦੇ ਕਾਰਨਾਮੇ ਨੂੰ ਪੜ੍ਹਿਆ। ਇਸਨੇ ਹਵਾ ਬਾਜ਼ੀ ਵਿੱਚ ਉਸਦੀ ਬਚਪਨ ਦੀ ਰੁਚੀ ਨੂੰ ਉਤੇਜਿਤ ਕੀਤਾ, ਜੋ ਕਿ 1928 ਵਿੱਚ ਹੋਰ ਉਤੇਜਿਤ ਹੋ ਗਿਆ ਜਦੋਂ ਆਸਟਰੇਲੀਆਈ ਪਾਇਲਟ ਚਾਰਲਸ ਕਿੰਗਸਫੋਰਡ ਸਮਿਥ ਨੇ ਆਪਣੇ ਦੱਖਣੀ ਕਰਾਸ ਫੋਕਰ 6।ੜ99 ਜਹਾਜ਼ ਵਿੱਚ ਆਸਟਰੇਲੀਆ ਤੋਂ ਨਿਊਜ਼ੀਲੈਂਡ ਲਈ ਉਡਾਣ ਭਰੀ। ਬੈਟਨ ਦੇ ਪਿਤਾ ਉਸਨੂੰ ਆਕਲੈਂਡ ਵਿੱਚ ਕਿੰਗਸਫੋਰਡ ਸਮਿਥ ਲਈ ਇੱਕ ਕੀਤੀ ਗਈ




ਰਿਸੈਪਸ਼ਨ ਵਿੱਚ ਲੈ ਗਏ। ਉਸ ਨੂੰ ਮਿਲਣ 'ਤੇ, ਉਸਨੇ ਉੱਡਣਾ ਸਿੱਖਣ ਦੇ ਆਪਣੇ ਇਰਾਦੇ ਦਾ ਐਲਾਨ ਕੀਤਾ, ਜਿਸ ਨੂੰ ਕਿੰਗਸਫੋਰਡ ਸਮਿਥ ਨੇ ਮਜ਼ਾਕ ਸਮਝਿਆ। ਉਸ ਨੂੰ ਅਪਮਾਨਿਤ ਕੀਤਾ ਗਿਆ ਸੀ ਅਤੇ ਮੰਨਿਆ ਜਾਂਦਾ ਹੈ ਕਿ ਬਾਅਦ ਵਿਚ ਉਸ ਨੇ ਆਪਣੀ ਮਾਂ ਸਾਹਮਣੇ ਸਹੁੰ ਖਾਧੀ ਸੀ ਕਿ ਉਹ ਸੱਚਮੁੱਚ ਇਕ ਦਿਨ ਉੱਡ ਕੇ ਵਿਖਾਏਗੀ। ਉਸਨੇ 1929 ਵਿੱਚ ਸਿਡਨੀ ਵਿੱਚ ਛੁੱਟੀਆਂ ਮਨਾਉਣ ਵੇਲੇ ਕਿੰਗਸਫੋਰਡ ਸਮਿਥ ਦੇ ਨਾਲ ਇੱਕ ਫਲਾਈਟ ਲੈ ਕੇ ਇਸਦਾ ਅਨੁਸਰਣ ਕੀਤਾ। ਔਕਲੈਂਡ ਵਾਪਸ ਆਉਣ 'ਤੇ, ਉਸਨੇ ਪਿਆਨੋ ਵਾਦਕ ਜਾਂ ਡਾਂਸਰ ਬਣਨ ਦੀਆਂ ਯੋਜਨਾਵਾਂ ਨੂੰ ਛੱਡ ਕੇ, ਪਾਇਲਟ ਬਣਨ ਦੇ ਆਪਣੇ ਇਰਾਦੇ ਬਾਰੇ ਆਪਣੇ ਪਿਤਾ ਨੂੰ ਸੂਚਿਤ ਕੀਤਾ। ਉਸਨੇ ਇਸ ਨੂੰ ਇੱਕ ਔਰਤ ਲਈ ਇੱਕ ਅਣਉਚਿਤ ਕੈਰੀਅਰ ਵਿਕਲਪ ਮੰਨਦੇ ਹੋਏ, ਮਨਜ਼ੂਰੀ ਨਹੀਂ ਦਿੱਤੀ ਅਤੇ ਪਾਇਲਟ ਦੀ ਪੜ੍ਹਾਈ ਕਰਨ ਦੇ ਲਈ ਭੁਗਤਾਨ ਕਰਨ ਤੋਂ ਇਨਕਾਰ ਕਰ ਦਿੱਤਾ।

ਪਰ ਜੀਨ ਬੈਟਨ ਦੀ ਮਾਂ ਨੇ ਉਸਨੂੰ ਉਤਸ਼ਾਹਿਤ ਕੀਤਾ ਅਤੇ ਉੱਡਣਾ ਸਿੱਖਣ ਲਈ ਇੰਗਲੈਂਡ ਜਾਣ ਦਾ ਫੈਸਲਾ ਕੀਤਾ। ਬਹਾਨੇ ਵਜੋਂ, ਉਸਨੇ ਆਪਣੇ ਪਿਤਾ ਨੂੰ ਦੱਸਿਆ ਕਿ ਉਹ ਰਾਇਲ ਕਾਲਜ ਆਫ਼ ਮਿਊਜ਼ਿਕ ਵਿੱਚ ਹੋਰ ਸਿੱਖਣ ਜਾ ਰਹੀ ਹੈ, ਹਾਲਾਂ ਕਿ ਉਸਨੇ ਬਾਅਦ ਵਿੱਚ ਦਾਅਵਾ ਕੀਤਾ ਕਿ ਉਹ ਉਸਦੇ ਅਸਲ ਇਰਾਦਿਆਂ ਬਾਰੇ ਜਾਣਦਾ ਸੀ। ਬੈਟਨ ਕੋਲ ਇੱਕ ਪਿਆਨੋ ਸੀ ਜੋ ਉਸਨੇ ਆਪਣੇ ਅਤੇ ਆਪਣੀ ਮਾਂ ਲਈ ਇੰਗਲੈਂਡ ਦੀ ਯਾਤਰਾ ਲਈ ਫੰਡ ਇਕੱਠਾ ਕਰਨ ਲਈ ਵੇਚ ਦਿੱਤੀ ਸੀ। ਕੁਝ ਸਾਲਾਂ ਬਾਅਦ ਇੱਕ ਅਖਬਾਰ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ, ਏਲਨ ਬੈਟਨ ਨੇ ਦਾਅਵਾ ਕੀਤਾ ਕਿ ਉਸ ਕੋਲ ਜਾਇਦਾਦ ਸੀ ਜੋ ਉਸਦੀ ਧੀ ਦੇ ਫੰਡਾਂ ਨੂੰ ਪੂਰਾ ਕਰਨ ਲਈ ਵੇਚੀ ਗਈ ਸੀ। ਉਸਦੇ ਪਿਤਾ ਨੇ ਉਸਦੀ ਸੰਗੀਤਕ ਪੜ੍ਹਾਈ ਵਿੱਚ ਉਸਦੀ ਸਹਾਇਤਾ ਕਰਨ ਲਈ ਇੱਕ ਭੱਤਾ ਜਰੂਰ ਪ੍ਰਦਾਨ ਕੀਤਾ ਸੀ। ਬੈਟਨ ਅਤੇ ਉਸਦੀ ਮਾਂ ਨੇ 1930 ਦੇ ਸ਼ੁਰੂ ਵਿੱਚ ਨਿਊਜ਼ੀਲੈਂਡ ਛੱਡ ਦਿੱਤਾ ਸੀ ਤੇ ਇੰਗਲੈਂਡ ਚਲੇ ਗਈਆਂ। ਲੰਡਨ ਪਹੁੰਚਣ 'ਤੇ, ਦੋਵਾਂ ਨੂੰ ਸ਼ਹਿਰ ਦੇ ਵੈਸਟ ਐਂਡ ਵਿੱਚ ਜੇਮਸ ਸਟਰੀਟ 'ਤੇ ਇੱਕ ਕਮਰਾ ਮਿਲਿਆ। ਇਥੇ ਜਿਸ ਕੋਲ ਇਹ ਕੰਮ ਕਰਦੀ ਸੀ, ਉਸਨੇ ਵੇਖਿਆ ਕਿ ਇਨ੍ਹਾਂ ਦਾ ਮਕਸਦ ਕੁਝ ਹੋਰ ਹੈ ਉਸਨੇ ਬੈਟਨ ਦੇ ਪਿਤਾ ਨੂੰ ਲਿਖਿਆ। ਓਹ ਲੰਡਨ ਏਅਰਪਲੇਨ ਕਲੱਬ (13) ਵਿੱਚ ਸ਼ਾਮਿਲ ਹੋਈ। ਜੋ ਕਿ ਲੰਡਨ ਦੇ ਉੱਤਰ-ਪੱਛਮ ਵਿੱਚ ਸਟੈਗ ਲੇਨ ਐਰੋਡਰੋਮ ਵਿੱਚ ਸਥਿਤ ਸੀ। ਆਪਣੀਆਂ ਅਣਪ੍ਰਕਾਸ਼ਿਤ ਯਾਦਾਂ ਵਿੱਚ, ਬੈਟਨ ਨੇ ਲਿਖਿਆ ਕਿ ਉਸਨੇ ਜਲਦੀ ਹੀ ਉਡਾਣ ਭਰਨੀ ਸਿੱਖ ਲਈ। ਅਸਲ ਵਿੱਚ, ਉਸਦੀ ਇੱਕ ਸ਼ੁਰੂਆਤੀ ਸੋਲੋ ਫਲਾਈਟ ਕਰੈਸ਼ ਲੈਂਡਿੰਗ ਵਿੱਚ ਖਤਮ ਹੋਈ। ਇਸ ਘਟਨਾ ਦਾ ਉਸਨੇ ਆਪਣੀਆਂ ਬਾਅਦ ਦੀਆਂ ਲਿਖਤਾਂ ਵਿੱਚ ਕਦੇ ਜ਼ਿਕਰ ਨਹੀਂ ਕੀਤਾ। ਉਸ ਨੂੰ ਨਿਊਜ਼ੀਲੈਂਡ ਲਈ ਇਕੱਲੀ ਉਡਾਣ ਦੀ ਯੋਜਨਾ ਬਣਾਉਣ ਬਾਰੇ ਸ਼ੇਖੀ ਮਾਰਨ ਲਈ ਵੀ ਯਾਦ ਕੀਤਾ ਜਾਂਦਾ ਸੀ। ਜਦੋਂ, ਮਈ 1930 ਵਿੱਚ ਪਾਇਲਟ ਐਮੀ ਜੌਹਨਸਨ, ਜਿਸ ਨੇ ਐਲ ਏ ਸੀ ਵਿੱਚ ਸਿਖਲਾਈ ਵੀ ਲਈ ਸੀ, ਨੇ 19 ਦਿਨਾਂ ਵਿੱਚ ਇੱਕ ਮਹਿਲਾ ਪਾਇਲਟ ਵਜੋਂ ਇੰਗਲੈਂਡ ਤੋਂ ਆਸਟਰੇਲੀਆ ਲਈ ਪਹਿਲੀ ਇਕੱਲੀ ਉਡਾਣ ਪੂਰੀ ਕੀਤੀ, ਤਾਂ ਬੈਟਨ ਨੇ ਨਾ ਸਿਰਫ਼ ਜੌਹਨਸਨ ਦੀ ਨਕਲ ਕਰਨ ਦੀ ਕੋਸ਼ਿਸ਼ ਕੀਤੀ, ਸਗੋਂ ਉਸਦੇ ਰਿਕਾਰਡ ਨੂੰ ਵੀ ਮਾਤ ਦੇਣ ਦਾ ਸੋਚ ਲਿਆ ਸੀ। 5 ਦਸੰਬਰ 1930 ਨੂੰ ਉਸਨੂੰ ਪਾਇਲਟ ਦਾ ਲਾਇਸੰਸ ਮਿਲ ਗਿਆ। ਹੁਣ ਮਸਲਾ ਹੋ ਗਿਆ ਕਿ ਫਲਾਇੰਗ ਘੰਟੇ ਇਕੱਠੇ ਕਰਨ ਦਾ। ਜਿਸ ਦੇ ਲਈ ਉਸਨੂੰ ਹੋਰ ਫੰਡਾਂ ਦੀ ਜ਼ਰੂਰਤ ਸੀ। ਉਸਦੇ ਪਿਤਾ ਨੂੰ ਉਸ ਸਮੇਂ ਪਤਾ ਲਗਾ ਕਿ ਉਹ ਤਾਂ ਪਾਇਲਟ ਬਣ ਰਹੀ ਹੈ। ਉਸਨੇ ਭੱਤਾ ਦੇਣਾ ਬੰਦ ਕਰ ਦਿੱਤਾ।

ਜਨਵਰੀ 1931 ਦੇ ਵਿਚ ਉਹ ਆਪਣੀ ਮਾਂ ਨਾਲ ਵਾਪਿਸ ਨਿਊਜ਼ੀਲੈਂਡ ਪਰਤਦੀ ਹੈ ਤਾਂ ਕਿ ਉਹ ਪੈਸੇ ਇਕੱਤਰ ਕਰ ਸਕਣ। ਨਿਊਜ਼ੀਲੈਂਡ ਦੀ ਸਮੁੰਦਰੀ ਯਾਤਰਾ ਦੌਰਾਨ ਜੀਨ ਬੈਟਨ ਨਿਊਜ਼ੀਲੈਂਡ ਦੇ ਫਲਾਇੰਗ ਅਫਸਰ ਫਰੇਡ ਟਰੂਮੈਨ ਨੂੰ ਮਿਲੀ ਜੋ ਬ੍ਰਿਟਿਸ਼ ਇੰਡੀਆ ਵਿੱਚ ਰਾਇਲ ਏਅਰ ਫੋਰਸ (16) ਵਿੱਚ ਸੇਵਾ ਕਰ ਰਿਹਾ ਸੀ ਅਤੇ ਛੁੱਟੀ 'ਤੇ ਘਰ ਜਾ ਰਿਹਾ ਸੀ। ਦੋਵਾਂ ਦੀ ਦੋਸਤੀ ਹੋ ਗਈ। ਨਿਊਜ਼ੀਲੈਂਡ ਵਿੱਚ ਵਾਪਸ ਬੈਟਨ ਨੇ ਆਪਣੇ ਪਿਤਾ ਨਾਲ ਇੱਕ ਰਿਸ਼ਤਾ ਦੁਬਾਰਾ ਸਥਾਪਿਤ ਕੀਤਾ, ਜਿਸਦਾ ਗੁੱਸਾ ਇਸ ਸਮੇਂ ਤੱਕ ਘੱਟ ਗਿਆ ਸੀ।

ਉਸਨੇ ਨੇਵੀਗੇਸ਼ਨ ਵਿੱਚ ਸਬਕ ਲੈਣ ਲਈ ਉਸਨੂੰ ਭੁਗਤਾਨ ਕੀਤਾ, ਉਸਦੇ ਉੱਡਣ ਦੇ ਯਤਨਾਂ ਵਿੱਚ ਉਸਦਾ ਸਮਰਥਨ ਕਰਨਾ ਸ਼ੁਰੂ ਕਰ ਦਿੱਤਾ। ਬੈਟਨ ਨੇ ਉਡਾਣ ਦੀ ਸਿਖਲਾਈ ਦੁਬਾਰਾ ਸ਼ੁਰੂ ਕੀਤੀ, ਮੈਂਗਰੀ ਸਥਿਤ ਔਕਲੈਂਡ ਐਰੋ ਕਲੱਬ ਵਿੱਚ ਸ਼ਾਮਲ ਹੋ ਗਈ ਅਤੇ ਜਲਦੀ ਹੀ ਆਪਣਾ ਨਿਊਜ਼ੀਲੈਂਡ ਏ ਪਾਇਲਟ ਲਾਇਸੈਂਸ ਪ੍ਰਾਪਤ ਕਰ ਲਿਆ। ਟਰੂਮੈਨ ਨਾਲ ਉਸਦੀ ਦੋਸਤੀ ਵਧ ਗਈ ਸੀ ਅਤੇ ਉਸਨੇ ਇੱਕ ਰਿਸ਼ਤੇ ਦੀ ਉਮੀਦ ਪੈਦਾ ਕੀਤੀ ਸੀ।

Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

ਦੇਸ਼ ਦੁਆਬਾ

# ਸਮੇਂ ਦੀ ਲੋੜ

ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।

ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ।

ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਊਚ ਨੀਚ ਦੀ ਬਿਮਾਰੀ ਜ਼ੋਰਾਂ ’ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ' ਬਣਾ ਕੇ ਦਿੰਦੇ ਸੀ। ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ। ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਂਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ। ਸਾਥੀਓ ਤੇ ਨੌਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ।

ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।

ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ।

ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ। ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ। ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

**ਵੱਲੋਂ: ਬਾਬੂ ਮੰਗੂ ਰਾਮ ਮੁੱਗੋਵਾਲੀਆ,**
**ਪ੍ਰਧਾਨ ਆਦਿ ਧਰਮ ਮੰਡਲ ਪੰਜਾਬ**

# ਅਮਰੀਕੀ ਮਜ਼ਦੂਰ ਦਿਵਸ ਦਾ ਇਤਿਹਾਸਿਕ ਪਿਛੋਕੜ


**ਡਾ. ਚਰਨਜੀਤ ਸਿੰਘ ਗੁਮਟਾਲਾ**
**91-94175-33060**

ਦੁਨੀਆਂ ਭਰ ਵਿਚ 1 ਮਈ ਨੂੰ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ ਪਰ ਅਮਰੀਕਾ ਤੇ ਕਨੇਡਾ ਵਿੱਚ ਮਜ਼ਦੂਰ ਦਿਵਸ ਸਤੰਬਰ ਦੇ ਪਹਿਲੇ ਸੋਮਵਾਰ ਮਨਾਇਆ ਜਾਂਦਾ ਹੈ, ਹਾਲਾਂਕਿ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਦਾ ਜਨਮ-ਦਾਤਾ ਵੀ ਅਮਰੀਕਾ ਹੀ ਹੈ। ਇਸ ਸਾਲ ਇਨ੍ਹਾਂ ਦੋਵਾਂ ਮੁਲਕਾਂ ਵਿਚ ਇਹ ਦਿਨ 4 ਸਤੰਬਰ ਨੂੰ ਮਨਾਇਆ ਜਾ ਰਿਹਾ ਹੈ। ਇਸ ਦਿਨ ਦੋਵਾਂ ਦੇਸ਼ਾਂ ਵਿਚ ਕੌਮੀ ਛੁੱਟੀ ਹੁੰਦੀ ਹੈ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਜਦ ਬਾਕੀ ਸਾਰੀ ਦੁਨੀਆਂ ਵਿਚ ਇਹ ਦਿਵਸ ਪਹਿਲੀ ਮਈ ਮਨਾਇਆ ਜਾਂਦਾ ਹੈ ਤਾਂ ਇਨ੍ਹਾਂ ਦੋਵਾਂ ਮੁਲਕਾਂ ਵਿਚ ਕਿਉਂ ਨਹੀਂ? ਅਮਰੀਕੀ ਹਾਕਮ ਮਈ ਦਿਵਸ ਨੂੰ ਕਮਿਉਨਿਸਟ ਪੱਖੀ ਤੇ ਅਰਾਜਕਤਾ (ਅਨਾਰਕਿਸਟ) ਸਮਝਦੇ ਹਨ। ਜਿਵੇਂ ਦੀਵਾਲੀ ਵਾਲੇ ਦਿਨ ਭਾਰਤ ਵਿੱਚ ਕਾਰਖਾਨੇਦਾਰ ਮਜ਼ਦੂਰਾਂ ਨੂੰ ਤੋਹਫ਼ੇ ਦਿੰਦੇ ਹਨ ,ਉਸੇ ਤਰ੍ਹਾਂ ਅਮਰੀਕਾ ਤੇ ਕਨੇਡਾ ਵਿੱਚ ਵੀ ਮਾਲਕ ਆਪਣੇ ਨੌਕਰਾਂ ਦੀ ਖੂਬ ਸੇਵਾ ਕਰਦੇ ਹਨ। ਇਹ ਦਿਨ ਉਨ੍ਹਾਂ ਅਮਰੀਕਾ ਕਾਮਿਆਂ ਨੂੰ ਸਮਰਪਿਤ ਹੈ ਜਿਨ੍ਹਾਂ ਨੇ ਦੇਸ਼ ਨੂੰ ਖੁਸ਼ਹਾਲ ਬਣਾਇਆ ਅਤੇ ਇਸ ਦੀ ਭਲਾਈ ਲਈ ਕੰਮ ਕੀਤਾ। ਅਮਰੀਕੀ ਕਿਰਤੀ ਨੇ ਨਾ ਕੇਵਲ ਅਮਰੀਕਾ ਸਗੋਂ ਸਾਰੀ ਦੁਨੀਆਂ ਲਈ ਰਾਹ ਦਸੇਰਾ ਦਾ ਕੰਮ ਕੀਤਾ ਹੈ।

ਜਿੱਥੋਂ ਤੀਕ ਇਸ ਦਿਨ ਦੀ ਸ਼ੁਰੂਆਤ ਦਾ ਸੰਬੰਧ ਹੈ, 1880 ਵਿੱਚ ਮੰਦਵਾੜੇ ਨੇ ਅਮਰੀਕਾ ਨੂੰ ਬਹੁਤ ਨੁਕਸਾਨ ਪਹੁੰਚਾਇਆ। ਮੰਦੇ ਕਾਰਨ ਮਜ਼ਦੂਰਾਂ ਦੀ ਤਨਖਾਹ ਘੱਟ ਗਈ ਅਤੇ ਬੇਰੁਜ਼ਗਾਰੀ ਵਿੱਚ ਭਾਰੀ ਵਾਧਾ ਹੋਇਆ। ਇਸ ਮੌਕੇ ‘ਤੇ ਨਾਇਟਸ ਆਫ਼ ਲੇਬਰ ਨਾਂ ਦੀ ਜਥੇਬੰਦੀ ਮਜ਼ਦੂਰਾਂ ਦੀ ਮਦਦ ਲਈ ਅੱਗੇ ਆਈ। ਉਸ ਨੇ ਮਜ਼ਦੂਰਾਂ ਦੀਆਂ ਪਰੰਪਰਾਗਤ ਮੰਗਾਂ, ਜਿਨ੍ਹਾਂ ਵਿੱਚ ਦਿਨ ਵਿੱਚ ਕੰਮ ਕਰਨ ਦਾ ਸਮਾਂ 8 ਘੰਟੇ ਕਰਨ, ਸਹਿਕਾਰੀ ਅਦਾਰੇ ਸਥਾਪਤ ਕਰਨ, ਬਾਲ ਮਜ਼ਦੂਰੀ ਉਪਰ ਪਾਬੰਦੀ ਲਾਉਣ, ਔਰਤਾਂ ਤੇ ਮਰਦਾਂ ਨੂੰ ਬਰਾਬਰ ਤਨਖਾਹ ਦੇਣ, ਮਜ਼ਦੂਰੀ ਅੰਕੜਿਆਂ ਲਈ ਵੱਖਰਾ ਬਿਉਰੋ ਸਥਾਪਤ ਕਰਨ, ਜ਼ੇਲ੍ਹ ਮਜ਼ਦੂਰੀ ਲਈ ਠੇਕੇਦਾਰੀ ਪ੍ਰਣਾਲੀ ਖ਼ਤਮ ਕਰਨ, ਪੜਾਅਵਾਰ ਇਨਕਮ ਟੈਕਸ ਲਾਉਣ, ਰੇਲਵੇ ਤੇ ਟੈਲੀਗ੍ਰਾਫ ਵਿਭਾਗ ਸਰਕਾਰ ਨੂੰ ਸੌਂਪਣ, ਪਬਲਿਕ ਜ਼ਮੀਨ ਅਸਲੀ ਆਬਾਦਕਾਰਾਂ ਲਈ ਰੀਜ਼ਰਵ ਕਰਨ ਆਦਿ ਸ਼ਾਮਲ ਸਨ, ਨੂੰ ਲੈ ਕੇ 5 ਸਤੰਬਰ 1882 ਨੂੰ ਨਿਊਯਾਰਕ ਸਿਟੀ ਵਿੱਚ ਇੱਕ ਬਹੁਤ ਵੱਡੀ ਪ੍ਰੇਡ ਦਾ ਆਯੋਜਨ ਕੀਤਾ। ਇਸ ਦਿਨ ਮੰਗਲਵਾਰ ਸੀ। ਮਜ਼ਦੂਰਾਂ ਨੇ ਆਪਣੀ ਤਨਖਾਹ ਕਟਾਕੇ ਇਸ ਪ੍ਰੇਡ ਵਿੱਚ ਭਾਗ ਲਿਆ। ਨਿਊਯਾਰਕ ਦੇ ਜਿਹੜੇ ਮਜ਼ਦੂਰ ਇਸ ਪ੍ਰੇਡ ਵਿੱਚ ਸ਼ਾਮਲ ਨਾ ਹੋਏ ਉਨ੍ਹਾਂ ਨੂੰ ਯੂਨੀਅਨ ਨੇ ਜੁਰਮਾਨਾ ਕੀਤਾ। ਇਸ ਪ੍ਰੇਡ ਵਿੱਚ ਨਿਊਯਾਰਕ ਸਿਟੀ ਦੇ ਸੈਂਟਰਲ ਲੇਬਰ ਯੂਨੀਅਨ ਦੇ ਸੈਕਟਰੀ ਮੈਥਿਊ ਮੈਗਾਇਰ ਨੇ ਇਸ ਦਿਨ ਲੇਬਰ ਡੇ ਦੇ ਤੌਰ ‘ਤੇ ਛੁੱਟੀ ਕਰਨ ਦੀ ਤਜਵੀਜ਼ ਰੱਖੀ। ਨਾਇਟਸ ਆਫ ਲੇਬਰ ਜਥੇਬੰਦੀ ਦੀ ਨੀਂਹ 9 ਦਸੰਬਰ 1869 ਨੂੰ ਫਿਲਾਡੈਲਫੀਆ ਵਿਖੇ 9 ਦਰਜ਼ੀਆਂ ਨੇ ਹੁਨਰਮੰਦ ਤੇ ਗ਼ੈਰ-ਹੁਨਰਮੰਦ ਕਾਮਿਆਂ ਦੀ ਇੱਕ ਸਾਂਝੀ ਜਥੇਬੰਦੀ ਬਨਾਉਣ ਲਈ ਰੱਖੀ ਸੀ। ਸਟੀਫਨਸ ਜੋ ਕਿ ਪੇਸ਼ੇ ਵਜੋਂ ਦਰਜ਼ੀ ਸੀ, ਇਸ ਦਾ ਲੀਡਰ ਸੀ। ਹੌਲੀ ਹੌਲੀ ਇਸ ਵਿੱਚ ਸਭ ਤਰ੍ਹਾਂ ਦੇ ਕਾਮੇ ਸ਼ਾਮਲ ਹੋ ਗਏ ਤੇ ਇਹ ਇੱਕ ਮਜ਼ਬੂਤ ਜਥੇਬੰਦੀ ਬਣ ਗਈ। ਅਸਲ ਵਿੱਚ ਇਸ ਲਾਮਬੰਦੀ ਪਿੱਛੇ ਅਮਰੀਕੀ ਗ੍ਰਹਿ ਯੁੱਧ (1861-1865) ਸੀ ਜਿਸ ਨੇ ਕਿਰਤੀਆਂ ਨੂੰ ਜਾਗਰੂਕ ਕੀਤਾ ਤੇ ਉਹ ਆਪਣੇ ਹੱਕਾਂ ਲਈ ਲਾਮਬੰਦ ਹੋਣੇ ਸ਼ੁਰੂ ਹੋਏ। 5 ਸਤੰਬਰ 1883 ਨੂੰ ਸੈਂਟਰਲ ਲੇਬਰ ਯੂਨੀਅਨ ਵਲੋਂ ਦੂਜਾ ਮਜ਼ਦੂਰ ਦਿਵਸ ਛੁੱਟੀ ਦੇ ਤੌਰ ‘ਤੇ ਮਨਾਇਆ ਗਿਆ। ਪਰ 1884 ਵਿੱਚ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਇਹ ਦਿਨ ਮਨਾਉਣ ਦਾ ਫੈਸਲਾ ਕੀਤਾ ਗਿਆ। 1894 ਵਿੱਚ ਯੂ.ਐਸ. ਕਾਂਗਰਸ ਨੇ ਇਸ ਨੂੰ ਕੌਮੀ ਛੁੱਟੀ ਵਜੋਂ ਮਾਨਤਾ ਦਿੱਤੀ। ਇਸ ਦਿਨ ਪ੍ਰੇਡਾਂ ਹੁੰਦੀਆਂ ਹਨ, ਮਜ਼ਦੂਰਾਂ ਤੇ ਰਾਜਨੀਤਕ ਆਗੂਆਂ ਵੱਲੋਂ ਭਾਸ਼ਨ ਦਿੱਤੇ ਜਾਂਦੇ ਹਨ।

ਜਿੱਥੋਂ ਤੀਕ 1 ਮਈ ਨੂੰ ਬਾਕੀ ਦੇਸ਼ਾਂ ਵਿੱਚ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਮਨਾਉਣ ਦਾ ਸੰਬੰਧ ਹੈ, ਇਸ ਦਾ ਪਿਛੋਕੜ ਵੀ ਅਮਰੀਕਾ ਨਾਲ ਜੁੜਿਆ ਹੋਇਆ ਹੈ। ਇਕ ਮਈ 1886 ਨੂੰ ਅਮੈਰਿਕਨ ਲੇਬਰ ਫੇਡਰੇਸ਼ਨ ਨੇ ਕੰਮ ਦਾ ਸਮਾਂ 8 ਘੰਟੇ ਕਰਨ ਦੀ ਮੰਗ ਨੂੰ ਲੈ ਕੇ ਦੇਸ਼ ਭਰ ਵਿੱਚ ਹੜਤਾਲ ਕਰਨ ਦਾ ਐਲਾਨ ਕੀਤਾ। ਇਸ ਹੜਤਾਲ ਨੂੰ ਭਰਵਾਂ ਹੁੰਗਾਰਾ ਮਿਲਿਆ। ਲੱਖਾਂ ਕਾਮੇ ਕੰਮ ਛੱਡ ਕੇ ਹੜਤਾਲ ਵਿੱਚ ਸ਼ਾਮਲ ਹੋ ਗਏ ਤੇ ਦਿਨ-ਬ-ਦਿਨ ਹੜਤਾਲੀ ਕਾਮਿਆਂ ਦੀ ਗਿਣਤੀ ਵੱਧਣ ਲੱਗੀ। 3 ਮਈ ਨੂੰ ਮਜ਼ਦੂਰ ਆਗੂ ਅਗਸਤ ਸਪਾਇਸ ਸ਼ਿਕਾਗੋ ਵਿਖੇ ਮੈਕ ਕਾਰਮਿਕ ਰੀਪਰ ਪਲਾਂਟ ਦੇ ਕਾਮਿਆਂ ਨੂੰ ਸੰਬੋਧਨ ਕਰ ਰਿਹਾ ਸੀ ਕਿ ਪੁਲਿਸ ਨੇ ਕੈਪਟਨ ਬੋਨਫੀਲਡ ਦੀ ਅਗਵਾਈ ਵਿੱਚ ਆ ਕੇ ਗੋਲੀ ਚਲਾਈ ਜਿਸ ਨਾਲ ਦੋ ਕਾਮੇ ਮਾਰੇ ਗਏ। ਰਾਤ ਨੂੰ ਮਜ਼ਦੂਰ ਆਗੂਆਂ ਨੇ ਮੀਟਿੰਗ ਕਰਕੇ ਇਨ੍ਹਾਂ ਮੌਤਾਂ ਦੇ ਰੋਸ ਵਜੋਂ ਰੈਲੀ ਕਰਨ ਦਾ ਫੈਸਲਾ ਕੀਤਾ। 4 ਮਈ ਨੂੰ ਸ਼ਿਕਾਗੋ ਦੇ ਹੇਅ ਮਾਰਕੀਟ ਸੁਕੇਅਰ ਵਿੱਚ ਇੱਕ ਜ਼ਬਰਦਸਤ ਰੈਲੀ ਕੀਤੀ ਗਈ। 176 ਪੁਲੀਸ ਕਰਮਚਾਰੀਆਂ ਨੇ ਇਸ ਰੈਲੀ ਨੂੰ ਖਿਡ-'ਉਣ ਲਈ ਕਾਮਿਆਂ ਉਪਰ ਮਿਲਟਰੀ ਦੀ ਤਰ੍ਹਾਂ ਹਮਲਾ ਕੀਤਾ। ਕਿਸੇ ਅਗਿਆਤ ਵਿਅਕਤੀ ਨੇ ਇੱਕ ਡੈਨੇਮਾਇਟ ਬੰਬ ਸੁੱਟਿਆ, ਜਿਸ ਨਾਲ ਇੱਕ ਪੁਲੀਸ ਅਫ਼ਸਰ ਮਾਰਿਆ ਗਿਆ ਤੇ ਕਈ ਜ਼ਖ਼ਮੀ ਹੋ ਗਏ। ਇਸ ਦੇ ਜੁਆਬ ਵਿੱਚ ਪੁਲੀਸ ਨੇ ਗੋਲੀ ਚਲਾ ਦਿੱਤੀ। ਘੱਟੋ ਘੱਟ 4 ਮਜ਼ਦੂਰ ਮਾਰੇ ਗਏ ਤੇ ਕਈ ਜ਼ਖ਼ਮੀ ਹੋ ਗਏ।

ਪੁਲੀਸ ਦੀ ਆਪਣੀ ਗੋਲੀ ਨਾਲ 6 ਪੁਲੀਸ ਕਰਮਚਾਰੀ ਵੀ ਮਾਰੇ ਗਏ। ਬੰਬ ਸੁੱਟਣ ਵਾਲੇ ਦਾ ਕੋਈ ਥਹੁ-ਪਤਾ ਨਾ ਲੱਗਾ। ਪੁਲੀਸ ਨੇ ਮੀਟਿੰਗ ਵਿੱਚ ਭਾਸ਼ਨ ਦੇਣ ਵਾਲਿਆਂ ਅਤੇ ਪ੍ਰਬੰਧਕਾਂ ਨੂੰ ਫੜ ਲਿਆ। ਮਜ਼ਦੂਰ ਆਗੂ ਅਲਬਰਟ ਪਾਰਸਨਸ ਬਚ ਨਿਕਲਿਆ, ਪਰ ਮੁਕੱਦਮੇ ਦੀ ਸੁਣਵਾਈ ਦੌਰਾਨ ਉਹ ਵੀ ਆਪਣੇ ਸਾਥੀਆਂ ਨਾਲ ਮੁਕੱਦਮੇ ਵਿੱਚ ਸ਼ਾਮਲ ਹੋ ਗਿਆ। ਅੱਠ ਆਗੂਆਂ ਉਪਰ ਮੁਕੱਦਮਾ ਚਲਾਇਆ ਗਿਆ। ਸੱਤਾਂ ਨੂੰ ਫ਼ਾਂਸੀ ਦੀ ਸਜ਼ਾ ਅਤੇ ਇੱਕ ਨੂੰ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਇਸ ਮੁਕੱਦਮੇ ਵਿੱਚ ਬਚਾਅ ਪੱਖ ਦੇ ਵਕੀਲ ਨੂੰ ਸੁਣਿਆ ਨਾ ਗਿਆ ਤੇ ਜਿਸ ਜੱਜ ਕੋਲ ਇਹ ਮੁਕੱਦਮਾ ਲੱਗਿਆ ਉਹ ਮਜ਼ਦੂਰ ਵਿਰੋਧੀ ਸੀ। 11 ਨਵੰਬਰ 1887 ਨੂੰ ਫ਼ਾਂਸੀ ਦੇਣ ਦੀ ਮਿਤੀ ਤਹਿ ਕੀਤੀ ਗਈ। 10 ਨਵੰਬਰ ਨੂੰ ਗਵਰਨਰ ਨੇ 2 ਦੀ ਸਜ਼ਾ ਘੱਟ ਕਰਕੇ ਉਮਰ ਕੈਦ ਕਰ ਦਿੱਤੀ। ਇਸ ਤਰ੍ਹਾਂ ਉਹਨਾਂ ਨੂੰ ਫ਼ਾਂਸੀ ਲੱਗਣ ਤੋਂ ਬਚਾ ਲਿਆ ਗਿਆ। ਲਾਉਸ ਲਿੰਗ ਨੇ ਧਮਾਕਾਯੋਗ ਡੈਨੇਮਾਇਟ ਟੋਪੀ ਚੱਕ ਮਾਰ ਕੇ ਆਪਣੇ ਆਪ ਨੂੰ ਖ਼ਤਮ ਕਰ ਲਿਆ ਤੇ ਬਾਕੀ ਚਾਰ ਆਗੂਆਂ ਜਿਨ੍ਹਾਂ ਵਿੱਚ ਅਗਸਤ ਸਪਾਇਸ, ਅਡਲਫ ਫਿਸ਼ਰ, ਐਲਬਰਟ ਪਾਰਨਸ ਅਤੇ ਜਾਰਜ ਏਜੰਲਸ ਸ਼ਾਮਲ ਸਨ ਨੂੰ 11 ਨਵੰਬਰ ਨੂੰ ਫ਼ਾਂਸੀ ਦਿੱਤੀ ਗਈ। ਇਸ ਦਿਨ ਨੂੰ “ਬਲੈਕ ਫਰਾਈਡੇ” ਕਰਕੇ ਜਾਣਿਆ ਜਾਂਦਾ ਹੈ। 1893 ਵਿੱਚ ਉਹਨਾਂ ਦੀ ਯਾਦ ਵਿੱਚ ਹੇਅ ਮਾਰਕੀਟ ਸ਼ਹੀਦੀ ਸਮਾਰਕ ਬਣਾਇਆ ਗਿਆ ਜੋ 25 ਜੂਨ 1893 ਨੂੰ ਸਮਰਪਿਤ ਕੀਤਾ ਗਿਆ। ਇਸ ਯਾਦਗਾਰ ਦੇ ਮੱਥੇ ‘ਤੇ ਅਗਸਤ ਸਪਾਇਸ ਦੇ ਆਖਰੀ ਸ਼ਬਦ ਉਕਰੇ ਹੋਏ ਹਨ। ਅਗਲੇ ਦਿਨ ਸੂਬਾਈ ਗਵਰਨਰ ਨੇ 3 ਬਚੇ ਹੋਏ ਲੀਡਰਾਂ ਪਾਸੋਂ ਮਾਫੀ ਮੰਗੀ ਕਿਉਂਕਿ ਅਮਰੀਕੀ ਸੰਵਿਧਾਨ ਪੁਰ-ਅਮਨ ਢੰਗ ਨਾਲ ਇਕੱਠੇ ਹੋਣ ‘ਤੇ ਆਪਣੀ ਗੱਲ ਕਹਿਣ ਦਾ ਹੱਕ ਦਿੰਦਾ ਹੈ ਪਰ ਜੱਜ ਨੇ ਇਨ੍ਹਾਂ ਅਧਿਕਾਰਾਂ ਦਾ ਖਿਆਲ ਨਹੀਂ ਰੱਖਿਆ। 1889 ਵਿੱਚ ਦੂਜੀ ਸੋਸ਼ਲਿਸਟ ਇੰਟਰਨੈਸ਼ਨਲ ਦੀ ਪਹਿਲੀ ਪੈਰਿਸ ਕਾਂਗਰਸ ਨੇ ਪਹਿਲੀ ਮਈ ਨੂੰ ਅੰਤਰਰਾਸ਼ਟਰੀ ਪੱਧਰ ‘ਤੇ ਲੇਬਰ-ਡੇ ਮਨਾਉਣ ਦਾ ਫੈਸਲਾ ਕੀਤਾ। ਉਸ ਦਿਨ ਤੋਂ ਭਾਰਤ ਸਮੇਤ ਸਾਰੇ ਦੇਸ਼ਾਂ ਵਿੱਚ 1 ਮਈ ਨੂੰ ਅੰਤਰਾਸ਼ਟਰੀ ਮਜ਼ਦੂਰ ਦਿਵਸ ਦੇ ਤੌਰ ‘ਤੇ ਮਨਾਇਆ ਜਾਂਦਾ ਹੈ।




ਇਸ ਪਿੱਛੋਂ ਅਮਰੀਕੀ ਕਿਰਤੀਆਂ ਨੂੰ ਬਹੁਤ ਸਾਰੀਆਂ ਸਹੂਲਤਾਂ ਮਿਲਣ ਲੱਗੀਆਂ। ਕਿਰਤੀਆਂ ਨੂੰ 65 ਸਾਲ ਪਿੱਛੋਂ ਪੈਨਸ਼ਨ ਮਿਲਣ ਲੱਗੀ। ਸਮਾਜਿਕ ਸੁਰੱਖਿਆ ਮੁਹੱਈਆ ਹੋਣ ਲੱਗੀ। ਕਿਰਤੀਆਂ ਨੂੰ ਛਾਂਟੀ ਸਮੇਂ ਵਿਸ਼ੇਸ਼ ਰਾਸ਼ੀ ਦਿੱਤੀ ਜਾਣ ਲੱਗੀ। ਹੁਣ ਵੀ 6 ਮਹੀਨੇ ਤੋਂ ਵੱਧ ਨੌਕਰੀਆਂ ਤੋਂ ਹਟਾਏ ਕਾਮਿਆਂ ਨੂੰ ਸਰਕਾਰ ਵੱਲੋਂ ਸਹਾਇਤਾ ਕੀਤੀ ਜਾ ਰਹੀ ਹੈ। ਕੰਮ ਦੇ ਘੰਟੇ ਨਿਸ਼ਚਿਤ ਹੋਣ ਲੱਗੇ ਤੇ ਸਰਕਾਰ ਕੰਮ ਕਰਨ ਦੇ ਘੱਟੋ ਘੱਟ ਦਰ ਨਿਸ਼ਚਿਤ ਕਰਨ ਲੱਗੀ।

# ਹੁਣ ਬੰਗਲਾਦੇਸ਼ 'ਚ ਹਿੰਦੂ ਅਧਿਆਪਕਾਂ ਤੋਂ ਮੰਗੇ ਜਾ ਰਹੇ ਅਸਤੀਫ਼ੇ, 49 ਨੇ ਛੱਡੇ ਅਹੁਦੇ

**ਢਾਕਾ-** ਸ਼ੇਖ ਹਸੀਨਾ ਦੇ ਅਸਤੀਫੇ ਅਤੇ ਦੇਸ਼ ਛੱਡਣ ਤੋਂ ਬਾਅਦ ਬੰਗਲਾਦੇਸ਼ ਵਿੱਚ ਹਿੰਦੂਆਂ ਸਮੇਤ ਘੱਟ ਗਿਣਤੀਆਂ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਹੁਣ ਹਿੰਦੂ, ਬੋਧੀ ਅਤੇ ਈਸਾਈ ਅਧਿਆਪਕਾਂ ਨੂੰ ਜਬਰੀ ਅਸਤੀਫ਼ਾ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ।

ਰਿਪੋਰਟਾਂ ਮੁਤਾਬਕ ਹੁਣ ਤੱਕ 49 ਅਧਿਆਪਕਾਂ ਤੋਂ ਜ਼ਬਰਦਸਤੀ ਅਸਤੀਫ਼ੇ ਲਏ ਜਾ ਚੁੱਕੇ ਹਨ। ਇਕ ਖ਼ਬਰ ਮੁਤਾਬਕ ਬੰਗਲਾਦੇਸ਼ ਛਤਰ ਓਕਿਆ ਪ੍ਰੀਸ਼ਦ ਨੇ ਜਾਟੀਆ ਪ੍ਰੈੱਸ ਕਲੱਬ 'ਚ ਆਯੋਜਿਤ ਪ੍ਰੈੱਸ ਕਾਨਫਰੰਸ 'ਚ ਇਹ ਖੁਲਾਸਾ ਕੀਤਾ। ਸੰਗਠਨ ਦੇ ਕੋਆਰਡੀਨੇਟਰ ਸਾਜਿਬ ਸਰਕਾਰ ਨੇ ਕਿਹਾ ਕਿ ਹਸੀਨਾ ਦੀ ਅਗਵਾਈ ਵਾਲੀ ਸਰਕਾਰ ਦੇ ਪਤਨ ਤੋਂ ਬਾਅਦ ਧਾਰਮਿਕ ਅਤੇ ਨਸਲੀ ਘੱਟ ਗਿਣਤੀ ਹਿੰਸਾ ਦਾ ਸ਼ਿਕਾਰ ਹੋ ਰਹੇ ਹਨ। ਜ਼ਿਕਰਯੋਗ ਹੈ ਕਿ ਬੰਗਲਾਦੇਸ਼ ਛਤਰ ਓਕਿਆ ਪ੍ਰੀਸ਼ਦ ਬੰਗਲਾਦੇਸ਼ ਹਿੰਦੂ ਬੋਧੀ ਈਸਾਈ ਓਕਿਆ ਪ੍ਰੀਸ਼ਦ ਦਾ ਵਿਦਿਆਰਥੀ ਵਿੰਗ ਹੈ।

**ਘੱਟ ਗਿਣਤੀ ਅਧਿਆਪਕਾਂ 'ਤੇ ਹਮਲੇ**

ਸਾਜਿਬ ਸਰਕਾਰ ਨੇ ਕਿਹਾ ਕਿ ਹਿੰਸਾ ਵਿਚ ਹਿੰਦੂਆਂ 'ਤੇ ਹਮਲੇ, ਲੁੱਟਮਾਰ, ਔਰਤਾਂ 'ਤੇ ਹਮਲੇ, ਮੰਦਰਾਂ ਦੀ ਭੰਨਤੋੜ, ਘਰਾਂ ਅਤੇ ਵਪਾਰਕ ਅਦਾਰਿਆਂ 'ਤੇ ਅੱਗਜ਼ਨੀ ਇੱਥੋਂ ਤੱਕ ਦੇਸ਼ ਭਰ ਵਿੱਚ ਘੱਟ ਗਿਣਤੀ ਅਧਿਆਪਕਾਂ ਨੂੰ ਵੀ ਸਰੀਰਕ ਸ਼ੋਸ਼ਣ ਦਾ ਸਾਹਮਣਾ ਕਰਨਾ ਪਿਆ ਹੈ। ਇਸ ਕਾਰਨ 30 ਅਗਸਤ ਤੱਕ 49 ਅਧਿਆਪਕਾਂ ਨੂੰ ਅਸਤੀਫ਼ਾ ਦੇਣ ਲਈ ਮਜਬੂਰ ਹੋਣਾ ਪਿਆ। ਹਾਲਾਂਕਿ 19 ਅਧਿਆਪਕਾਂ ਨੂੰ ਬਹਾਲ ਕਰ ਦਿੱਤਾ ਗਿਆ ਹੈ।

**48 ਜ਼ਿਲ੍ਹਿਆਂ ਵਿੱਚ ਹਿੰਦੂਆਂ ਉੱਤੇ ਹਮਲੇ**

5 ਅਗਸਤ ਨੂੰ ਸ਼ੇਖ ਹਸੀਨਾ ਨੂੰ ਵਿਦਿਆਰਥੀਆਂ ਦੇ ਭਾਰੀ ਵਿਰੋਧ ਦੇ ਚੱਲਦਿਆਂ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ ਸੀ। ਵਿਰੋਧ ਪ੍ਰਦਰਸ਼ਨਾਂ ਵਿੱਚ 400 ਤੋਂ ਵੱਧ ਲੋਕਾਂ ਦੀ ਜਾਨ ਚਲੀ ਗਈ ਸੀ। ਇਸ ਤੋਂ ਬਾਅਦ ਹਸੀਨਾ ਨੇ ਵੀ ਆਪਣਾ ਦੇਸ਼ ਛੱਡ ਦਿੱਤਾ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਹੱਤਿਆ ਤੇ ਜਬਰਜਨਾਹ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਪ੍ਰਾਪਤ ਕੈਦੀ ਨੇ ਜਾਨ ਬਖਸ਼ ਦੇਣ ਦੀ ਕੀਤੀ ਅਪੀਲ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਫਲੋਰਿਡਾ ਰਾਜ ਦੇ ਇਕ ਕੈਦੀ ਜਿਸ ਨੂੰ 1994 ਵਿਚ ਇਕ ਕਾਲਜ ਦੇ ਵਿਦਿਆਰਥੀ ਦੀ ਹੱਤਿਆ ਤੇ ਉਸ ਦੀ ਭੈਣ ਨਾਲ ਜਬਰਜਨਾਹ ਕਰਨ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਸੀ, ਨੇ ਆਪਣੇ ਆਪ ਨੂੰ ਨਿਰਦੋਸ਼ ਦਸਦਿਆਂ ਉਸ ਦੀ ਜਾਨ ਬਖਸ਼ ਦੇਣ ਦੀ ਅਪੀਲ ਕੀਤੀ ਹੈ ਤੇ ਕਿਹਾ ਹੈ ਕਿ ਉਸ ਨਾਲ ਇਕ ਪ੍ਰਸਿੱਧ ਸੁਧਾਰ ਸਕੂਲ ਵਿਚ ਬਦਫੈਲੀ ਕੀਤੀ ਗਈ ਸੀ। ਲੋਰਾਨ ਕੈਨਸਟਲੇ ਕੌਲ (57) ਨੂੰ ਜ਼ਹਿਰ ਦਾ ਟੀਕਾ ਲਾ ਕੇ ਮੌਤ ਦੀ ਸਜ਼ਾ ਦੇਣ ਦਾ ਆਦੇਸ਼ ਦਿੱਤਾ ਗਿਆ ਹੈ। ਕੌਲ ਨੂੰ 18 ਸਾਲਾ ਜੌਹਨ ਐਡਵਰਡਜ ਦੀ ਹੱਤਿਆ ਤੇ ਉਸ ਦੀ ਭੈਣ ਨਾਲ ਜਬਰਜਨਾਹ ਕਰਨ ਦੇ ਦੋਸ਼ਾਂ ਤਹਿਤ ਮੌਤ ਦੀ ਸਜ਼ਾ ਸੁਣਾਈ ਗਈ ਹੈ। ਇਹ ਘਟਨਾ ਉੱਤਰੀ ਕੇਂਦਰੀ ਫਲੋਰਿਡਾ ਵਿਚ ਵਾਪਰੀ ਸੀ। 18 ਫਰਵਰੀ, 1994 ਨੂੰ ਐਡਵਰਡਜ ਭੈਣ-ਭਰਾ ਇਕ ਟੂਰ ਪ੍ਰੋਗਰਾਮ ਤਹਿਤ ਕੈਂਪ ਤਿਆਰ ਕਰ ਰਹੇ ਸਨ ਜਦੋਂ ਉਹ ਕੌਲ ਜੋ ਉਸ ਵੇਲੇ 27 ਸਾਲਾਂ ਦਾ ਸੀ ਤੇ ਇਕ ਹੋਰ



ਵਿਅਕਤੀ ਵਿਲੀਅਮ ਪੌਲ ਜੋ ਉਸ ਵੇਲੇ 20 ਸਾਲਾਂ ਦਾ ਸੀ, ਨੂੰ ਮਿਲੇ। ਕੌਲ ਨੇ ਆਪਣੀ ਪਛਾਣ ਕੈਵਿਨ ਦੇ ਨਾਂ 'ਤੇ ਅਤੇ ਪੌਲ ਦੀ ਪਛਾਣ ਆਪਣੇ ਭਰਾ ਦੇ ਤੌਰ 'ਤੇ ਐਡਵਰਡਜ ਭੈਣ-ਭਰਾ ਨਾਲ ਕਰਵਾਈ ਤੇ ਕੈਂਪ ਬਣਾਉਣ ਵਿਚ ਐਡਵਰਡਜ ਭੈਣ-ਭਰਾ ਦੀ ਮਦਦ ਕੀਤੀ। ਅਦ-ਾਲਤੀ ਰਿਕਾਰਡ ਅਨੁਸਾਰ ਰਾਤ ਵੇਲੇ ਕੌਲ ਨੇ ਐਡਵਰਡਜ ਦੀ ਭੈਣ ਦੇ ਹੱਥਾਂ ਨੂੰ ਬੰਨ ਲਿਆ। ਐਡਵਰਡਜ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਨਾਕਾਮ ਰਿਹਾ। ਬਾਅਦ ਵਿਚ ਐਡਵਰਡਜ ਦੀ ਭੈਣ ਨਾਲ ਜਬਰਜਨਾਹ ਕਰਨ ਉਪਰੰਤ ਉਸ ਨੂੰ ਦੋ ਦਰੱਖਤਾਂ ਵਿਚਾਲੇ ਬੰਨ ਦਿੱਤਾ ਗਿਆ। ਅਗਲੀ ਸਵੇਰ ਨੂੰ ਇਕ ਡਰਾਈਵਰ ਦੀ ਨਜਰ ਪੈਣ 'ਤੇ ਉਸ ਨੇ ਪੁਲਿਸ ਨੂੰ ਫੋਨ ਕੀਤਾ। ਪੁਲਿਸ ਨੇ ਐਡਵਰਡਜ ਦੀ ਭੈਣ ਨੂੰ ਖੋਲਿਆ ਜਦ ਕਿ ਨੇੜੇ ਹੀ ਐਡਵਰਡਜ ਦੀ ਲਾਸ਼ ਬਰਾਮਦ ਕੀਤੀ। 3 ਦਿਨ ਬਾਅਦ ਪੁਲਿਸ ਨੇ ਕੌਲ ਤੇ ਪੌਲ ਨੂੰ ਗ੍ਰਿਫਤਾਰ ਕਰ ਲਿਆ ਸੀ। 1995 ਵਿੱਚ ਕੌਲ ਤੇ ਪੌਲ ਨੂੰ ਪਹਿਲਾ ਦਰਜਾ ਹੱਤਿਆ ਤੇ ਅਗਵਾ ਤੇ ਹੋਰ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ। ਕੌਲ ਨੂੰ ਜਬਰਜਨਾਹ ਦੇ ਦੋਸ਼ਾਂ ਤਹਿਤ ਵੀ ਦੋਸ਼ੀ ਕਰਾਰ ਦੇ ਕੇ ਮੌਤ ਦੀ ਸਜ਼ਾ ਸੁਣਾਈ ਗਈ ਸੀ ਜਦ ਕਿ ਪੌਲ ਨੇ ਆਪਣੇ ਉਪਰ ਲੱਗੇ ਅਪਰਾਧਕ ਦੋਸ਼ਾਂ ਨੂੰ ਮੰਨ ਲਿਆ ਸੀ ਤੇ ਅਦਾਲਤ ਨੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਜੋ ਕਿ ਫਲੋਰਿਡਾ ਦੀ ਇਕ ਜੇਲ ਵਿਚ ਬਾਕੀ ਬੱਚੀ ਜਿੰਦਗੀ ਬਿਤਾ ਰਿਹਾ ਹੈ।

## ਲਾਸ ਵੇਗਾਸ ਦੇ ਪੱਤਰਕਾਰ ਦੀ ਹੱਤਿਆ ਦੇ ਮਾਮਲੇ ਵਿਚ ਨੇਵਾਡਾ ਦੇ ਸਾਬਕਾ ਰਾਜਸੀ ਆਗੂ ਨੂੰ ਉਮਰ ਭਰ ਲਈ ਜੇਲ ਦੀ ਸਜ਼ਾ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਇਕ ਜਿਊਰੀ ਨੇ ਨੇਵਾਡਾ ਦੇ ਸਾਬਕਾ ਰਾਜਸੀ ਆਗੂ ਰਾਬਰਟ ਟੈਲਸ ਨੂੰ ਲਾਸ ਵੇਗਾਸ ਦੇ ਇਕ ਰਿਪੋਰਟਰ ਦੀ ਹੱਤਿਆ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਪੈਰੋਲ ਉਪਰ ਰਿਹਾਈ ਤੋਂ ਪਹਿਲਾਂ ਉਸ ਨੂੰ ਘੱਟੋ ਘੱਟ 20 ਸਾਲ ਕੈਦ ਕੱਟਣੀ ਪਵੇਗੀ। ਕਲਾਰਕ ਕਾਊਂਟੀ ਦੇ ਸਾਬਕਾ ਪਬਲਿਕ ਐਡਮਨਿਸਟ੍ਰੇਟਰ 47 ਸਾਲਾ ਟੈਲਸ ਨੂੰ ਸਤੰਬਰ 2022 ਵਿਚ ਲਾਸ ਵੇਗਾਸ ਦੇ ਰੀਵੀਊ ਰਸਾਲੇ ਦੇ ਪੱਤਰਕਾਰ ਜੈਫ ਜਰਮਨੀ ਦੀ ਹੋਈ ਮੌਤ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਹੈ। ਫੈਸਲਾ ਸੁਣਨ ਉਪਰੰਤ ਟੈਲਸ ਨੇ ਨੀਵੀਂ ਪਾ ਲਈ। ਇਥੇ ਜਿਕਰਯੋਗ ਹੈ ਕਿ ਸੁਣਾਈ ਦੌਰਾਨ ਟੈਲਸ ਨੇ ਮੰਨਿਆ ਸੀ ਕਿ ਜੇਕਰ ਜੈਫ ਉਸ ਬਾਰੇ ਹਾਨੀਕਾਰਕ ਲੇਖ ਨਾ ਲਿਖਦਾ ਤਾਂ ਉਹ ਕਲਾਰਕ ਕਾਊਂਟੀ ਪਬਲਿਕ ਐਡਮਨਿਸਟ੍ਰੇਟਰ ਦੀ ਮੁੱਢਲੀ ਚੋਣ ਜਿੱਤ ਜਾਂਦਾ। ਜੈਫ ਨੇ ਆਪਣੇ ਲੇਖਾਂ ਵਿਚ ਟੈਲਸ ਦੇ ਰਾਜਸੀ ਦਫਤਰ ਵਿਚ ਚਲ ਰਹੀ ਗੜਬੜ ਨੂੰ ਨੰਗਾ ਕੀਤਾ ਸੀ।

## ਐਟਲਾਂਟਾ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਜਹਾਜ਼ ਦਾ ਟਾਇਰ ਫੱਟਣ ਨਾਲ ਜਬਰਦਸਤ ਧਮਾਕਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਸ਼ਹਿਰ ਐਟਲਾਂਟਾ ਵਿਚ ਹਾਰਟ-ਸਫੀਲਡ ਜੈਕਸਨ ਇੰਟਰਨੈਸ਼ਨਲ ਹਵਾਈ ਅੱਡੇ 'ਤੇ ਜਹਾਜ਼ ਦਾ ਟਾਇਰ ਫਟਣ ਨਾਲ ਹੋਏ ਜਬਰਦਸਤ ਧਮਾਕੇ ਵਿਚ ਡੈਲਟਾ ਏਅਰ ਲਾਈਨਜ਼ ਦੇ ਦੋ ਮੁਲਾਜ਼ਮਾਂ ਦੀ ਮੌਤ ਹੋ ਗਈ ਜਦ ਕਿ ਇਕ ਹੋਰ ਗੰਭੀਰ ਜ਼ਖਮੀ ਹੋ ਗਿਆ। ਡੈਲਟਾ ਏਅਰਲਾਈਨਜ਼ ਦੇ ਬੁਲਾਰੇ ਸਮਾਂਥਾ ਫੈਕਟੂ ਨੇ ਕਿਹਾ ਹੈ ਕਿ ਇਹ ਘਟਨਾ ਏਅਰ ਲਾਈਨਜ਼ ਦੇ ਟੈਕਓਪਸ ਮੇਨਟੀਨੈਂਸ ਖੇਤਰ ਵਿਚ ਸਵੇਰੇ ਤਕਰੀਬਨ 5 ਵਜੇ ਵਾਪਰੀ ਜਿਥੇ ਮੁਲਾਜ਼ਮ ਜਹਾਜ਼ ਦਾ ਟਾਇਰ ਬਦਲ ਰਹੇ ਸਨ ਕਿ ਟਾਇਰ ਫੱਟ ਗਿਆ। ਟਾਇਰ ਬਦਲ ਰਹੇ ਦੋਨਾਂ ਮੁਲਾਜ਼ਮਾ ਦੀ ਘਟਨਾ ਸਥਾਨ 'ਤੇ ਹੀ ਮੌਤ ਹੋ ਗਈ ਜਦ ਕਿ ਇਕ ਹੋਰ ਗੰਭੀਰ ਜ਼ਖਮੀ ਹੋ ਗਿਆ ਜਿਸ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਐਟਲਾਂਟਾ ਪੁਲਿਸ ਵਿਭਾਗ ਦੇ ਮੇਜਰ ਕੈਲੀ ਕੋਲੀਅਰ ਅਨੁਸਾਰ ਸੂਚਨਾ ਮਿਲਣ 'ਤੇ ਹੰਗਾਮੀ ਅਮਲਾ ਤੁਰੰਤ ਮੌਕੇ 'ਤੇ ਪੁੱਜ ਗਿਆ ਸੀ।

## ਕੈਲੀਫੋਰਨੀਆ ਵਿਚ ਡਾਕਟਰ ਦੀ ਹਸਪਤਾਲ ਦੇ ਬਾਹਰ ਗੋਲੀਆਂ ਮਾਰ ਕੇ ਹੱਤਿਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਦੱਖਣੀ ਕੈਲੀਫੋਰਨੀਆ ਵਿਚ ਇਕ ਡਾਕਟਰ ਦੀ ਹਸਪਤਾਲ ਜਿਥੇ ਉਹ ਕੰਮ ਕਰਦਾ ਸੀ, ਦੇ ਬਾਹਰ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਲਾਸ ਏਂਜਲਸ ਪੁਲਿਸ ਵਿਭਾਗ ਨੇ ਮ੍ਰਿਤਕ ਡਾਕਟਰ ਦਾ ਨਾਂ ਜਾਰੀ ਨਹੀਂ ਕੀਤਾ ਹੈ ਪਰੰਤੂ ਪਰਿਵਾਰ ਤੇ ਦੋਸਤਾਂ ਨੇ ਉਸ ਦੀ ਪਛਾਣ ਡਾ ਹਾਮਿਦ ਮੀਰਸ਼ੋਜੇ ਵਜੋਂ ਕੀਤੀ ਹੈ। ਪੁਲਿਸ ਵੱਲੋਂ ਜਾਰੀ ਬਿਆਨ ਅਨੁਸਾਰ 61 ਸਾਲਾ ਡਾਕਟਰ ਨੂੰ ਸ਼ਹਿਰ ਦੇ ਵੁੱਡਲੈਂਡ ਹਿਲਜ਼ ਖੇਤਰ ਵਿਚ ਉਸ ਦੇ ਦਫਤਰ ਵਾਰਨਰ ਪਲਾਜ਼ਾ ਅਰਜੈਂਟ ਸੈਂਟਰ ਨੇੜੇ ਗੋਲੀ ਮਾਰੀ ਗਈ ਜਿਸ ਉਪਰੰਤ ਉਹ ਮੌਕੇ ਉਪਰ ਹੀ ਦਮ ਤੋੜ ਗਿਆ। ਸੂਚਨਾ ਮਿਲਣ 'ਤੇ ਪੁਲਿਸ ਸਥਾਨਕ ਸਮੇ ਅਨੁਸਾਰ ਸ਼ਾਮ ਤਕਰੀਬਨ 6.12 ਵਜੇ ਘਟਨਾ ਸਥਾਨ 'ਤੇ ਪੁੱਜੀ। ਪੁਲਿਸ ਅਨੁਸਾਰ ਡਾਕਟਰ ਨੂੰ ਮਾਰਨ ਦਾ ਕਾਰਨ ਕੀ ਸੀ ਇਸ ਬਾਰੇ ਫਿਲਹਾਲ ਕੁਝ ਨਹੀਂ ਕਿਹਾ ਜਾ ਸਕਦਾ। ਮਾਮਲੇ ਦੀ ਮੁਕੰਮਲ ਜਾਂਚ ਪੜਤਾਲ ਉਪਰੰਤ ਹੀ ਕੋਈ ਸਿੱਟਾ ਕੱਢਿਆ ਜਾ ਸਕੇਗਾ। ਲਾਸ ਏਂਜਲਸ ਪੁਲਿਸ ਵਿਭਾਗ ਦੇ ਬੁਲਾਰੇ ਡਰੇਕ ਮੈਡੀਸਨ ਨੇ ਕਿਹਾ ਹੈ ਕਿ ਸ਼ੱਕੀ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਤੇ ਉਹ ਪੁਲਿਸ ਦੀ ਪਹੁੰਚ ਤੋਂ ਬਾਹਰ ਹੈ। ਉਨਾਂ ਕਿਹਾ ਕਿ ਮਾਮਲਾ ਅਜੇ ਜਾਂਚ ਅਧੀਨ ਹੈ।


L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991

ਕੈਰੀ ਬੈਗ ਵਧੀਆ ਤੇ ਸਸਤੇ ਰੇਟਾਂ 'ਤੇ ਉਪਲਬਧ ਹਨ
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ
Loose Fabrics, Groceries, Blankets, Vegetables
New folding bed verities

Baksho Kaur Bisla Hardev Singh Bisla

ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।


ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
530-671-0439, Fax 530-822-0439 Cell- 530-844-3250

# ਹੱਤਿਆ ਤੇ ਜਬਰ ਜਨਾਹ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਪ੍ਰਾਪਤ ਦੋਸ਼ੀ ਨੂੰ ਲਾਇਆ ਜ਼ਹਿਰ ਦਾ ਟੀਕਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** – ਇਕ 18 ਸਾਲਾ ਵਿਦਿਆਰਥੀ ਦੀ ਹੱਤਿਆ ਤੇ ਉਸ ਦੀ ਵੱਡੀ ਭੈਣ ਨਾਲ ਜਬਰ ਜਨਾਹ ਕਰਨ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਪ੍ਰਾਪਤ ਦੋਸ਼ੀ ਲੋਰਾਨ ਕੌਲ ਨੂੰ ਫਲੋਰਿਡਾ ਦੀ ਜੇਲ ਵਿਚ ਜ਼ਹਿਰ ਦਾ ਟੀਕਾ ਲਾਇਆ ਗਿਆ। ਉਸ ਵੱਲੋਂ ਬੀਤੇ ਦਿਨ ਜਾਨ ਬਖਸ਼ ਦੇਣ ਦੀ ਕੀਤੀ ਗਈ ਆਖਰੀ ਬੇਨਤੀ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ। ਜੈਕਸਨਵਿਲੇ ਤੋਂ 40 ਮੀਲ ਦੂਰ ਦੱਖਣ ਪੱਛਮ ਵਿਚ ਸਥਿੱਤ ਫਲੋਰਿਡਾ ਸਟੇਟ ਜੇਲ ਰਾਈਫੋਰਡ ਵਿਚ ਕੌਲ (57) ਨੂੰ ਜ਼ਹਿਰ ਦਾ ਟੀਕਾ ਲਾਉਣ ਉਪਰੰਤ ਸ਼ਾਮ 6।15 ਵਜੇ ਮ੍ਰਿਤਕ ਐਲਾਨ ਦਿੱਤਾ ਗਿਆ। ਇਸ ਸਾਲ ਫਲੋਰਿਡਾ ਵਿਚ ਇਹ ਪਹਿਲੀ ਤੇ ਅਮਰੀਕਾ ਵਿਚ ਇਹ ਤੇਰਵੀਂ ਫਾਂਸੀ ਹੈ। ਕੌਲ ਨੂੰ 1994 ਵਿਚ ਫਲੋਰਿਡਾ ਸਟੇਟ ਯੁਨੀਵਰਸਿਟੀ ਦੇ ਵਿਦਿਆਰਥੀ ਜੌਹਨ ਐਡਵਰਡਜ ਦੀ ਹੱਤਿਆ ਕਰਨ ਤੇ ਉਸ ਦੀ ਭੈਣ ਨਾਲ ਜਬਰ ਜਨਾਹ ਕਰਨ ਦੇ ਮਾਮਲੇ ਵਿਚ ਦੋਸ਼ੀ ਕਰਾਰ ਦੇ ਕੇ ਮੌਤ ਦੀ ਸਜ਼ਾ ਸੁਣਾਈ ਗਈ ਸੀ। ਜ਼ਹਿਰ ਦਾ ਟੀਕਾ ਲਾਉਣ ਵੇਲੇ ਗਾਰਡ, ਸਟਾਫ ਤੇ 7 ਪੱਤਰਕਾਰ ਹਾਜਰ ਸਨ।



# ਬਾਬਾ ਬੁੱਢਾ ਜੀ ਦੀ ਯਾਦ ’ਚ ਗੁ: ਦੂਖ ਨਿਵਾਰਨ ਸਾਹਿਬ ’ਚ ਕੀਰਤਨ ਦਰਬਾਰ 12 ਸਤੰਬਰ ਤੋਂ

## ਪੰਥ ਪ੍ਰਸਿੱਧ ਕਥਾਵਾਚਕ ਭਾਈ ਪਿੰਦਰਪਾਲ ਸਿੰਘ, ਰਾਗੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਕਰਨਗੇ ਸ਼ਿਰਕਤ

**ਵੈਨਕੂਵਰ, (ਮਲਕੀਤ ਸਿੰਘ)**–ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਹੈਡ ਗ੍ਰੰਥੀ ਅਤੇ ਮਹਾਨ ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਸਰੀ ਸਥਿਤ ਗੁ: ਦੂਖ ਨਿਵਾਰਨ ਸਾਹਿਬ ਵਿਖੇ 12 ਤੋਂ 24 ਸਤੰਬਰ ਤੀਕ ਇਕ ਮਹਾਨ ਅੰਮ੍ਰਿਤ ਰਸ ਕੀਰਤਨ ਦਰਬਾਰ ਕਰਵਾਇਆ ਜਾ ਰਿਹਾ ਹੈ ਅਤੇ ਸੰਗਤਾਂ ਦੇ ਸਹਿਯੋਗ ਨਾਲ ਇਸ ਸਬੰਧੀ ਲੋੜੀਂਦੇ ਪ੍ਰਬੰਧਾਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਗਈਆਂ ਹਨ।

ਉਕਤ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਨਰਿੰਦਰ ਸਿੰਘ ਨੇ ਇਸ ਸਬੰਧੀ ਵਿਸਥਾਰਿਤ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਕੀਰਤਨ ਦਰਬਾਰ ’ਚ ਪੰਥ ਪ੍ਰਸਿੱਧ ਕਥਾਵਾਚਕ ਭਾਈ ਪਿੰਦਰਪਾਲ ਸਿੰਘ (ਲੁਧਿਆਣੇ ਵਾਲੇ) ਪੰਜਾਬ ਤੋਂ ਕੈਨੇਡਾ ਪਹੁੰਚ ਕੇ ਜਿੱਥੇ ਕਿ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਨਗੇ, ਉਥੇ ਪੰਥ ਪ੍ਰਸਿੱਧ ਰਾਗੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਅਤੇ ਭਾਈ ਮਨਿੰਦਰ ਸਿੰਘ ਦੇ ਰਾਗੀ ਜੱਥਿਆਂ ਵੱਲੋਂ ਵੀ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ।

ਉਨ੍ਹਾਂ ਇਹ ਵੀ ਦੱਸਿਆ ਕਿ ਇਸ ਦੌਰਾਨ ਅੰਮ੍ਰਿਤ ਸੰਚਾਰ ਵੀ ਕੀਤਾ ਜਾਵੇਗਾ।




# ਸਰਕਾਰੀ ਕਾਲਜ ਵਿੱਚ ਪ੍ਰਤਿਭਾ ਖੋਜ ਦੇ ਮੁਕਾਬਲੇ ਕਰਵਾਏ ਗਏ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਸਥਾਨਕ ਸਰਕਾਰੀ ਕਾਲਜ ਵਿੱਚ ਕਾਲਜ ਦੇ ਪ੍ਰਿੰਸੀਪਲ ਅਨੀਤਾ ਸਾਗਰ ਜੀ ਦੀ ਅਗਵਾਈ ਵਿੱਚ ਕਾਲਜ ਦੇ ਯੁਵਕ ਭਲਾਈ ਇੰਚਾਰਜ ਅਨੂੰ ਬਾਲਾ ਦੀ ਦੇਖ ਰੇਖ ਹੇਠ ਪ੍ਰਤਿਭਾ ਖੋਜ ਦੇ ਮੁਕਾਬਲੇ ਵਿਦਿਆਰਥੀਆਂ ਵਿੱਚ ਕਰਵਾਏ ਗਏ। ਜਿਸ ਵਿੱਚ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਇਸ ਵਿੱਚ ਡਿਬੇਟ, ਕਵਿਤਾ ਉਚਾਰਣ, ਸੰਗੀਤ ਦੀਆ ਆਈਟਮਜ਼, ਗਿੱਧਾ, ਭੰਗੜਾ, ਸੰਮੀ, ਜਨਰਲ ਡਾਂਸ, ਫਾਈਨ ਆਰਟਸ, ਹੈਰੀਟੇਜ ਆਈਟਮਜ਼ ਵਿੱਚ ਵਿਦਿਆਰਥੀਆਂ ਨੇ ਆਪਣੇ ਹੁਨਰ ਨੂੰ ਪੇਸ਼ ਕੀਤਾ। ਜਿਸ ਦੀ ਸਟਾਫ਼ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ। ਇਸ ਸਮੇਂ ਦੇ ਜੇਤੂ ਵਿਦਿਆਰਥੀਆਂ ਨੂੰ ਯੂਥ ਫੈਸਟੀਵਲ ਵਿੱਚ ਹਿੱਸਾ ਲੈਣ ਦਾ ਮੌਕਾ ਦਿੱਤਾ ਜਾਵੇਗਾ। ਕਾਲਜ ਦੇ ਵਾਇਸ ਪ੍ਰਿੰਸੀਪਲ ਵਿਜੇ ਕੁਮਾਰ ਤੋਂ ਇਲਾਵਾ, ਕਾਲਜ ਦਾ ਸਟਾਫ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜਰ ਸਨ।

# 'ਮੇਲਾ ਸਹੇਲੀਆਂ ਦਾ' ਸਰੀ 'ਚ ਲੱਗੇਗਾ 8 ਸਤੰਬਰ ਨੂੰ

## ਗਾਇਕਾ ਅਮਨ ਰੋਜ਼ੀ, ਅੰਮ੍ਰਿਤਾ ਵਿਰਕ ਤੇ ਬਲਜਿੰਦਰ ਰਿੰਪੀ ਦੀ ਗਾਇਕੀ ਨਾਲ ਪਵੇਗੀ ਧਮਾਲ




**ਵੈਨਕੂਵਰ (ਮਲਕੀਤ ਸਿੰਘ)**– ਡਗਰੂ ਗਰੁੱਪ ਅਤੇ ਡਾ. ਬਲਵਿੰਦਰ ਸਿੰਘ ਧਾਲੀਵਾਲ ਵਲੋਂ 'ਸਹੇਲੀਆਂ ਦਾ ਮੇਲਾ' ਟਾਈਟਲ ਹੇਠ ਇੱਕ ਸੱਭਿਆਚਾਰਕ ਪ੍ਰੋਗਰਾਮ ਸਰੀ ਕੈਨੇਡਾ ਵਿਖੇ 8 ਸਤੰਬਰ ਨੂੰ ਬਹੁਤ ਹੀ ਸ਼ਾਨੋ ਸ਼ੌਕਤ ਨਾਲ ਬੰਬੇ ਬੈਕੁੰਟ ਹਾਲ ਸਰੀ ਵਿਖੇ ਦੁਪਹਿਰ 12 ਵਜੇ ਤੋਂ ਕਰਵਾਇਆ ਜਾ ਰਿਹਾ ਹੈ । ਇਸ ਵਿਸ਼ੇਸ਼ ਸੱਭਿਆਚਾਰਕ ਪ੍ਰੋਗਰਾਮ ਵਿੱਚ ਜਿੱਥੇ ਪੰਜਾਬ ਦੇ ਸੱਭਿਆਚਾਰ ਦੀਆਂ ਗੱਲਾਂ, ਰੀਤਾਂ, ਰਿਵਾਜਾਂ, ਬੋਲੀਆਂ, ਟੱਪੇ ਗਿੱਧਾ ਭੰਗੜਾ ਅਤੇ ਹੋਰ ਵੰਨਗੀਆਂ ਦੀ ਪੇਸ਼ਕਾਰੀ ਹੋਵੇਗੀ, ਉਥੇ ਹੀ ਪੰਜਾਬੀ ਗਾਇਕੀ ਦਾ ਖੁੱਲਾ ਅਖਾੜਾ ਸਜੇਗਾ। ਜਿਸ ਵਿੱਚ ਸੁਪ੍ਰਸਿੱਧ ਗਾਇਕਾ ਅਮਨ ਰੋਜ਼ੀ, ਅੰਮ੍ਰਿਤਾ ਵਿਰਕ, ਬਲਜਿੰਦਰ ਰਿੰਪੀ ਆਪਣੇ ਆਪਣੇ ਪੰਜਾਬੀ ਗੀਤਾਂ ਨਾਲ ਸਰੋਤਿਆਂ ਦੇ ਨਾਲ ਰੂਬਰੂ ਹੋਣਗੀਆਂ ਅਤੇ ਆਪਣੀ ਗਾਇਕੀ ਦੀ ਧਮਾਲ ਪਾਉਣਗੀਆਂ। ਇਸ ਸ਼ੋਅ ਲਈ ਬੀ ਫੌਰ ਯੂ, ਰਾਇਲ ਬਿਜਨਸ ਸੈਂਟਰ, ਗਿੱਲ ਜਿਊਲਰੀਜ, ਸੁੱਖੀ ਕੌਰ ਨਾਲ ਸਰੀ ਵਿੱਚ ਸੰਪਰਕ ਸਾਧਿਆ ਜਾ ਸਕਦਾ ਹੈ। ਇਸ ਪ੍ਰੋਗਰਾਮ ਦੌਰਾਨ ਪੁਸ਼ਪਾ ਰਾਣੀ ਦੇ ਖਾਣੇ ਦਾ ਵਿਸ਼ੇਸ਼ ਪ੍ਰਬੰਧ ਪ੍ਰਬੰਧਕਾਂ ਵਲੋਂ ਕੀਤਾ ਗਿਆ ਹੈ।



# ਪੰਜਾਬ ਸਰਕਾਰ ਨੂੰ ਲਿਖੇ ਜਾਂਦੇ ਪੱਤਰਾਂ ਦੇ ਉਤਰ ਦੇਣ ਲਈ ਸਮਾਂ ਨਿਰਧਾਰਿਤ ਕਰਨ ਦੀ ਮੰਗ

**ਅੰਮ੍ਰਿਤਸਰ–** ਅੰਮ੍ਰਿਤਸਰ ਵਿਕਾਸ ਮੰਚ ਨੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਅਤੇ ਚੀਫ ਸੈਕਟਰੀ ਪੰਜਾਬ ਨੂੰ ਪੱਤਰ ਲਿਖ ਕੇ ਮੰਚ ਵੱਲੋਂ ਪੰਜਾਬ ਸਰਕਾਰ ਨੂੰ ਲਿਖੇ ਜਾਂਦੇ ਪੱਤਰਾਂ ਦੇ ਜੁਆਬ ਨਾ ਦੇਣ ਦਾ ਦੋਸ਼ ਲਾਉਂਦੇ ਹੋਇ ਮੰਗ ਕੀਤੀ ਹੈ ਕਿ ਪੱਤਰਾਂ ਦੇ ਜੁਆਬ ਦੇਣ ਦਾ ਸਮਾਂ ਨਿਰਧਾਰਿਤ ਕਰਨ ਲਈ ਕਾਨੂੰਨ ਬਣਾਇਆ ਜਾਵੇ। ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ, ਮਨਮੋਹਨ ਸਿੰਘ ਬਰਾੜ, ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ ਤੇ ਪ੍ਰਧਾਨ ਇੰਜ. ਹਰਜਾਪ ਸਿੰਘ ਔਜਲਾ ਵੱਲੋਂ ਲਿਖੇ ਇੱਕ ਸਾਂਝੇ ਪੱਤਰ ਵਿੱਚ ਕਿਹਾ ਗਿਆ ਹੈ ਕਿ ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਵੱਖ ਵੱਖ ਮਸਲਿਆਂ ਸੰਬੰਧੀ ਸਮੇਂ ਸਮੇਂ ਜੋ ਪੱਤਰ ਡਾਕ ਰਾਹੀਂ ਤੇ ਈ-ਮੇਲ ਰਾਹੀਂ ਭੇਜੇ ਜਾਂਦੇ ਹਨ, ਉਨ੍ਹਾਂ ਦਾ ਜੁਆਬ ਨਹੀਂ ਦਿੱਤਾ ਜਾਂਦਾ ਜਦ ਕਿ ਇਹ ਸੰਬਧਿਤ ਅਧਿਕਾਰੀਆਂ ਦੀ ਡਿਊਟੀ ਹੈ ਕਿ ਹਰੇਕ ਪੱਤਰ ਦਾ ਜੁਆਬ ਦੇਣ। ਇਹ ਮਸਲਾ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸ। ਪ੍ਰਤਾਪ ਸਿੰਘ ਬਾਜਵਾ ਨੇ ਵੀ ਵਿਧਾਨ ਸਭਾ ਦੇ ਪਹਿਲੇ ਦਿਨ ਦੇ ਅਜਲਾਸ ਵਿਚ ਉਠਾਇਆ ਕਿ ਉਨ੍ਹਾਂ ਵਲੋਂ ਲਿਖੇ ਜਾਂਦੇ ਪਤਰਾਂ ਦੇ ਕੋਈ ਵੀ ਅਧਿਕਾਰੀ ਜੁਆਬ ਨਹੀਂ ਦੇਂਦਾ।ਅਜਿਹਾ ਇਸ ਕਰਕੇ ਹੋ ਰਿਹਾ ਹੈ ਕਿ ਜੁਆਬ ਨਾ ਦੇਣ ਵਾਲੇ ਅਧਿਕਾਰੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਉਦਾਹਰਨ ਦੇ ਤੌਰ ‘ਤੇ 6 ਅਕਤੂਬਰ 2012 ਨੂੰ ਉਪ-ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦਾ ਬਿਆਨ ਅਖ਼ਬਾਰਾਂ ਵਿਚ ਆਇਆ ਸੀ ਕਿ ਆਉਂਦੇ ਦੋ ਸਾਲਾਂ ਵਿੱਚ ਅੰਮ੍ਰਿਤਸਰ ਸ਼ਹਿਰ ਦੀ ਕਾਇਆ ਕਲਪ ਕਰ ਦਿੱਤੀ ਜਾਵੇਗੀ ਤੇ ਅੰਮ੍ਰਿਤਸਰ ਵਿਸ਼ਵ ਦੇ ਨਕਸ਼ੇ ‘ਤੇ ਚਮਕੇਗਾ। ਇਸ ਉਦੇਸ਼ ਲਈ ਸ਼ਹਿਰ ਵਿੱਚ ਓਪਨ ਏਅਰ ਥੀਏਟਰ, ਇੰਨ ਡੋਰ ਆਡੀਟੋਰੀਅਮ, ਏਅਰ ਕੰਡੀਸ਼ਨ ਟਰੇਡ ਸੈਂਟਰ ਆਦਿ ਦਾ ਨਿਰਮਾਣ ਦੋ ਸਾਲਾਂ ਵਿੱਚ ਕੀਤਾ ਜਾਵੇਗਾ। ਇਸ ਤੋਂ ਪਹਿਲਾਂ 24 ਜੁਲਾਈ 2008 ਨੂੰ ਉਸ ਸਮੇਂ ਦੇ ਮੁੱਖ ਮੰਤਰੀ ਸ। ਪ੍ਰਕਾਸ਼ ਸਿੰਘ ਬਾਦਲ ਦਾ ਇੱਕ ਬਿਆਨ ਆਇਆ ਸੀ ਕਿ ਪੰਜਾਬ ਸਰਕਾਰ ਵਲੋਂ ਅੰਮ੍ਰਿਤਸਰ ਵਿਖੇ ਇੱਕ ਵਰਲਡ ਕਲਾਸ ਯੂਨੀਵਰਸਿਟੀ ਸਥਾਪਤ ਕਰਨ ਲਈ ਕੇਂਦਰ ਸਰਕਾਰ ਦੀ ਪ੍ਰਪੋਜਲ ਨੂੰ ਪਹਿਲਾਂ ਹੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ ਅਤੇ ਇਸ ਯੂਨੀਵਰਸਿਟੀ ਲਈ ਸਤ ਸੌ ਏਕੜ ਜ਼ਮੀਨ ਦੀ ਭਾਲ ਕੀਤੀ ਜਾ ਰਹੀ ਹੈ।ਅੰਮ੍ਰਿਤਸਰ ਵਿਕਾਸ ਮੰਚ ਇਨ੍ਹਾਂ ਦੋਵਾਂ ਬਿਆਨਾਂ ਨੂੰ ਆਧਾਰ ਬਣਾ ਕੇ ਮੰਚ ਵੱਲੋਂ 2 ਦਸੰਬਰ 2013 ਨੂੰ ਸ। ਸੁਖਬੀਰ ਸਿੰਘ ਬਾਦਲ ਨੂੰ ਇੱਕ ਪੱਤਰ ਪੰਜਾਬ ਸਰਕਾਰ ਵੱਲੋਂ ਇੰਟਰਨੈਟ ਉਪਰ ਬਣਾਏ ਗਏ ਪਬਲਿਕ ਗ੍ਰੀਵੈਂਨਸ ਵੈਬਸਾਇਟ ‘ਤੇ ਭੇਜਿਆ ਗਿਆ ਸੀ ਜੋ ਕਿ ਉਪ-ਮੁੱਖ ਮੰਤਰੀ ਦੇ ਦਫ਼ਤਰ ਵਲੋਂ ਇਹ ਪੱਤਰ 9 ਜਨਵਰੀ 2014 ਤੋਂ ਗ੍ਰਹਿ ਵਿਭਾਗ ਅਤੇ ਜਸਟਿਸ ਵਿਭਾਗ ਪਾਸ ਪਿਆ ਹੈ। ਇਸ ਦਾ ਜੁਆਬ ਅਜੇ ਤੀਕ ਨਹੀਂ ਆਇਆ। 28 ਸਤੰਬਰ 2022 ਨੂੰ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਨੂੰ ਇੱਕ ਈ-ਮੇਲ ਭੇਜੀ ਗਈ ਕਿ ਮੌਜੂਦਾ ਵਿਧਾਨ ਸਭਾ ਅਜਲਾਸ ਵਿਚ ਲਾਇਬਰੇਰੀ ਬਿਲ ਪਾਸ ਕਰਨ ਦੀ ਖੇਚਲ ਕੀਤੀ ਜਾਵੇ । ਸਾਰੇ ਸੂਬੇ ਅਜਿਹੇ ਕਾਨੂੰਨ ਪਾਸ ਕਰਕੇ ਪਿੰਡ-ਪਿੰਡ ਲਾਇਬ੍ਰੇਰੀਆਂ ਖੋਲ੍ਹ ਚੁੱਕੇ ਹਨ, ਪਰ ਪੰਜਾਬ ਅੱਜੇ ਵੀ ਫਾਡੀ ਹੈ। ਮੰਚ ਵਲੋਂ 15 ਮਾਰਚ 2016 ਤੋਂ ਇਸ ਸਬੰਧੀ ਪੱਤਰ ਲਿਖੇ ਜਾ ਰਹੇ ਹਨ ਪਰ ਕੋਈ ਜੁਆਬ ਨਹੀਂ ਆਉਂਦਾ। ਪੰਜਾਬ ਸਰਕਾਰ ਵਲੋਂ ਅੰਮ੍ਰਿਤਸਰ ਅੰਤਰ-ਰਾਸ਼ਟਰੀ ਹਵਾਈ ਅੱਡੇ ਤੋਂ ਵੱਖ ਵੱਖ ਸ਼ਹਿਰਾਂ ਨੂੰ ਪੰਜਾਬ ਰੋਡਵੇਜ਼ ਤੇ ਪੈਪਸੂ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ ਬੱਸਾਂ ਚਲਾਉਣ ਲਈ ਅਕਾਲੀ ਸਰਕਾਰਾਂ ਤੇ ਕਾਂਗਰਸੀ ਸਰਕਾਰਾਂ ਤੇ ਹੁਣ ਆਪ ਸਰਕਾਰ ਨੂੰ ਪੱਤਰ ਲਿਖੇ ਗਏ।ਨਾ ਤਾ ਅਜੇ ਤੀਕ ਬੱਸਾਂ ਚਲੀਆਂ ਹਨ ਤੇ ਨਾ ਹੀ ਇਨ੍ਹਾਂ ਪੱਤਰਾਂ ਦਾ ਕੋਈ ਉਤਰ ਅਜੇ ਤੀਕ ਆਇਆ ਹੈ। ਹੈਰਾਨੀ ਵਾਲੀ ਗੱਲ ਹੈ ਕਿ ਟਰਾਂਸਪੋਰਟ ਮੰਤਰੀ ਸ। ਲਾਲਜੀਤ ਸਿੰਘ ਭੁਲਰ ਜੋ ਕਿ ਮਾਝੇ ਦੇ ਸ਼ਹਿਰ ਪੱਟੀ ਤੋਂ ਹਨ ਉਨ੍ਹਾਂ ਨੇ ਵੀ ਇਸ ਸੰਬੰਧੀ ਅੱਖਾਂ ਮੀਟੀਆਂ ਹੋਈਆਂ ਹਨ। ਅੰਮ੍ਰਿਤਸਰ ਹਵਾਈ ਅੱਡੇ ਤੋਂ ਵੱਖ ਵੱਖ ਮੁਲਕਾਂ ਦੀਆਂ ਏਅਰ ਲਾਈਨਾਂ ਉਡਾਣਾਂ ਸ਼ੁਰੂ ਕਰਨ ਲਈ ਆਗਿਆ ਮੰਗ ਰਹੀਆਂ ਹਨ ਪਰ ਉਨ੍ਹਾਂ ਨੂੰ ਆਗਿਆ ਨਹੀਂ ਦਿੱਤੀ ਜਾ ਰਹੀ ।ਮੰਚ ਵਲੋਂ ਪਹਿਲੇ ਮੁੱਖ ਮੰਤਰੀਆਂ ਨੂੰ ਅਤੇ ਹੁਣ ਦੇ ਮੁੱਖ ਮੰਤਰੀ ਨੂੰ ਇਹ ਮਾਮਲਾ ਪ੍ਰਧਾਨ ਮੰਤਰੀ ਨਾਲ ਉਠਾਉਣ ਲਈ ਪੱਤਰ ਲਿਖੇ ਜਾ ਰਹੇ ਹਨ ਪਰ ਇਨ੍ਹਾਂ ਦਾ ਕੋਈ ਉਤਰ ਨਹੀਂ ਦੇ ਰਿਹਾ ਅਤੇ ਨਾ ਹੀ ਉਨ੍ਹਾਂ ਨੇ ਇਹ ਮਸਲਾ ਕਦੇ ਉਠਾਇਆ। ਹਾਂ ਉਨ੍ਹਾਂ ਵਲੋਂ ਮੁਹਾਲੀ ਅਤੇ ਆਦਮਪੁਰ ਦੇ ਹਵਾਈ ਅੱਡਿਆਂ ਤੋਂ ਸਿੱਧੀਆਂ ਰਾਸਟਰੀ ਅਤੇ ਅੰਤਰ -ਰਾਸ਼ਟਰੀ ਉਡਾਣਾਂ ਚਲਾਉਣ ਲਈ ਪ੍ਰਧਾਨ ਮੰਤਰੀਆਂ ਤੇ ਸ਼ਹਿਰੀ ਹਵਾਬਾਜੀ ਮੰਤਰੀਆਂ ਨੂੰ ਮਿਲਣ ਦੀਆਂ ਖ਼ਬਰਾਂ ਆਇ ਦਿਨ ਜ਼ਰੂਰ ਆਉਂਦੀਆਂ ਰਹਿੰਦੀਆਂ ਹਨ।

ਪੰਜਾਬ ਦੀ ਖੇਤੀਬਾੜੀ ਦੀ ਬਿਹਤਰੀ ਲਈ ਕੇਂਦਰ ਸਰਕਾਰ ਨੇ 2015 ਵਿੱਚ ਹੌਰਟੀਕਲਚਰ ਇੰਸਟੀਚਿਊਟ ਅੰਮ੍ਰਿਤਸਰ ਵਿੱਚ ਸਥਾਪਤ ਕਰਨ ਦਾ ਫੈਸਲਾ ਕੀਤਾ। ਇਸ ਪ੍ਰੈਜੈਕਟ ‘ਤੇ ਕੇਂਦਰ ਸਰਕਾਰ ਨੇ ਕੋਈ ਦੋ ਹਜ਼ਾਰ ਕਰੋੜ ਰੁਪਏ ਖਰਚ ਕਰਨੇ ਹਨ। ਬਾਕੀ ਸਾਰੀਆਂ ਕਾਰਵਾਈਆਂ ਪੂਰੀਆਂ ਹੋ ਚੁੱਕੀਆਂ ਹਨ। ਕੇਵਲ 30 ਏਕੜ ਜ਼ਮੀਨ ਖ੍ਰੀਦਣੀ ਹੈ ਜੋ ਕਿ ਨਾ ਤਾਂ ਪਿਛਲੇ ਮੁੱਖ ਮੰਤਰੀਆਂ ਜ਼ਮੀਨ ਖ੍ਰੀਦੀ ਤੇ ਨਾ ਹੀ ਮੌਜੂਦਾ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਖ੍ਰੀਦ ਰਹੇ ਹਨ। ਇਸ ਸੰਬੰਧੀ ਮੰਚ ਵੱਲੋਂ ਲਿਖੀਆਂ ਗਈਆਂ ਚਿੱਠੀਆਂ ਦਾ ਅਜੇ ਕੋਈ ਜੁਆਬ ਨਹੀਂ ਆਇਆ ਕਿ ਇਸ ਜ਼ਮੀਨ ਨੂੰ ਖ਼੍ਰੀਦਣ ਵਿਚ ਕੀ ਮੁਸ਼ਕਲ ਹੈ?

ਸ਼ਰਾਬ ਮਾਫੀਆ ਨੂੰ ਨੱਥ ਪਾਉਣ ਲਈ ਤਾਮਿਲਨਾਡੂ ਵਾਂਗ ਸ਼ਰਾਬ ਦੇ ਕਾਰੋਬਾਰ ਆਪਣੇ ਹੱਥ ਵਿੱਚ ਲੈਣ ਲਈ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਨੂੰ 11 ਮਾਰਚ 2023 ਨੂੰ ਇੱਕ ਪੱਤਰ ਈ-ਮੇਲ ਰਾਹੀਂ ਭੇਜਿਆ ਸੀ। ਜਿਸ ਵਿੱਚ ਅਸੀਂ ਲਿਖਿਆ ਸੀ ਕਿ ਤਾਮਿਲਨਾਡੂ ਸਰਕਾਰ ਨੇ 1983 ਦਾ ਸ਼ਰਾਬ ਦਾ ਕਾਰੋਬਾਰ ਆਪਣੇ ਹੱਥ ਵਿੱਚ ਲਿਆ ਹੋਇਆ ਹੈ ਤੇ ਉਸ ਨੂੰ 2021-22 ਵਿੱਚ 26 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਕਮਾਈ ਹੋਈ ਹੈ। ਸ। ਨਵਜੋਤ ਸਿੰਘ ਸਿੱਧੂ 11 ਜਨਵਰੀ 2022 ਨੂੰ ਪ੍ਰੈਸ ਕਾਨਫਰੰਸ ਵਿੱਚ ਕਿਹਾ ਸੀ ਕਿ ਜੇ ਅਸੀਂ ਤਾਮਿਲਨਾਡੂ ਵਾਂਗ ਸ਼ਰਾਬ ਮਾਫੀਆ ‘ਤੇ ਕਾਬੂ ਪਾ ਲਈਏ ਤਾਂ 50 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਸਾਲਾਨਾ ਕਮਾਈ ਹੋ ਸਕਦੀ ਹੈ। ਸਿੱਧੂ ਨੇ ਇਹ ਵੀ ਕਿਹਾ ਸੀ ਕਿ ਜੇ ਰੇਤ ਮਾਫੀਆ, ਕੇਬਲ ਮਾਫੀਆ ਇਸ਼ਤਿਹਾਰਬਾਜੀ ‘ਤੇ ਸਰਕਾਰ ਨੱਥ ਪਾ ਲਵੇ ਸਰਕਾਰ ਨੂੰ ਕਮਾਈ ਹੋ ਸਕਦੀ ਹੈ। ਪਰ ਨਾ ਤਾਂ ਪਹਲੀਆਂ ਸਰਕਾਰਾਂ ਨੇ ਨੱਠ ਪਾਈ ਹੈ ਤੇ ਨਾ ਹੀ ਮੌਜੂਦਾ ਆਪ ਸਰਕਾਰ ਮਾਫ਼ੀਆ ਰਾਜ ਨੂੰ ਨਥ ਪਾ ਰਹੀ ਹੈ, ਜਿਸ ਨਾਲ ਸਰਕਾਰੀ ਖ਼ਗ਼ਾਨੇ ਨੂੰ ਅਰਬਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ।

2016 ਦਾ ਪੰਜਾਬ ਸਟਰੀਟ ਵੈਂਡਰ ਐਕਟ ਲਾਗੂ ਕਰਨ ਸਬੰਧੀ ਮੰਚ ਵੱਲੋਂ 28 ਮਈ 2024 ਨੂੰ ਇੱਕ ਪੱਤਰ ਈ-ਮੇਲ ਰਾਹੀਂ ਮੁੱਖ-ਮੰਤਰੀ ਨੂੰ ਭੇਜਿਆ ਗਿਆ ਜਿਸ ਅਨੁਸਾਰ ਨਗਰ ਨਿਗਮ ਨੇ ਰੇਹੜੀਆਂ ਰਜਿਸਟਰਡ ਕਰਨੀਆਂ ਹਨ। ਹਰੇਕ ਰੇਹੜੀ ਵਾਲੇ ਕੋਲੋਂ ਇੱਕ ਹਜ਼ਾਰ ਰੁਪਏ ਮਹੀਨੇ ਨਗਰ ਨਿਗਮ ਨੇ ਲੈਣੇ ਹਨ। 8 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ,ਪੰਜਾਬ ਸਰਕਾਰ ਨੇ ਇਸ ਕਾਨੂੰਨ ਤੇ ਅਜੇ ਤੱਕ ਅਮਲ ਨਹੀਂ ਕੀਤ ਹੋਇਆ ਤੇ ਨਾ ਹੀ ਕੋਈ ਉਤਰ ਆਇਆ ਹੈ। ਇਸ ਤਰ੍ਹਾਂ ਅਰਬਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ।ਇਸ ਤਰ੍ਹਾਂ ਦੇ ਬਹੁਤ ਸਾਰੇ ਹੋਰ ਮਸਲਿਆਂ ਬਾਰੇ ਪੱਤਰ ਲਿਖੇ ਗਏ ਹਨ ਜਿਨ੍ਹਾਂ ਦਾ ਅਜੇ ਤੀਕ ਕੋਈ ਜੁਆਬ ਨਹੀਂ ਆਇਆ। ਜੇ ਪੱਤਰਾਂ ਦਾ ਜੁਆਬ ਦੇਣ ਲਈ ਸਮਾਂ ਨਿਰਧਾਰਿਤ ਹੋ ਜਾਵੇ ਤੇ ਉਸ ਸਮੇਂ ਬਾਦ ਜੁਰਮਾਨੇ ਕਰਨ ਦੀ ਵਿਵਸਥਾ ਹੋ ਜਾਵੇ ਤਾਂ ਹੀ ਇਹ ਮਸਲਾ ਹੱਲ ਹੋ ਸਕਦਾ ਹੈ। ਮੰਚ ਵਲੋਂ ਸਮੂਹ ਵਿਧਾਇਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਪਾਰਟੀਬਾਜੀ ਤੋਂ ਉਪਰ ਉੱਠ ਕੇ ਇਸ ਸਮੇਂ ਚਲ ਰਹੇ ਅਜਲਾਸ ਵਿਚ ਇਹ ਮਾਮਲਾ ਉਠਾਣ।

# ਰਾਹੁਲ ਗਾਂਧੀ ਕਰਨਗੇ ਅਮਰੀਕਾ ਦਾ ਤਿੰਨ-ਰੋਜ਼ਾ ਦੌਰਾ

## ਵਿਦਿਆਰਥੀਆਂ, ਕਾਰੋਬਾਰੀਆਂ ਤੇ ਭਾਰਤੀ ਭਾਈਚਾਰੇ ਨਾਲ ਕਰਨਗੇ ਵਿਚਾਰ-ਵਟਾਂਦਰੇ

**ਨਵੀਂ ਦਿੱਲੀ–** ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ 8 ਤੋਂ 10 ਸਤੰਬਰ ਤੱਕ ਅਮਰੀਕਾ ਦੇ ਤਿੰਨ-ਰੋਜ਼ਾ ਦੌਰੇ ਉਤੇ ਜਾਣਗੇ



ਅਤੇ ਇਸ ਦੌਰਾਨ ਉਹ ਮੁਲਕ ਦੀ ਰਾਜਧਾਨੀ ਵਾਸ਼ਿੰਗਟਨ ਡੀਸੀ ਅਤੇ ਡਲਾਸ ਵਿਚ ਵੱਖੋ-ਵੱਖ ਮੀਟਿੰਗਾਂ ਤੇ ਸਮਾਗਮਾਂ ਵਿਚ ਹਿੱਸਾ ਲੈਣਗੇ। ਇੰਡੀਅਨ ਓਵਰਸੀਜ਼ ਕਾਂਗਰਸ (Inidan Overseas Congress) ਦੇ ਮੁਖੀ ਸੈਮ ਪਿਤਰੋਦਾ ਨੇ ਬੀਤੇ ਜੂਨ ਵਿਚ ਵਿਰੋਧੀ ਧਿਰ ਦੇ ਆਗੂ ਦੀ ਜ਼ਿੰਮੇਵਾਰੀ ਸੰਭਾਲਣ ਤੋਂ ਬਾਅਦ ਰਾਹੁਲ ਦੀ ਇਸ ਪਹਿਲੀ ਅਮਰੀਕਾ ਫੇਰੀ ਦੇ ਵੇਰਵੇ ਸ਼ਨਿੱਚਰਵਾਰ ਨੂੰ ਜਾਰੀ ਕੀਤੇ।

ਉਨ੍ਹਾਂ ਕਿਹਾ ਕਿ ਇਸ ਫੇਰੀ ਦੌਰਾਨ ਰਾਹੁਲ 8 ਸਤੰਬਰ ਨੂੰ ਡਲਾਸ ਜਾਣਗੇ ਅਤੇ 9 ਤੇ 10 ਸਤੰਬਰ ਨੂੰ ਵਾਸ਼ਿੰਗਟਨ ਡੀਸੀ ਦਾ ਦੌਰਾ ਕਰਨਗੇ। ਇਸ ਦੌਰਾਨ ਉਹ ਟੈਕਸਸ ਯੂਨੀਵਰਸਿਟੀ ਵਿਚ ਵਿਦਿਆਰਥੀਆਂ, ਕਾਦਮੀਸ਼ਿਅਨਾਂ, ਕਾਰੋਬਾਰੀਆਂ ਅਤੇ ਭਾਰਤੀ ਭਾਈਚਾਰੇ ਦੇ ਲੋਕਾਂ ਨਾਲ ਵਿਚਾਰ-ਵਟਾਂਦਰੇ ਕਰਨਗੇ। ਪਿਤਰੋਦਾ ਨੇ ਕਿਹਾ, ‘‘ਅਗਲੇ ਦਿਨ ਅਸੀਂ ਰਾਜਧਾਨੀ ਸ਼ਿੰਗਟਨ ਪੁੱਜਾਂਗੇ ਅਤੇ ਉਥੇ ਵੀ ਉਹ ਇਸੇ ਤਰ੍ਹਾਂ ਵੱਖੋ-ਵੱਖ ਵਰਗਾਂ ਤੇ ਸਮੂਹਾਂ ਨੂੰ ਮਿਲਣਗੇ ਅਤੇ ਨੈਸ਼ਨਲ ਪ੍ਰੈਸ ਕਲੱਬ ਵਿਚ ਵੀ ਜਾਣਗੇ।’’


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES

WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

# ਸੈਨਹੋਜ਼ੇ 'ਚ ਸੁਹਾਂਜਣੇ ਨੇ ਕੀਤਾ ਸ਼ਰਮਿੰਦਾ!

ਕਈ ਦਫਾ ਅੱਖਾਂ ਸਾਹਮਣੇ ਅਚਾਨਕ ਕੋਈ ਚੀਜ ਵਸਤ ਆ ਜਾਣ 'ਤੇ ਤੁਹਾਡੀਆਂ ਯਾਦਾਂ ਦੀ ਪਟਾਰੀ ਵਿੱਚ ਇਕ ਦਮ ਹਲਚਲ ਸ਼ੁਰੂ ਹੋ ਜਾਂਦੀ ਐ। ਇਕ ਦਿਨ ਮੇਰੇ ਨਾਲ ਕੁੱਝ ਅਜਿਹਾ ਹੀ ਹੋਇਆ! ਆਪਣੀ ਘਰ ਵਾਲ਼ੀ ਨਾਲ਼ ਮੈਂ ਸੈਨਹੋਜ਼ੇ (ਕੈਲੇਫੋਰਨੀਆਂ) ਸ਼ਹਿਰ ਵਿਚ ਸਾਡੇ ਗੁਆਂਢ ਲਗਦੀ ਹਫਤਾਵਾਰੀ ਸਬਜ਼ੀ ਮੰਡੀ ਗਿਆ। ਉੱਥੇ ਅਨੇਕਾਂ ਤਰਾਂ ਦੀਆਂ ਸਬਜ਼ੀਆਂ ਅਤੇ ਭਾਂਤ-ਸੁਭਾਂਤੇ ਫ਼ਲ ਫਰੂਟ ਵਿਚਕਾਰ ਟਾਹਣੀਆਂ ਦੀਆਂ ਬੰਨ੍ਹ ਬੰਨ੍ਹ ਕੇ ਰੱਖੀਆਂ ਗੁੱਛੀਆਂ ਉੱਤੇ ਮੇਰੀ ਨਜ਼ਰ ਪਈ ਤਾਂ ਉਨ੍ਹਾਂ ਦੇ ਪੱਤੇ ਦੇਖ ਕੇ ਮੈਨੂੰ ਲੱਗਿਆ ਕਿ ਇਹ ਤਾਂ ਸੁਹਾਂਜਣੇ ਦੀਆਂ ਟਾਹਣੀਆਂ ਹਨ! ਨੂੰ ਹੋ ਕੇ ਗਹੁ ਨਾ਼ਲ ਦੇਖਿਆ ਤਾਂ ਇਨਾਂ ਗੁੱਛੀਆਂ ਉੱਤੇ ਅੰਗਰੇਜ਼ੀ ਵਿਚ Moirnga ਲਿਖਿਆ ਹੋਇਆ ਸੀ ਤੇ ਨਾ਼ਲ ਲਿਖੀ ਹੋਈ ਸੀ ਇਕ ਗੁੱਛੀ ਦੀ ਕੀਮਤ ਤਿੰਨ ਡਾਲਰ!

ਤਸੱਲੀ ਕਰਨ ਲਈ ਮੈਂ ਉਸੇ ਵੇਲੇ ਆਪਣੇ ਮੋਬਾਈਲ ਫੋਨ 'ਤੇ 'ਮਹਾਨ ਕੋਸ਼' ਦੇਖਿਆ ਤਾਂ ਉੱਥੇ ਸੁਹਾਂਜਣੇ ਨੂੰ ਅੰਗਰੇਜ਼ੀ ਅੱਖਰਾਂ ਵਿਚ 'ਮੋਰਿੰਗਾ' ਲਿਖਿਆ ਦੇਖ ਕੇ ਮੈਂ ਹੈਰਾਨ ਰਹਿ ਗਿਆ




ਕਿ ਜਿਸ ਸੁਹਾਂਜਣੇ ਨੂੰ ਕਦੇ ਪਿੰਡ ਰਹਿੰਦਿਆਂ ਅਸੀਂ 'ਕੌਡੀਉਂ ਖੋਟਾ ਦਰਖਤ' ਸਮਝਦੇ ਰਹੇ,ਉਸਦੇ ਮੁੱਠ ਕੁ ਭਰ ਪੱਤੇ ਅਮਰੀਕਾ ਵਿਚ 3-3 ਡਾਲਰ ਨੂੰ ਵਿਕ ਰਹੇ ਐ? ਜਿਹੜੇ ਫ਼ਲ ਫਰੂਟ ਦਾ ਰੰਗ ਰੂਪ ਦੇਖਦਿਆਂ ਹੀ ਮੂੰਹ 'ਚ ਪਾਣੀ ਭਰ ਭਰ ਆ ਜਾਵੇ ਉਨ੍ਹਾਂ ਦੇ ਬਰਾਬਰ ਹੀ ਇੱਥੇ, ਸਾਡੇ ਵਲੋਂ ਇਕ ਵੇਲੇ ਨਖਿੱਧ ਤੇ ਨਿਕੰਮਾਂ ਸਮਝਿਆ ਜਾਣ ਵਾ਼ਲਾ ਸੁਹਾਂਜਣਾ ਵੀ ਸ਼ਾਨ ਨਾਲ ਰੱਖਿਆ ਹੋਇਆ ਸੀ? ਤੇ ਕਈ ਮੈਕਸੀਕੇ, ਗੋਰੇ ਅਤੇ ਚੀਨੇ ਗਾਹਕ ਇਹਦੀਆਂ ਦੋ-ਦੋ, ਤਿੰਨ-ਤਿੰਨ ਗੁੱਛੀਆਂ ਖ਼੍ਰੀਦ ਰਹੇ ਸਨ!

ਦੋਸਤੋ ਅਸਲ ਵਿਚ ਪਿੰਡ ਸਾਡੇ ਘਰ ਦੇ ਬਾਹਰਵਾਰ ਖੁੱਲ੍ਹੇ ਬਾੜੇ ਦੀ ਵਾੜ ਵਿਚ ਹੋਰ ਆਮ ਰਵਾਇਤੀ ਦਰਖਤਾਂ ਤੋਂ ਇਲਾਵਾ ਚਾਰ ਪੰਜ ਸੁਹਾਂਜਣੇ ਦੇ ਦਰਖਤ ਵੀ ਹੁੰਦੇ ਸਨ (ਦੋ ਦਰਖਤ ਹਾਲੇ ਵੀ ਹੈਗੇ) ਜਿਨ੍ਹਾਂ ਬਾਰੇ ਸਾਡੇ ਬਾਪ ਦੇ ਦੱਸਣ ਮੁਤਾਬਕ ਇਹ ਸਾਡੇ ਦਾਦੇ-ਪੜਦਾਦੇ ਦੇ ਵੇਲਿਆਂ ਤੋਂ ਹੀ ਲਾਏ ਹੋਏ ਸਨ! ਬਰਸਾਤ ਤੋਂ ਮਗਰੋਂ ਆਵਾਗੌਣ ਫੈਲਣ ਕਾਰਨ ਜਦ ਅਸੀਂ ਵਾੜ ਦੀ ਕਾਂਟ-ਛਾਂਟ ਕਰਨ ਵੇਲੇ ਸੁਹਾਂਜਣਿਆਂ ਦੀ ਵੱਢ-ਵਢਾਈ ਕਰਦੇ ਤਾਂ ਏਨਾ ਭੈੜਾ ਜਿਹਾ ਮੁਸ਼ਕ ਚੜ੍ਹਨਾ ਕਿ ਪੁੱਛੋ ਨਾ! ਇਨ੍ਹਾਂ ਨੂੰ ਕਿਨਾਂ ਕਿੰਨਾਂ ਲਗਦਾ ਲਾਲ ਰੰਗ ਦਾ ਗੂੰਦ ਵੀ ਬੇਕਾਰ ਹੀ ਹੁੰਦਾ ਸੀ ਕਿਉਂਕਿ ਉਹ ਸਾਡੀਆਂ ਕਾਪੀਆਂ ਕਿਤਾਬਾਂ ਜੋੜਨ ਦੇ ਕੰਮ ਨਹੀਂ ਸੀ ਆਉਂਦਾ।ਚੁੱਲ੍ਹ ਵਾਸਤੇ ਇਹਦਾ ਬਾਲਣ ਤਾਂ ਬਣਦਾ ਹੀ ਨਹੀਂ ਸੀ, ਬਸ ਇਹਦੇ 'ਗਾਹਕ' ਸਾਡੇ ਘਰੇ ਅਕਸਰ ਆਉਂਦੇ ਰਹਿੰਦੇ ਸਨ! ਕੋਈ ਇਸਦੇ ਪੱਤੇ ਲੈਣ ਆਉਂਦਾ, ਕੋਈ ਦਰਖਤ ਦੀ ਛਿੱਲ ਲਾਹ ਕੇ ਲੈ ਜਾਂਦਾ, ਕੋਈ ਜੜ੍ਹਾਂ ਤੇ ਕੋਈ ਇਹਦੀਆਂ ਫ਼ਲੀਆਂ! ਆਪਣੇ ਬਾਪ ਨੂੰ ਹਰ ਸਾਲ ਬੜੀ ਰੀਝ ਨਾ਼ਲ ਸੁਹਾਂਜਣੇ ਦੀਆਂ ਫ਼ਲੀਆਂ ਦਾ ਅਚਾਰ ਪਾਉਂਦਿਆਂ ਦੇਖ ਕੇ ਅਸੀਂ ਭੈਣ ਭਰਾਵਾਂ ਨੇ ਉਨ੍ਹਾਂ ਨੂੰ ਮਖੌਲ ਕਰਨੇ ਕਿ ਬੁਰਾ ਜਿਹਾ ਮੁਸ਼ਕ ਮਾਰਦਾ ਅਚਾਰ ਪਤਾ ਨੀ ਇਹ ਕਿੱਦਾਂ ਖਾ ਲੈਂਦੇ ਆ! ਪਰ ਉਹ ਅਚਾਰ ਦਾ ਇੱਕ ਡੱਬਾ ਆਪਣੇ ਲਈ ਰੱਖਦੇ ਤੇ ਇੱਕ ਡੱਬਾ ਆਪਣੇ ਮਿੱਤਰ ਬੈਰਸੀਆਂ ਪਿੰਡ ਵਾ਼ਲੇ ਬਜ਼ੁਰਗ ਸ਼ੇਰ ਸਿੰਘ ਬਾਗਾਂ ਵਾ਼ਲੇ ਨੂੰ ਦੇ ਕੇ ਆਉਂਦੇ!

ਸੁਹਾਂਜਣੇ ਦੀਆਂ ਫ਼ਲੀਆਂ ਦਾ ਇਹ ਅਚਾਰ 'ਮਚਾਕੇ ਲਾ ਲਾ' ਖਾਣ ਵੇਲੇ ਕਦੇ ਕਦੇ ਭਾਈਆ ਜੀ ਨੇ ਸਾਡੇ ਕੋ਼ਲ ਬੈਠੇ ਰੋਟੀ ਖਾਂਦਿਆਂ ਦੀਆਂ ਥਾ਼ਲੀਆਂ ਵਿਚ ਵੀ ਬਦੋ ਬਦੀ ਰੱਖਣਾ ਕਿ 'ਉਏ ਇਹ ਬਹੁਤ ਗੁਣਕਾਰੀ ਹੁੰਦਾ ਐ' ਪਰ ਅਸੀਂ ਭੈਣਾਂ ਭਰਾਵਾਂ ਨੇ ਨੱਕ-ਬੁੱਲ੍ਹ ਵੱਟਦਿਆਂ ਨਾਂਹ ਕਰ ਦੇਣੀ! ਮੈਨੂੰ ਇਹ ਵੀ ਯਾਦ ਹੈ ਕਿ ਬਚਪਨੇ 'ਚ ਅਸੀਂ ਭੈਣ ਭਰਾ ਇਸ ਅਚਾਰ ਦੀਆਂ ਇਕ-ਦੋ ਫ਼ਲੀਆਂ ਕਦੇ ਕਦੇ ਮਜ਼ਾਕ ਵਜੋਂ ਖਾਣ ਦਾ 'ਨਾਟਕ' ਵੀ ਕਰ ਲੈਂਦੇ ਹੁੰਦੇ ਸਾਂ! ਆਪਸ ਵਿੱਚੀਂ ਅਸੀਂ ਹੱਸਣਾ ਕਿ ਜੇ ਘਰ ਆਉਂਦੇ ਪ੍ਰਾਹੁਣੇ ਬੰਦ ਕਰਨੇ ਹੋਣ ਤਾਂ ਉਨ੍ਹਾਂ ਨੂੰ ਆਇਆਂ ਨੂੰ ਰੋਟੀ ਨਾ਼ਲ ਇਹ ਅਚਾਰ 'ਪ੍ਰੋਸਣਾ' ਚਾਹੀਦਾ ਐ, ਉਹ ਮੁੜ ਕਦੇ ਨਾ ਆਉਣ! ਭਾਈਆ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਅਸੀਂ ਬੇਲੋੜੇ ਸਮਝ ਕੇ ਸੁਹਾਂਜਣੇ ਦੇ ਕਈ ਦਰਖਤ ਵੱਢ ਸੁੱਟੇ ਸਨ!

ਸੋ ਕੈਲੇਫੋਰਨੀਆਂ (ਅਮਰੀਕਾ) ਦੇ ਸੈਨਹੋਜ਼ੇ ਸ਼ਹਿਰ ਦੀ ਸਬਜੀ ਮੰਡੀ ਵਿਚ ਹੁਣ ਸੁਹਾਂਜਣਾ ਮਹਿੰਗਾ ਵਿਕਦਾ ਦੇਖ ਕੇ ਮੈਂ ਆਪਣੇ ਬਚਪਨੇ/ਜਵਾਨੀ ਵਿਚ ਕੀਤੀ ਮਹਾਂ ਬੇਵਕੂਫੀ ਚੇਤੇ ਕਰਕੇ ਸ਼ਰਮਿੰਦਾ ਵੀ ਬਹੁਤ ਹੋਇਆ !


**ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268

# .ਗਦਰੀ ਬਾਬਿਆਂ ਦੇ ਮੇਲੇ ਨੂੰ ਸੰਬੋਧਨ ਕਰਨਗੇ ਮੁਲਕ ਦੇ ਨਾਮਵਰ ਵਿਦਵਾਨ

**ਜਲੰਧਰ (ਜਸਪਾਲ ਕੁਮਾਰ)-** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਗ਼ਦਰੀ ਬਾਬਿਆਂ ਦੇ 33ਵੇਂ ਮੇਲੇ 'ਚ ਮੁਲਕ ਦੇ ਨਾਮਵਰ ਵਿਦਵਾਨ ਪੁੱਜ ਰਹੇ ਹਨ, ਜੋ ਵੱਖ-ਵੱਖ ਸੈਸ਼ਨਾਂ ਮੌਕੇ ਮੇਲੇ ਨੂੰ ਸੰਬੋਧਨ ਕਰਨਗੇ। ਮੇਲੇ ਦੇ ਸਿਖ਼ਰਲੇ ਦਿਨ 9 ਨਵੰਬਰ ਦਿਨ ਐਤਵਾਰ ਨੂੰ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ, ਨਿਊਜ਼ ਕਲਿੱਕ ਦੇ ਸੰਸਥਾਪਕ ਪ੍ਰਬੀਰ ਪੁਰਕਾਇਸਥਾ, 8 ਨਵੰਬਰ ਦਿਨ ਵੇਲੇ 'ਤਿੰਨ ਨਵੇਂ ਫੌਜਦਾਰੀ ਅਤੇ ਹੋਰ ਕਾ਼ਲੇ ਕਾਨੂੰਨਾਂ ਦੇ ਲੋਕ-ਮਾਰੂ ਪ੍ਰਭਾਵ ਅਤੇ ਇਨ੍ਹਾਂ ਖਿਲਾਫ਼ ਲੋਕ ਆਵਾਜ਼ ਦੀ ਲੋੜ' ਵਿਸ਼ੇ ਉਪਰ ਐਡਵੋਕੇਟ ਰਾਜਿੰਦਰ ਸਿੰਘ ਚੀਮਾ, ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉਪਰ ਫ਼ਿਰਕੂ ਫਾਸ਼ੀ ਹੱਲੇ ਬਾਰੇ ਡਾ. ਅਪੂਰਵਾਨੰਦ ਸੰਬੋਧਨ ਕਰਨਗੇ। 8 ਨਵੰਬਰ ਸ਼ਾਮ ਫ਼ਿਲਮ ਸ਼ੋਅ ਮੌਕੇ ਲੋਕ-ਪੱਖੀ ਫ਼ਿਲਮ ਜਗਤ ਦੀਆਂ ਦੋ ਉੱਘੀਆਂ ਸਖ਼ਸ਼ੀਅਤਾਂ ਸੰਜੇ ਕਾਕ ਅਤੇ ਆਨੰਦ ਪਟਵਰਧਨ ਦਰਸ਼ਕਾਂ ਦੇ ਰੂ-ਬ-ਰੂ ਹੋਣਗੇ। ਇਹਨਾਂ ਤੋਂ ਇਲਾਵਾ 9 ਨਵੰਬਰ ਦਿਨ ਵੇਲੇ, ਖੇਤੀ ਅਤੇ ਪਾਣੀ ਸੰਕਟ ਵਿਸ਼ੇ ਉਪਰ ਕਮੇਟੀ ਦੇ ਬੁਲਾਰੇ ਡਾ. ਪਰਮਿੰਦਰ, ਕੁਲਵੰਤ ਸੰਧੂ, ਜਗਰੂਪ, ਸੁਖਵਿੰਦਰ ਸੇਖੋਂ, ਰਮਿੰਦਰ ਪਟਿਆਲਾ ਅਤੇ ਵਿਜੈ ਬੰਬੇਲੀ ਵਿਚਾਰ-ਚਰਚਾ ਸੈਸ਼ਨ ਦੇ ਬੁਲਾਰੇ ਹੋਣਗੇ।










ਦੇਸ਼ ਭਗਤ ਯਾਦਗਾਰ ਕਮੇਟੀ ਨੇ ਪੰਜਾਬ ਦੀਆਂ ਸਮੂਹ ਲੋਕ-ਪੱਖੀ ਸੰਸਥਾਵਾਂ, ਸਖ਼ਸ਼ੀਅਤਾਂ ਅਤੇ ਪਰਿਵਾਰਾਂ ਨੂੰ ਮੇਲੇ ਵਿੱਚ ਕਾਫ਼ਲੇ ਬੰਨ੍ਹ ਕੇ ਪੁੱਜਣ ਦੀ ਅਪੀਲ ਕੀਤੀ ਹੈ ਤਾਂ ਜੋ ਵਿਦਵਾਨਾਂ ਦੇ ਅਮੁੱਲੇ ਵਿਚਾਰਾਂ ਅਤੇ ਮੇਲੇ ਦੀਆਂ ਬਹੁ-ਵੰਨਗੀ ਕਲਾ-ਕ੍ਰਿਤਾਂ ਨਾਲ ਆਤਮਸਾਤ ਹੋ ਕੇ ਸਮਾਜ ਅੰਦਰ ਚੇਤਨਾ ਦਾ ਚਾਨਣ ਵੰਡਦੇ ਕਾਫ਼ਲੇ ਆਪਣੇ ਸਫ਼ਰ 'ਤੇ ਹੋਰ ਵੀ ਦ੍ਰਿੜਤਾ ਨਾਲ ਅਗੇਰੇ ਵਧਦੇ ਰਹਿਣ।

# ਲਹਿੰਦੇ ਪੰਜਾਬ ਦੇ ਬਾਬਾ ਨਜਮੀ ਅਤੇ ਸਈਅਦਾ ਦੀਪ ਨੂੰ .ਗਦਰੀ ਬਾਬਿਆਂ ਦੇ ਮੇਲੇ ਤੇ ਆਉਣ ਦਾ ਭੇਜਿਆ ਬੁਲਾਵਾ

**ਜਲੰਧਰ (ਜਸਪਾਲ ਕੁਮਾਰ)-** ਇਸ ਵਾਰ ਦੀਵਾਲੀ ਕਾਰਨ ਪਹਿਲੀ ਨਵੰਬਰ ਦੀ ਬਜਾਏ 7 ਤੋਂ 9 ਨਵੰਬਰ ਤੱਕ ਹੋ ਰਹੇ ਗ਼ਦਰੀ ਬਾਬਿਆਂ ਦੇ 33 ਵੇਂ ਮੇਲੇ ਮੌਕੇ ਪਾਕਿਸਤਾਨ ਤੋਂ ਦੋ ਕਵੀਆਂ ਬਾਬਾ ਨਜਮੀ ਅਤੇ ਸਈਅਦਾ ਦੀਪ ਨੂੰ ਲਿਖਤੀ ਬੁਲਾਵਾ ਭੇਜਿਆ ਗਿਆ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਅੱਜ ਬਾਬਾ ਨਜਮੀ ਅਤੇ ਸਈਅਦਾ ਦੀਪ ਨੂੰ ਬੁਲਾਵਾ ਭੇਜਣ ਦੇ ਨਾ਼ਲ ਹੀ 'ਦਾ ਜੋਆਇੰਟ ਸੈਕਟਰੀ, ਪਾਕਿਸਤਾਨ ਅਫੇਅਰਜ,ਮਨਿਸਟਰੀ ਆਫ ਐਕਸਟਰਨਲ ਅਫ-ਅਰਜ, ਨਵੀਂ ਦਿੱਲੀ ਅਤੇ ਦਾ ਜੋਆਇੰਟ ਸੈਕਟਰੀ ਫੌਰਨਰਜ ਮਨਿਸਟਰੀ ਆਫ ਹੋਮ ਅਫ-ਅਰਜ, ਨਵੀਂ ਦਿੱਲੀ ਨੂੰ ਵੀ ਚਿੱਠੀਆਂ ਭੇਜ ਕੇ ਇਹਨਾਂ ਦੋਵੇਂ ਕਵੀਆਂ ਨੂੰ ਗ਼ਦਰੀ ਬਾਬਿਆਂ ਦੇ ਮੇਲੇ 'ਚ ਸ਼ਿਰਕਤ ਕਰਨ ਲਈ ਤਰਜੀਹ ਦੇ ਆਧਾਰ ਤੇ ਵੀਜ਼ਾ ਦੇਣ ਦੀ ਅਪੀਲ ਕੀਤੀ ਗਈ ਹੈ।ਇਹਨਾਂ ਚਿੱਠੀਆਂ ਵਿੱਚ ਲਿਖਿਆ ਗਿਆ ਹੈ ਕਿ ਅਜੋਕੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ ਸਾਂਝੀ ਧਰਤੀ ਦੇ ਲੋਕਾਂ ਨੇ ਮਿ਼ਲ ਕੇ ਮੁਲਕ ਦੀ ਆਜ਼ਾਦੀ ਲਈ ਚੱਲੇ ਸੰਗਰਾਮ ਵਿਚ ਯੋਗਦਾਨ ਪਾਇਆ। ਇਸ ਧਰਤੀ ਦੇ ਲੋਕਾਂ ਦੀ ਸਾਂਝੀ ਇਤਿਹਾਸਕ ਵਿਰਾਸਤ ਲਈ ਸਾਹਿਤਕ ਸਭਿਆਚਾਰਕ ਸਾਂਝ ਅਤੇ ਸਾਹਿਤ, ਕਲਾ ਦਾ ਆਦਾਨ ਪ੍ਰਦਾਨ ਦੋਵੇਂ ਮੁਲਕਾਂ ਦੇ ਲੋਕਾਂ ਵਿੱਚ ਭਾਈਚਾਰਕ ਸਾਂਝ ਅਤੇ ਅਮਨ ਭਾਈਚਾਰੇ ਨੂੰ ਬੜਾਵਾ ਦੇਣ ਲਈ ਸਾਰਥਕ ਹੋਏਗਾ।





ਦੇਸ਼ ਭਗਤ ਯਾਦਗਾਰ ਕਮੇਟੀ ਨੇ ਮੇਲੇ ਵਿੱਚ ਸ਼ਿਰਕਤ ਕਰਨ ਵਾਲੇ ਹਜ਼ਾਰਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਕਵੀਆਂ ਨੂੰ ਮੇਲੇ 'ਚ ਸ਼ਾਮਲ ਹੋਣ ਦੀ ਇਜਾਜ਼ਤ ਦੇਣ ਦੀ ਚਿੱਠੀ ਵਿੱਚ ਅਪੀਲ ਕੀਤੀ ਹੈ।

# ਤਰਕਸ਼ੀਲ ਸੁਸਾਇਟੀ ਨੇ ਸਰਕਾਰੀ ਸਕੂਲ ਬਾਲੀਆਂ ਵਿਖੇ ਚੇਤਨਾ ਪਰਖ ਪ੍ਰੀਖਿਆ ਬਾਰੇ ਦਿੱਤੀ ਜਾਣਕਾਰੀ




**ਸੰਗਰੂਰ, (ਦਲਜੀਤ ਕੌਰ)-** ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਵਿਕਸਤ ਕਰਨ ਤੇ ਛੇਵੀਂ ਚੇਤਨਾ ਪਰਖ ਪ੍ਰੀਖਿਆ ਬਾਰੇ ਜਾਣਕਾਰੀ ਦੇਣ ਹਿੱਤ ਚਲਾਈ ਮੁਹਿੰਮ ਦੀ ਲੜੀ ਵਿੱਚ ਅਜ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਾਲੀਆਂ ਵਿਖੇ ਤਰਕਸ਼ੀਲ ਪ੍ਰੋਗਰਾਮ ਦਿੱਤਾ ਗਿਆ।ਸਭ ਤੋਂ ਪਹਿਲਾਂ ਸਕੂਲ ਪ੍ਰਿੰਸੀਪਲ ਹਰਦੇਵ ਕੁਮਾਰ ਨੇ ਤਰਕਸ਼ੀਲ ਟੀਮ ਦਾ ਸਵਾਗਤ ਕਰਦਿਆਂ ਵਿਦਿਆਰਥੀਆਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਤੇ ਰੂੜੀਵਾਦੀ ਵਿਚਾਰਾਂ ਦੇ ਹਨੇਰੇ ਵਿਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆਉਣ ਦਾ ਸੁਨੇਹਾ ਦਿੱਤਾ। ਉਸ ਤੋਂ ਬਾਅਦ ਤਰਕਸ਼ੀਲ ਆਗੂ ਮਾਸਟਰ ਪਰਮਵੇਦ ਨੇ ਵਿਦਿਆਰਥੀਆਂ ਨੂੰ ਆਪਣੇ ਅੰਦਰ ਵਿ-ਗਿਆਨਕ ਸੋਚ ਦਾ ਦੀਪ ਜਗਾਉਣ ਲਈ ਪ੍ਰੇਰਿਆ। ਉਨ੍ਹਾਂ ਕਿਹਾ ਇਸ ਦੁਨੀਆਂ ਵਿੱਚ ਕੋਈ ਚਮਤਕਾਰ ਨਹੀਂ ਵਾ-ਪਰਦਾ, ਘਟਨਾਵਾਂ ਵਾਪਰਦੀਆਂ ਹਨ, ਉਨ੍ਹਾਂ ਦੇ ਕਾਰਨ ਜਾਣਨਾ ਹੀ ਤਰਕਸ਼ੀਲ ਸੋਚ ਹੈ। ਉਨ੍ਹਾਂ ਹਾਜ਼ਰੀਨ ਨੂੰ ਕੀ, ਕਿਉਂ, ਕਿਵੇਂ ਆਦਿ ਗੁਣਾਂ ਨਾਲ ਲੈਸ ਹੋ ਕੇ ਆਪਣੇ ਸ਼ਖ਼ਸੀਅਤ ਨੂੰ ਨਿਖ਼ਾਰਨ, ਵਿਕਸਿਤ ਕਰਨ ਦਾ ਸੱਦਾ ਦਿੱਤਾ । ਉਨ੍ਹਾਂ ਮੰਨਣ ਤੋਂ ਪਹਿਲਾਂ ਹਰ ਗੱਲ ਪਰਖ਼ਣ ਲਈ ਕਿਹਾ।

ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਇਹ ਪ੍ਰੀਖਿਆ 13 ਤੇ 14 ਅਕਤੂਬਰ ਨੂੰ ਹੋਵੇਗੀ, ਪ੍ਰੀਖਿਆ ਵਿੱਚ ਛੇਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀ ਸ਼ਾਮਲ ਹੋ ਸਕਦੇ ਹਨ। ਮਿਡਲ ਤੇ ਸੈਕੰਡਰੀ ਪੱਧਰ ਦੀ ਪ੍ਰੀਖਿਆ ਓ ਐਮ ਆਰ ਸ਼ੀਟ ਤੇ 100 ਬਹੁ ਚੋਣਾਵੀ ਪ੍ਰਸ਼ਨਾਂ ਪੱਤਰਾਂ ਦੇ ਆਧਾਰ ਤੇ ਹੋਵੇਗੀ। ਉਨ੍ਹਾਂ ਕਿਹਾ ਕਿ ਸੂਬਾ, ਜੋਨ ਤੇ ਇਕਾਈ ਪੱਧਰ ਤੇ ਮੈਰਿਟ ਕਲਾਸ ਵਾਈਜ ਬਣੇਗੀ। ਉਨ੍ਹਾਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਪ੍ਰੀਖਿਆ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਇਸ ਮੌਕੇ ਮਾਸਟਰ ਪਰਮਵੇਦ ਨੇ ਵਿਦਿਆਰਥੀਆਂ ਨੂੰ ਮਿਡਲ ਤੇ ਸੈਕੰਡਰੀ ਪੱਧਰ ਦੀਆਂ ਸਿਲੇਬਸ ਪੁਸਤਕ ਵੀ ਦਿੱਤੀਆਂ। ਇਸ ਤਰਕਸ਼ੀਲ ਪ੍ਰੋਗਰਾਮ ਵਿੱਚ ਨਵਨੀਤ ਕੌਰ, ਗੁਰਤੇਗ ਕੌਰ, ਪਰਮਜੀਤ ਕੌਰ, ਬਲਕਾਰ ਸਿੰਘ, ਹਰਜੀਤ ਸਿੰਘ ਨੇ ਸ਼ਮੂਲੀਅਤ ਕੀਤੀ।

'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393
www.deshdoaba.com
www.ambedkartimes.com
ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਭਾਜਪਾ 'ਚ ਸ਼ਾਮਲ ਹੋਣ ਵਾਲੀ ਮੇਰੀ ਸੋਚ ਗਲਤ ਨਿੱਕਲੀ, ਮਾਫੀ ਮੰਗਦਾ ਹਾਂ - ਸੁੰਦਰ ਸ਼ਾਮ ਅਰੋੜਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਕਾਂਗਰਸ ਵਿੱਚ ਘਰ ਵਾਪਸੀ ਕਰਨ ਤੋਂ ਬਾਅਦ ਸਾਬਕਾ ਕੈਬਨਿਟ ਮੰਤਰੀ ਸੁੰਦਰ ਸ਼ਾਮ ਅਰੋੜਾ ਨੇ ਪ੍ਰੈਸ ਨੂੰ ਜਾਰੀ ਬਿਆਨ ਵਿੱਚ ਕਿਹਾ ਹੈ, ਕਿ ਉਹ ਡੇਢ ਸਾਲ ਪਹਿਲਾਂ ਭਾਜਪਾ ਵਿੱਚ ਸ਼ਾਮਲ ਹੋਏ ਸਨ ਅਤੇ ਇਸ ਲਈ ਉਹ ਪੰਜਾਬ ਅਤੇ ਪੰਜਾਬੀਆਂ ਤੋਂ ਮੁਆਫੀ ਮੰਗਦੇ ਹਨ। ਕਿਉਂਕਿ ਉਨ੍ਹਾਂ ਨੂੰ ਲੱਗਦਾ ਸੀ, ਕਿ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਹੈ ਅਤੇ ਇਹ ਪੰਜਾਬ ਦੇ ਹਿੱਤਾਂ ਲਈ ਬਿਹਤਰ ਕੰਮ ਕਰ ਸਕੇਗੀ। ਪਰ ਉਨ੍ਹਾਂ ਦੀ ਸੋਚ ਗਲਤ ਨਿਕਲੀ, ਇਸ ਲਈ ਉਨ੍ਹਾਂ ਕਾਂਗਰਸ 'ਚ ਮੁੜ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ। ਸ੍ਰੀ ਅਰੋੜਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਭਾਰੀ ਸਮਰਥਨ ਦਿੱਤਾ ਹੈ ਅਤੇ ਲੋਕਾਂ ਦੇ ਪਿਆਰ ਨੇ ਇਹ ਦਰਸਾ ਦਿੱਤਾ ਹੈ, ਕਿ ਕਾਂਗਰਸ ਪੰਜਾਬ ਦੀ ਤਰੱਕੀ, ਸ਼ਾਂਤੀ



ਦੀ ਸਥਾਪਨਾ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਯਤਨਸ਼ੀਲ ਹੈ ਅਤੇ ਕਰ ਰਹੀ ਹੈ। ਸ੍ਰੀ ਅਰੋੜਾ ਨੇ ਕਿਹਾ ਕਿ ਉਹ ਕਾਂਗਰਸ ਵਿੱਚ ਰਹਿ ਕੇ ਪੰਜਾਬੀ ਅਤੇ ਪੰਜਾਬੀਅਤ ਦੀ ਮਜ਼ਬੂਤੀ ਲਈ ਕੰਮ ਕਰਨਗੇ। ਕਾਂਗਰਸ ਨੇ ਹਮੇਸ਼ਾ ਧਰਮ ਨਿਰਪੱਖਤਾ ਨੂੰ ਅੱਗੇ ਵਧਾਇਆ ਹੈ ਅਤੇ ਧਰਮ ਨਿਰਪੱਖ ਲੋਕਾਂ ਨੂੰ ਮਹੱਤਵ ਦਿੱਤਾ ਹੈ। ਸ੍ਰੀ ਅਰੋੜਾ ਨੇ ਕਿਹਾ ਕਿ ਉਨ੍ਹਾਂ ਨੂੰ ਕਿਸੇ ਵੀ ਭਾਜਪਾ ਆਗੂ ਖ਼ਿਲਾਫ਼ ਕੋਈ ਸ਼ਿਕਾਇਤ ਨਹੀਂ ਹੈ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਭਾਰਤ ਦੇ ਸੰਵਿਧਾਨ ਅਨੁਸਾਰ ਪੰਜਾਬ ਨੂੰ ਉਸ ਦਾ ਬਣਦਾ ਹੱਕ ਦਿਵਾਉਣ ਲਈ ਸਖ਼ਤ ਮਿਹਨਤ ਕਰ ਰਹੇ ਹਨ ਅਤੇ ਉਨ੍ਹਾਂ ਦੀ ਅਗਵਾਈ ਹੇਠ ਉਹ ਵੀ ਪੂਰੀ ਤਨਦੇਹੀ ਨਾਲ ਲੋਕਾਂ ਦੀ ਸੇਵਾ ਕਰਨਗੇ। ਸ੍ਰੀ ਅਰੋੜਾ ਨੇ ਸ਼ਹਿਰ ਵਾਸੀਆਂ ਨੂੰ ਵੀ ਸੱਦਾ ਦਿੱਤਾ ਕਿ ਉਹ ਸ਼ਹਿਰ ਅਤੇ ਪੰਜਾਬ ਦੀ ਖੁਸ਼ਹਾਲੀ ਲਈ ਉਨ੍ਹਾਂ ਦਾ ਸਾਥ ਦੇਣ। ਵਰਨਣਯੋਗ ਹੈ ਕਿ ਸ੍ਰੀ ਅਰੋੜਾ ਨੂੰ ਕਾਂਗਰਸ ਦੇ ਜਨਰਲ ਸਕੱਤਰ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਦਵਿੰਦਰ ਯਾਦਵ ਨੇ ਕਾਂਗਰਸ ਵਿੱਚ ਸ਼ਾਮਲ ਕੀਤਾ ਹੈ।

# ਲੋਕ ਮੰਚ ਪੰਜਾਬ ਵੱਲੋਂ ਪੁਰਸਕਾਰਾਂ ਦਾ ਐਲਾਨ

**ਜਲੰਧਰ–** ਲੋਕ ਮੰਚ ਪੰਜਾਬ ਵੱਲੋਂ ਸਾਲ 2024 ਲਈ ਦਿੱਤੇ ਜਾਣ ਵਾਲੇ ਸਾਹਿਤਕ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਸਾਲ 2024 ਦਾ "ਸੁਰਜੀਤ ਪਾਤਰ ਕਾਵਿਲੋਕ ਪੁਰਸਕਾਰ" ਉੱਘੇ ਪੰਜਾਬੀ ਕਵੀ ਵਿਜੇ ਵਿਵੇਕ ਨੂੰ, ਉਹਨਾਂ ਦੀ ਕਾਵਿ ਕਿਤਾਬ "ਛਿਣਭੰਗਰ ਵੀ ਕਾਲਾਤੀਤ ਵੀ" ਨੂੰ ਦਿੱਤਾ ਜਾਵੇਗਾ। ਇਸ ਪੁਰਸਕਾਰ ਵਿੱਚ 51 ਹਜ਼ਾਰ ਰੁਪਏ ਨਕਦ ਅਤੇ ਸਨਮਾਨ ਚਿੰਨ ਹੋਵੇਗਾ। ਸਾਲ 2024 ਦਾ "ਆਪਣੀ ਆਵਾਜ਼ ਪੁਰਸਕਾਰ" ਡਾਕਟਰ





ਬਲਦੇਵ ਸਿੰਘ ਧਾਲੀਵਾਲ ਨੂੰ ਉਨ੍ਹਾਂ ਦੇ ਸਫ਼ਰਨਾਮੇ "ਕੰਜ-ਕੁਆਰੀ ਧਰਤੀ" ਅਤੇ ਪ੍ਰਸਿੱਧ ਗ਼ਜ਼ਲਗੋ ਬੂਟਾ ਸਿੰਘ ਚੌਹਾਨ ਨੂੰ ਉਨ੍ਹਾਂ ਦੇ ਗ਼ਜ਼ਲ ਸੰਗ੍ਰਹਿ "ਖ਼ੁਸ਼ਬੋ ਦਾ ਕੁਨਬਾ" ਨੂੰ ਸਾਂਝੇ ਤੌਰ ਤੇ ਦਿੱਤਾ ਜਾਵੇਗਾ। ਇਕ ਲੱਖ ਰੁਪਏ ਦੇ ਇਸ ਪੁਰਸਕਾਰ ਦੀ ਰਾਸ਼ੀ ਦੋਹਾਂ ਲੇਖਕਾਂ ਨੂੰ ਵੰਡ ਕੇ ਪੰਜਾਹ-ਪੰਜਾਹ ਹਜ਼ਾਰ ਰੁਪਏ ਦਿੱਤੀ ਜਾਵੇਗੀ,ਅਤੇ ਸਨਮਾਨ ਚਿੰਨ ਭੇਟ ਕੀਤੇ ਜਾਣਗੇ।

ਲੋਕ ਮੰਚ ਪੰਜਾਬ ਵਿਸ਼ੇਸ਼ ਪੁਰਸਕਾਰ" ਇਸ ਵਾਰ ਉੱਘੇ ਪੰਜਾਬੀ ਲੇਖਕ ਨਿੰਦਰ ਘੁਗਿਆਣਵੀ ਦੀ ਸਮੁੱਚੀ ਸਾਹਿਤ-ਘਾਲਣਾ ਨੂੰ ਸਮਰਪਿਤ ਹੋਵੇਗਾ। ਇਸ ਪੁਰਸਕਾਰ ਵਿੱਚ 50 ਹਜ਼ਾਰ ਰੁਪਏ ਨਗਦ ਅਤੇ ਸਨਮਾਨ ਚਿੰਨ ਭੇਟ ਕੀਤਾ ਜਾਵੇਗਾ।

ਇਹਨਾਂ ਪੁਰਸਕਾਰਾਂ ਦਾ ਐਲਾਨ ਇੱਕ ਮੀਟਿੰਗ ਉਪਰੰਤ ਲੋਕ ਮੰਚ ਪੰਜਾਬ ਦੇ ਚੇਅਰਮੈਨ ਡਾ। ਲਖਵਿੰਦਰ ਸਿੰਘ ਜੌਹਲ,ਪ੍ਰਧਾਨ ਸੁਰਿੰਦਰ ਸਿੰਘ ਸੁੰਨੜ, ਮੀਤ ਪ੍ਰਧਾਨ ਡਾਕਟਰ ਹਰਜਿੰਦਰ ਸਿੰਘ ਅਟਵਾਲ, ਜਨਰਲ ਸਕੱਤਰ ਦੀਪਕ ਸ਼ਰਮਾ ਚਨਾਰਥਲ ਅਤੇ ਡਾਕਟਰ ਉਮਿੰਦਰ ਸਿੰਘ ਜੌਹਲ ਵਲੋਂ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਪੁਰਸਕਾਰਾਂ ਦਾ ਫੈਸਲਾ ਵਿਆਪਕ ਪੱਧਰ ਉੱਤੇ ਕੀਤੇ ਗਏ ਗੁਪਤ ਸਰਵੇਖਣ ਰਾਹੀਂ ਅਤੇ ਮਾਹਿਰਾਂ ਵਲੋਂ ਕੀਤੇ ਗਏ ਮੁਲੰਕਣ ਉਪਰੰਤ ਕੀਤਾ ਗਿਆ ਹੈ। ਇਹ ਪੁਰਸਕਾਰ ਜਲਦੀ ਹੀ ਇਕ ਸਮਾਗਮ ਕਰਕੇ ਭੇਟ ਕੀਤੇ ਜਾਣਗੇ।

# ਸੰਸਥਾ 'ਪੰਜਾਬ ਸਿਵਲ ਮੈਡੀਕਲ ਸਰਵਿਸ ਐਸੋਸੀਏਸ਼ਨ 'ਨੇ ਡਾਇਰੈਕਟਰ ਸਿਹਤ ਸੇਵਾਵਾਂ ਨੂੰ ਦਿੱਤੀ ਚੇਤਾਵਨੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–**ਪਿਛਲੇ 15 ਦਿਨਾਂ ਤੋਂ ਪੰਜਾਬ ਸਰਕਾਰ ਅਤੇ ਸਰਕਾਰੀ ਡਾਕਟਰਾਂ ਵਿਚਾਲੇ ਚੱਲ ਰਹੀ ਗੱਲਬਾਤ ਤੋਂ ਬਾਅਦ ਵੀ ਸਰਕਾਰ ਵੱਲੋਂ ਹੁਣ ਤੱਕ ਏਸੀਪੀ (ਸਮਾਂਬੱਧ ਤਰੱਕੀ) ਦੇ ਮੁੱਦੇ ਤੇ ਨਾ ਤਾਂ ਕਿਸੇ ਕਿਸਮ ਦੀ ਨੋਟੀਫਿਕੇਸ਼ਨ ਹੋਈ ਅਤੇ ਨਾ ਹੀ ਸੁਰੱਖਿਆ ਗਾਰਡ ਰੱਖੇ ਗਏ। ਸਿਹਤ ਮੰਤਰੀ ਵੱਲੋਂ ਦਿੱਤੇ ਸੁਰੱਖਿਆ ਪ੍ਰਬੰਧਾਂ ਦੇ ਭਰੋਸੇ ਉੱਤੇ ਜਮੀਨੀ ਪੱਧਰ ਤੇ ਕੋਈ ਇੰਤਜ਼ਾਮ ਨਾ ਹੁੰਦੇ ਵੇਖ ਡਾਕਟਰਾਂ ਵਿੱਚ ਭਾਰੀ ਰੋਸ ਹੈ। ਜਿਸ ਉਪਰੰਤ ਪੰਜਾਬ ਵਿੱਚ ਡਾਕਟਰਾਂ ਦੀ ਸਭ ਤੋਂ ਵੱਡੀ ਜਥੇਬੰਦੀ ਪੰਜਾਬ ਸਿਵਲ ਮੈਡੀਕਲ ਸਰਵਿਸ ਐਸੋਸੀਏਸ਼ਨ ਨੇ ਡਾਇਰੈਕਟਰ ਨੂੰ ਪੱਤਰ ਲਿਖ ਆਪਣੀ 9 ਸਤੰਬਰ ਤੋਂ ਐਲਾਨੀ ਕੰਮ ਛੋੜ ਹੜਤਾਲ ਉੱਤੇ ਕਾਇਮ ਰਹਿੰਦੇ ਹੋਏ ਵਿਭਾਗ ਨੂੰ ਚਿਤਾਵਨੀ ਦਿੱਤੀ ਹੈ, ਕਿ ਪੂਰੇ ਰਾਜ ਦੇ ਸਰਕਾਰੀ ਡਾਕਟਰ ਪੂਰਨ ਹੜਤਾਲ ਤੋਂ ਪਹਿਲਾਂ ਹੀ 2 ਤਾਰੀਕ ਤੋਂ ਮਹੀਨਾਵਾਰ ਰਿਪੋਰਟਾਂ, ਬੈਂਚ ਮਾਰਕ ਇੰਡੀਕੇਟਰ ਅਤੇ ਹੋਰ ਦਫਤਰੀ ਕਾਰਜਾਂ ਦਾ ਬਹਿਸ਼ਕਾਰ ਕਰਨਗੇ। ਮੰਗਾਂ ਪੂਰੀਆਂ ਨਾ ਹੋਣ ਤੱਕ ਕਿਸੇ ਵੀ ਵਿਭਾਗੀ ਮੀਟਿੰਗ ਵਿੱਚ ਵੀ ਭਾਗ ਨਹੀਂ ਲੈਣਗੇ। ਇਸ ਸਬੰਧੀ ਅੱਜ ਪੀ।ਸੀ।ਐਮ।ਐਸ।ਏ। ਵੱਲੋਂ ਐਸੋਸੀਏਸ਼ਨ ਦੇ ਜਿਲਾ ਪ੍ਰਧਾਨ ਡਾ। ਕਰਤਾਰ ਸਿੰਘ ਅਤੇ ਜਨਰਲ ਸੱਕਤਰ ਡਾ ਮੁਨੀਸ਼ ਕੁਮਾਰ ਦੀ ਅਗਵਾਈ ਵਿੱਚ ਸਿਵਲ ਸਰਜਨ ਹੁਸ਼ਿਆਰਪੁਰ ਡਾ. ਪਵਨ ਕੁਮਾਰ ਸ਼ਗੋਤਰਾ



ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਐਸੋਸੀਏਸ਼ਨ ਦੇ ਮੈਂਬਰ ਡਾ। ਹਰਪੁਨੀਤ ਕੌਰ, ਡਾ। ਜਗਦੀਪ ਸਿੰਘ, ਡਾ ਸਾਹਿਲਦੀਪ, ਡਾ ਸਨਮ ਸੰਧੂ, ਡਾ ਨਵਜੋਤ ਸੰਧੂ, ਡਾ ਸੁਸ਼ਾਂਤ ਅਤੇ ਡਾ ਸੋਰਵ ਸ਼ਰਮਾ ਅਤੇ ਡਾ ਹਿਤੇਸ਼ ਅਗਰਵਾਲ ਮੌਜੂਦ ਸਨ। ਜ਼ਿਕਰਯੋਗ ਹੈ ਕਿ ਸਿਹਤ ਮੰਤਰੀ ਡਾ ਬਲਬੀਰ ਸਿੰਘ ਨੇ ਕਲਕੱਤਾ ਡਾਕਟਰ ਦੇ ਕਤਲ ਕਾਂਡ ਦੇ ਮਗਰੋਂ ਪੰਜਾਬ ਭਰ ਵਿੱਚ ਹੋਈ ਇੱਕ ਰੋਜਾ ਹੜਤਾਲ ਨੂੰ ਖੁਲਵਾਉਣ ਸਮੇਂ ਡਾਕਟਰਾਂ ਨੂੰ ਇਹ ਆਸ਼ਵਾਸਨ ਦਿੱਤਾ ਸੀ ਕਿ ਮੁੱਖ ਮੰਤਰੀ ਭਗਵੰਤ ਮਾਨ ਹਸਪਤਾਲਾਂ ਵਿੱਚ ਸੁਰੱਖਿਆ ਦੇ ਮੁੱਦੇ ਤੇ ਬਹੁਤ ਹੀ ਗੰਭੀਰ ਹਨ ਤੇ ਉਹ ਅਗਸਤ ਮਹੀਨੇ ਵਿੱਚ ਹੀ ਹਰੇਕ ਸਰਕਾਰੀ ਹਸਪਤਾਲ ਵਿੱਚ ਸੁਰੱਖਿਆ ਦੇ ਪ੍ਰਬੰਧ ਯਕੀਨੀ ਬਣਾਉਣਗੇ, ਇਸ ਸਬੰਧੀ ਵਿਭਾਗ ਨੇ ਖਰਚੇ ਦਾ ਬਜਟ ਬਣਾ ਵਿਤ ਵਿਭਾਗ ਕੋਲ ਵੀ ਭੇਜਿਆ ਪਰ ਹਾਲੇ ਤੱਕ ਜਮੀਨੀ ਪੱਧਰ ਤੇ ਸੁਰੱਖਿਆ ਦੇ ਪ੍ਰਬੰਧ ਜੀਰੋ ਹਨ ਅਤੇ ਇਸ ਮਹੀਨੇ ਵੀ ਇਹਨਾਂ ਗੱਲਾਂ ਦੇ ਬਾਵਜੂਦ ਡਾਕਟਰਾਂ ਅਤੇ ਮੈਡੀਕਲ ਸਟਾਫ ਉੱਤੇ ਹਮਲੇ ਦੀਆਂ 9 ਦੁਰਘਟਨਾਵਾਂ ਹੋਰ ਹੋ ਗਈਆਂ। ਐਸੋਸੀਏਸ਼ਨ ਵੱਲੋਂ ਕਿਹਾ ਗਿਆ ਕਿ ਸੁਰੱਖਿਆ ਦੇ ਨਾਲ ਨਾਲ ਵਿਭਾਗ ਨੇ ਮੀਟਿੰਗ ਵਿੱਚ ਇਹ ਵੀ ਭਰੋਸਾ ਦਿੱਤਾ ਸੀ ਕਿ ਪਹਿਲਾਂ ਤੋਂ ਜਾਰੀ ਸਮਾਂਬਧ ਤਰੱਕੀ ਦੇ ਸਿਸਟਮ ਨੂੰ ਰੋਕਿਆ ਨਹੀਂ ਜਾਵੇਗਾ ਅਤੇ ਉਸਨੂੰ ਬਹਾਲ ਕਰਨ ਦੀ ਨੋਟੀਫਿਕੇਸ਼ਨ ਤੇ ਵੀ ਸਰਕਾਰ ਜਲਦ ਫੈਸਲਾ ਕਰੇਗੀ ਪਰ ਸਰਕਾਰ ਵੱਲੋਂ ਧਾਰੀ ਚੁੱਪੀ ਇਹ ਦਰਸਾਉਂਦੀ ਕਿ ਉਹ ਸਿਹਤ ਸਟਾਫ ਅਤੇ ਲੋਕਾਂ ਦੇ ਹਿਤਾਂ ਲਈ ਗੰਭੀਰ ਨਹੀਂ ਹੈ। ਹਾਲਾਂਕਿ ਡਾਕਟਰ ਐਸੋਸੀਏਸ਼ਨ ਨੇ ਭਰੋਸਾ ਦਿਵਾਇਆ ਕਿ ਸਰਕਾਰ ਅਗਰ ਮੀਟਿੰਗ ਲਈ ਬੁਲਾਉਂਦੀ ਹੈ ਤਾਂ ਓਹ ਸ਼ਾਮਲ ਹੋਣਗੇ ਪਰ ਇਹ ਮੰਗਾ ਬਹੁਤ ਜਰੂਰੀ ਹਨ ਤੇ ਇਹਨਾਂ ਤੇ ਕਿਸੇ ਕਿਸਮ ਦਾ ਸਮਝੌਤਾ ਨਹੀਂ ਕੀਤਾ ਜਾ ਸਕਦਾ।


HAPPY BAZAAR

HAPPY BAZAR

Indian, Pakistani & Fijjian Groceries

WE ARE OPEN
7 DAYS A WEEK
9:00 am to 8:30 pm

RENT DVDS & BUY CLOTHES
ENJOY YOUR DAY WITH HOPES

We sell Air Tickets

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ

CALL US
Ph: (209) 478-0285
Fax: (209) 477-3206

EVERY SATURDAY & SUNDAY
SPECIAL DISCOUNT ON GROCERIES

1304 E Hammer Lane # 7 Stockton CA 95212
EMAIL : indiabazaar08@yahoo.com

# ਮਾਓਰੀ ਭਾਈਚਾਰੇ ਲਈ ਮਾਓਰੀ ਭਾਸ਼ਾ 'ਚ ਗੁਰਬਾਣੀ ਦੀ ਪਹਿਲੀ ਸੌਗਾਤ ਜਪੁ ਜੀ ਸਾਹਿਬ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਅਕਸਰ ਇਹ ਸ਼ਿਕਵਾ ਬਣਿਆ ਰਹਿੰਦਾ ਹੈ ਕਿ ਸਰਬ ਸਾਂਝੀ ਪਵਿੱਤਰ ਗੁਰਬਾਣੀ ਦਾ ਜਿੰਨਾ ਪ੍ਰਚਾਰ ਅਤੇ ਪ੍ਰਸਾਰ ਸਿੱਖ ਕੌਮ ਕਰ ਸਕਦੀ ਸੀ, ਓਨਾ ਨਹੀਂ ਕਰ ਸਕੀ। ਸਾਧਨਾ ਦਾ ਬਹਾਨਾ ਲਾ ਕੇ ਪਾਸਾ ਵੱਟਣਾ ਹੋਵੇ ਤਾਂ ਸਾਡੀਆਂ ਸੰਸਥਾਵਾਂ ਦੇ ਲਈ ਇਹ ਸੰਗਤ ਵਿਚ ਪ੍ਰਵਾਨਯੋਗ ਨਹੀਂ ਮੰਨਿਆ ਜਾ ਸਕਦਾ।

ਇਸਦੇ ਉਲਟ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਛੋਟੀਆਂ ਸਿੱਖ ਸੰਸਥਾਵਾਂ ਦਾ ਸਾਰਥਿਕ ਉਦਮ ਜ਼ਰੂਰ ਸ਼ਾਬਾਸ਼ੀ ਦਾ ਹੱਕਦਾਰ ਕਿਹਾ ਜਾ ਸਕਦਾ ਹੈ, ਜਿਨ੍ਹਾਂ ਨੇ ਗੁਰਬਾਣੀ ਨੂੰ ਦੂਸਰੀਆਂ ਭਾਸ਼ਾਵਾਂ ਦੇ ਵਿਚ ਅਨੁਵਾਦ ਅਤੇ ਪ੍ਰਕਾਸ਼ਿਤ ਕਰਵਾ ਕੇ ਪ੍ਰਮਾਤਮਾ ਦੀ ਕ੍ਰਿਪਾ ਦਾ ਪਾਤਰ ਬਨਣ ਦਾ ਸੁਭਾਗ ਪ੍ਰਾਪਤ ਕੀਤਾ ਹੈ।

'ਦਾ ਨਿਊਜ਼ੀਲੈਂਡ ਕੌਂਸਿਲ ਆਫ਼ ਸਿੱਖ ਅਫ਼ੇਅਰਜ਼' ਨੇ ਅਜਿਹਾ ਹੀ ਉਦਮ ਕਰਕੇ ਪਹਿਲ ਕੀਤੀ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਹਿਲੀ ਬਾਣੀ 'ਜਪੁ ਜੀ' ਸਾਹਿਬ ਨੂੰ ਮਾਓਰੀ ਭਾਸ਼ਾ ਦੇ ਵਿਚ ਅਨੁਵਾਦ




ਕਰਵਾ ਕੇ ਏ-4 ਸਾਈਜ਼ ਵਿਚ ਤਿਆਰ ਕੀਤਾ ਹੈ। ਉਦੇਸ਼ ਹੈ ਕਿ ਨਿਊਜ਼ੀਲੈਂਡ ਦੇ ਮੂਲ ਵਸਨੀਕਾਂ (ਮਾਓਰੀ ਭਾਈਚਾਰੇ) ਨੂੰ ਦੱਸ ਸਕੀਏ ਕਿ ਸਾਡੇ ਪਵਿੱਤਰ ਗ੍ਰੰਥ ਦੀ ਪਹਿਲੀ ਬਾਣੀ 'ਜਪੁ ਜੀ' ਸਾਹਿਬ ਸਾਨੂੰ ਕੀ ਸਿੱਖਿਆ ਤੇ ਸੰਦੇਸ਼ ਦਿੰਦੀ ਹੈ। ਅਸੀਂ ਕਿਉਂ ਇਸ ਨੂੰ ਆਰੰਭ ਦੇ ਵਿਚ ਪੜ੍ਹਦੇ ਹਾਂ। ਬਹੁਕੌਮੀ ਇਸ ਮੁਲਕ ਦੇ ਵਿਚ ਜਿੱਥੇ ਸਾਡੇ ਧਾਰਮਿਕ ਹੱਕਾਂ ਦੀ ਖੁੱਲ੍ਹ ਹੈ, ਉਥੇ ਬਹੁ ਸਭਿਆਚਾਰਕ ਸਾਂਝਾ ਵੀ ਇਕ ਚੰਗਾ ਸਮਾਜ ਸਿਰਜਦੀਆਂ ਹਨ। ਇਹ ਉਦਮ ਸਥਾਨਕ ਭਾਈਚਾਰੇ ਦੇ ਵਿਚ ਸਾਡੇ ਵਿਸ਼ਵਾਸ਼ ਦੇ ਅਧਾਰ ਨੂੰ ਵੀ ਪ੍ਰਗਟ ਕਰੇਗਾ।

04 ਸਤੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 421 ਵਾਂ ਪਹਿਲਾ ਪ੍ਰਕਾਸ਼ ਪੁਰਬ ( 01 ਸਤੰਬਰ 1604 ਵੀਹ ਭਾਦੋਂ) ਵੀ ਆ ਰਿਹਾ ਹੈ ਅਤੇ ਇਸ ਇਸ ਪਵਿੱਤਰ ਦਿਹਾੜੇ ਨੂੰ ਸਮਰਪਿਤ ਵੀ ਰਹੇਗਾ।

ਸ. ਬਿਕਰਮ ਸਿੰਘ ਮਝੈਲ, ਸ. ਗੁਰਤੇਜ ਸਿੰਘ ਵਲਿੰਗਟਨ, ਸ। ਤੇਜਵੀਰ ਸਿੰਘ ਅਤੇ ਰਾਣਾ ਜੱਜ ਹੋਰਾਂ ਨੇ ਇਸ ਪਵਿੱਤਰ ਜਪੁ ਜੀ ਸਾਹਿਬ ਨੂੰ ਮਾਓਰੀ ਭਾਸ਼ਾ ਦੇ ਵਿਚ ਪ੍ਰਕਾਸ਼ਿਤ ਕਰਵਾ ਕੇ ਛੋਟਾ ਗੁਟਕਾ ਤਿਆਰ ਕਰਵਾਇਆ ਹੈ ਜਿਸ ਨੂੰ ਪਹਿਲੀ ਸਤੰਬਰ 2024 ਨੂੰ ਰੇਡੀਓ ਸਪਾਈਸ ਸਟੂਡੀਓ ਵਿਖੇ ਸਵੇਰੇ 11 ਵਜੇ ਸੰਗਤ ਦੀ ਝੋਲੀ ਪਾਇਆ ਜਾਵੇਗਾ। ਮਾਓਰੀ ਭਾਈਚਾਰੇ ਦੇ ਮੁਖੀ ਕੌਮਾਤੁਆ ਵੀ ਇਸ ਮੌਕੇ ਪਹੁੰਚਣਗੇ।

# ਏਅਰ ਨਿਊਜ਼ੀਲੈਂਡ ਦੇ ਮੁਖੀ ਦੀਆਂ ਨਜ਼ਰਾਂ ਸਿੱਧੀਆਂ ਇੰਡੀਆ ਫਲਾਈਟਾਂ 'ਤੇ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਏਅਰ ਨਿਊਜ਼ੀਲੈਂਡ ਦੇ ਸੀ. ਈ। ਓ ਸ੍ਰੀ ਗ੍ਰੈਗ ਫੋਰਨ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਦਿਲ ਕਰਦਾ ਹੈ ਕਿ ਏਅਰ ਨਿਊਜ਼ੀਲੈਂਡ ਦੀਆਂ ਫਲਾਈਟਾਂ ਇੰਡੀਆ ਲਈ ਉਡਣ। ਉਹ ਇੰਡੀਆ ਦੇ ਲਈ ਰੂਟਾਂ ਦੀ ਭਾਲ ਵਿਚ ਹਨ ਇਸ ਵੇਲੇ ਸਾਰੇ ਯਾਤਰੀਆਂ ਨੂੰ ਦੂਜੇ ਦੇਸ਼ਾਂ ਦੇ ਰਾਹੀਂ ਹੋ ਕੇ ਇੰਡੀਆ ਪਰਤਣਾ ਪੈਂਦਾ ਹੈ। ਇਸ ਵੇਲੇ ਨਿਊਜ਼ੀਲੈਂਡ ਵਿੱਤੀ ਸੰਘਰਸ਼ ਦੇ ਵਿਚੋਂ ਲੰਘ ਰਹੀ ਹੈ। ਪਿਛਲੇ ਸਾਲ ਦੇ ਮੁਕਾਬਲੇ ਮੁਨਾਫਾ




ਬਹੁਤ (65%) ਘਟ ਗਿਆ ਹੈ। ਕੋਵਿਡ ਤੋਂ ਬਾਅਦ ਇਕ ਦਮ ਏਅਰ ਨਿਊਜ਼ੀਲੈਂਡ ਦੇ ਮੁਨਾਫੇ ਵਿਚ ਇਜਾਫਾ ਹੋਇਆ ਸੀ, ਪਰ ਹੁਣ ਇਹ ਘਟਣਾ ਸ਼ੁਰੂ ਹੋ ਗਿਆ ਹੈ। ਘਰੇਲੂ ਉਡਾਣਾ ਦੇ ਲਈ ਵੀ ਯਾਤਰੀਆਂ ਵਿਚ ਵੱਡੀ ਕਮੀ ਆਈ ਹੈ। ਕਾਰਪੋਰੇਟ ਅਤੇ ਮੱਧਮ ਦਰਜੇ ਦੇ ਉਦਮੀਆਂ ਦੇ ਵਿਚ ਵੀ 10 ਤੋਂ 12% ਦੀ ਕਮੀ ਆਈ ਹੈ। ਇਸ ਵੇਲੇ ਏਅਰ ਲਾਈਨ ਅਮਰੀਕਾ ਦੇ ਸ਼ਹਿਰਾਂ ਲਈ ਜਾਣ ਵਾਲੇ ਲੋਕਾਂ ਤੋਂ ਕਾਫੀ ਪੈਸੇ ਕਮਾ ਰਹੀ ਹੈ। ਏਅਰ ਨਿਊਜ਼ੀਲੈਂਡ ਇੰਡੀਆ ਦੇ ਲਈ ਅਤੇ ਯੂਰਪ ਦੇ ਲਈ ਸਿੱਧੀਆਂ ਹਵਾਈ ਉਡਾਣਾ ਦੇ ਲਈ ਕਾਫੀ ਦਿਲਚਸਪੀ ਰੱਖਦੀ ਹੈ।

# ਲੋਕ ਸਾਹਿਤ ਸੰਗਮ ਦੇ ਵਿਹੜੇ ਸਾਹਿਤਕਾਰਾਂ ਨੇ ਚੰਗਾ ਰੰਗ ਬੰਨਿਆ

**ਰਾਜਪੁਰਾ–** ਲੋਕ ਸਾਹਿਤ ਸੰਗਮ (ਰਜਿ ) ਰਾਜਪੁਰਾ ਦੀ ਸਾਹਿਤਕ ਸਭਾ ਸਥਾਨਕ ਰੋਟਰੀ ਭਵਨ ਦੇ ਹਾਲ ਵਿਚ ਡਾ ਗੁਰਵਿੰਦਰ ਅਮਨ ਦੀ ਪ੍ਰਧਾਨਗੀ ਵਿਚ ਹੋਈ। ਸਭਾ ਦਾ ਅਗਾਜ਼




ਦਲਜੀਤ ਸਿੰਘ ਸ਼ਾਂਤ ਨੇ ਸੁਰੀਲੀ ਅਵਾਜ਼ ਵਿਚ ਗੀਤ ਨਾਲ ਕੀਤਾ। ਰਣਜੀਤ ਸਿੰਘ ਫਤਹਿਗੜ੍ਹ ਸਾਹਿਬ ਨੇ 'ਧੀਆਂ ਕੋਲੋਂ ਖੋਹ ਲਿਆ ਏ ਹਕ਼ ਮੁਸਕਰਾਉਣ ਦਾ ' ਸੁਣਾਕੇ ਦੇਸ਼ ਦੇ ਹਾਕਮਾਂ ਨੂੰ ਦੁਰਕਾਰਿਆ। ਹਰਪਾਲ ਸਿੰਘ ਪਾਲ ਨੇ ' ਓ ਦੁਨੀਆ ਦੇ ਬੰਦਿਓ 'ਗੀਤ ਸੁਣਾਇਆ। ਸੁਨੀਤਾ ਦੇਸ ਰਾਜ ਨੇ 'ਮੇਰਾ ਪਿਆਰ ਹੈ ਤੂੰ ,ਸਤਿਕਾਰ ਹੈ ਤੂੰ ' ਸੁਣਾਕੇ ਇਬਾਦਤ ਕੀਤੀ। ਸੁਰਿੰਦਰ ਸਿੰਘ ਸੋਹਣਾ ਰਾਜੇਮਾਜਰੀਆ ਨੇ 'ਨਾ ਮੈ ਮੁਫ਼ਤ ਵਿਚ ਆਟਾ ਚੌਲ ਦਲ ਮੰਗਦਾਂ, ਮੈ ਤਾਂ ਬਸ ਸਰਕਾਰੇ ਰੁਜ਼ਗਾਰ ਮੰਗਦਾਂ' ਬੁਲੰਦ ਆਵਾਜ਼ ਦੀ ਮਾਲਿਕ ਸੁਰਿੰਦਰ ਕੌਰ ਬਾੜਾ'ਹਾਲ ਦਾ ਮਹਿਰਮ ਤੂੰ ਸੱਜਣਾ, ਪਰ ਦਿਲ ਦਾ ਮਹਿਰਮ ਨਾ ਹੋਇਆ' ਸੁਣਾਕੇ ਸ਼ਰੋਤਿਆਂ ਨੂੰ ਨਿਹਾਲ ਕੀਤਾ। ਮਨਜੀਤ ਸਿੰਘ ਨਾਗਰਾ ਨੇ ਸੰਗੀਤਕ ਧੁਨਾਂ ਤੇ ਗੀਤ ਸੁਣਾਇਆ। ਕਰਮ ਸਿੰਘ ਟਿਵਾਣਾ ਨੇ 'ਰਿਟਾਇਰੀਆਂ ਦੀ ਮੌਜ਼ਾ ਹੀ ਮੌਜਾਂ ਸੁਣਾਕੇ ਮਾਹੌਲ ਸਿਰਜਿਆ। ਪ੍ਰਿੰ ਲਵਲੀ ਸਲੂਜਾ ਪੰਨੂ ਨੇ ਪੁਆਧੀ ਸੱਭਿਚਾਰਕ ਘੋੜੀਆਂ ਤੇ ਸੁਹਾਗ ਸੁਣਾਏ। ਕਰਮ ਸਿੰਘ ਹਕੀਰ ਦੀ'ਚਾਰ ਚੁਫੇਰੇ ਛਾਈ ਉਦਾਸੀ ,ਨਾ ਕੀਤੇ ਦਿੱਸਦਾ ਹਾਸਾ 'ਸੁਣਕੇ ਸਾਵਣ ਮਹੀਨੇ ਨੂੰ ਵੰਗਾਰਿਆ। ਪੱਤਰਕਾਰ ਜੀ ਪੀ ਸਿੰਘ ਨੇ ਸ਼ੇਅਰ ਸੁਣਾਕੇ ਰੰਗ ਬੰਨਿਆ।ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਨੇ ਮਿੰਨੀ ਕਹਾਣੀ 'ਜਿੰਦਾ ਸ਼ਹੀਦ' ਸੁਣਾਕੇ ਸਮਾਜ 'ਤੇ ਵੱਡਾ ਵਿਅੰਗ ਕੱਸਿਆ। ਬਲਦੇਵ ਸਿੰਘ ਖੁਰਾਣਾ ਨੇ ਜਿੱਥੇ ਗੀਤ ਸੁਣਾਇਆ ਉਥੇ ਸਟੇਜ ਦੀ ਕਾਰਵਾਈ ਬਾਖੂਬ ਚਲਾਈ।

# ਪੰਜਾਬ ਦਿਵਸ ਨੂੰ ਸਮਰਪਿਤ ਟੋਰਾਂਟੋ ਵਿੱਚ ਲੱਗਿਆ ਵਿਸ਼ਾਲ ਸੱਭਿਆਚਾਰਕ ਮੇਲਾ

## ਕੋਰੇਆਲਾ ਮਾਨ, ਹੈਰੀ ਸੰਧੂ, ਗਿੱਲ ਹਰਦੀਪ ਅਤੇ ਸੁੱਖੀ ਨੇ ਬੰਨ੍ਹੇ ਗਾਇਕੀ ਦੇ ਰੰਗ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)–** ਸ. ਜਸਵਿੰਦਰ ਸਿੰਘ ਖੋਸਾ, ਮਹਿਫ਼ਲ ਮੀਡੀਆ ਅਤੇ ਸਹਿਯੋਗੀ ਸੰਸਥਾਵਾਂ ਵਲੋਂ ਪੰਜਾਬ ਦਿਵਸ ਨੂੰ ਸਮਰਪਿਤ ਪੰਜਾਬ ਡੇਅ ਮੇਲਾ ਟੋਰਾਂਟੋ ਦੇ ਬੁੱਢਬਾਈਨ ਸੈਂਟਰ ਦੀ ਖੁੱਲੀ ਡੁੱਲੀ ਪਾਰਕਿੰਗ ਵਿਖੇ



ਕਰਵਾਇਆ ਗਿਆ। ਹਰ ਇਕ ਲਈ ਮੁਫਤ ਦਾਖਲੇ ਵਾਲੇ ਇਸ ਮੇਲੇ ਵਿੱਚ ਪੰਜਾਬ ਅਤੇ ਪੰਜਾਬੀਅਤ ਦੇ ਕਈ ਪੁਰਾਤਨ ਅਤੇ ਪੇਂਡੂ ਰੰਗ ਦੇਖਣ ਨੂੰ ਮਿਲੇ । ਪੰਜਾਬ ਪੰਜਾਬੀਅਤ ਅਤੇ ਪੰਜਾਬੀ ਬੋਲੀ ਵਿੱਚ ਰੰਗੇ ਇਸ ਮੇਲੇ ਨੇ ਪੰਜਾਬ ਤੋਂ ਇਥੇ ਆ ਕੇ ਵਸੇ ਬਜ਼ੁਰਗਾਂ ਨੂੰ ਪੰਜਾਬ ਵਿੱਚ ਲੱਗਦੇ ਮੇਲਿਆਂ ਦੀ ਯਾਦ ਤਾਜਾ ਕਰਵਾ ਦਿੱਤੀ। ਜਿੱਥੇ ਇੱਕ ਪਾਸੇ ਗਾਇਕ ਆਪਣੀ ਗਾਇਕੀ ਪੇਸ਼ ਕਰ ਰਹੇ ਸਨ ਦੂਜੇ ਪਾਸੇ ਤਾਸ਼ ਦੀਆਂ ਬਾਜੀਆਂ ਲਾ ਰਹੇ ਬਜ਼ੁਰਗਾਂ ਦੀਆਂ ਢਾਣੀਆਂ, ਤੀਜੇ ਪਾਸੇ ਤੀਆਂ ਦੇ ਮਾਹੌਲ ਵਰਗੇ ਇਸ ਮੇਲੇ ਵਿੱਚ ਰੰਗ ਬਿਰੰਗੇ ਸੂਟਾਂ ਘੱਗਰਿਆਂ ਲਹਿੰਗਿਆਂ ਫੁਲਕਾਰੀਆਂ ਸੱਗੀ ਫੁੱਲਾਂ ਤੇ ਕੱਢੀਆਂ ਤਿੱਲੇ ਵਾਲੀਆਂ ਜੁੱਤੀਆਂ ਪਾ ਕੇ ਸੱਜੀਆਂ ਧੱਜੀਆਂ ਮੁਟਿਆਰਾਂ ਜਿੱਥੇ ਇਸ ਮੇਲੇ ਦੀ ਸ਼ਾਨ ਵਿੱਚ ਵਾਧਾ ਕਰ ਰਹੇ ਸਨ, ਉੱਥੇ ਹੀ ਕੁੜਤਾ ਚਾਦਰਾ, ਕੁੜਤੇ ਪਜਾਮਿਆਂ ਵਿੱਚ ਫਿਰਦੇ ਅਤੇ ਭੰਗੜੇ ਪਾਉਂਦੇ ਗੱਭਰੂ ਸੱਚਮੁੱਚ ਹੀ ਪੰਜਾਬ ਦੇ ਕਿਸੇ ਵੱਡੇ ਅਤੇ ਮਸ਼ਹੂਰ ਮੇਲੇ ਦਾ ਆਨੰਦ ਮਾਣਦੇ ਲੱਗ ਰਹੇ ਸਨ। ਮੇਲੇ ਦੌਰਾਨ ਸਟੇਜ ਦੀ ਕਾਰਵਾਈ ਪੁਸ਼ਪਿੰਦਰ ਸੰਧੂ ,ਦਵਿੰਦਰ ਬੈਂਸ, ਅਮਨਦੀਪ ਪੰਨੂ, ਅਤੇ ਕੁਲਵੰਤ ਸੇਖੋਂ ਨੇ ਬਾਖੂਬੀ ਨਿਭਾਈ। ਮੇਲੇ ਨੂੰ ਸਫ਼ਲ ਬਣਾਉਣ ਵਿੱਚ ਮੰਮੂ ਸ਼ਰਮਾ, ਅਵਤਾਰ ਧਾਲੀਵਾਲ, ਗਗਨ ਸੰਧੂ ਆਦਿ ਦਾ ਵਿਸ਼ੇਸ਼ ਸਹਿਯੋਗ ਰਿਹਾ। ਮੇਲੇ ਦੌਰਾਨ ਜਿੱਥੇ ਮਹਿੰਦੀ, ਖਾਣ ਪੀਣ ਅਤੇ ਹੋਰ ਸਟਾਲ ਲੋਕਾਂ ਦੀ ਖਿੱਚ ਦਾ ਕੇਂਦਰ ਬਣੇ ਹੋਏ ਸਨ, ਉੱਥੇ ਹੀ ਨੌਜਵਾਨ ਗਾਇਕ ਕੋਰੇਆਲਾ ਮਾਨ, ਹੈਰੀ ਸੰਧੂ, ਲੋਕ ਦਿਲਾਂ ਦੀ ਧੜਕਣ ਬੁੱਕਣ ਜੱਟ, ਹਰਮਿਲਾਪ ਗਿੱਲ ਲੱਖ ਸੰਧੂ, ਗਿੱਲ ਹਰਦੀਪ, ਸੁਖਵਿੰਦਰ ਸੁੱਖੀ ਗਾਇਕ ਜੋੜੀ ਹਰਬੰਸ ਸਹੋਤਾ, ਰਮਨ ਸੰਧੂ ਆਦਿ ਨੇ ਕਈ ਘੰਟੇ ਲੋਕਾਂ ਦਾ ਖੂਬ ਮਨੋਰੰਜਨ ਕੀਤਾ ।

ਇਸ ਮੌਕੇ ਮੋਟਰਸਾਈਕਲ ਕਲੱਬ ਨਾਲ ਜੁੜੇ ਹੋਏ ਅਤੇ ਪਿਛਲੇ ਕਈ ਸਾਲਾਂ ਤੋਂ ਵੱਖ-ਵੱਖ ਥਾਵਾਂ ਤੇ ਦਸਤਾਰ ਕੈਂਪ ਲਗਾ ਕੇ ਨੌਜਵਾਨਾਂ ਦੀ ਸਿਰਾਂ ਤੇ ਮੁਫ਼ਤ ਵਿੱਚ ਦਸਤਾਰਾਂ ਸਜਾਉਣ ਅਤੇ ਸਿੱਖੀ ਵੱਲ ਪ੍ਰੇਰਿਤ ਕਰਨ ਵਾਲੇ ਸ। ਨਾਜਰ ਸਿੰਘ ਸੰਧੂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ ਗਿਆ। ਅੰਤ ਵਿੱਚ ਸ. ਜਸਵਿੰਦਰ ਸਿੰਘ ਖੋਸਾ ਵਲੋਂ ਮੇਲੇ ਨੂੰ ਸਫ਼ਲ ਬਣਾਉਣ ਲਈ ਸਮੁੱਚੀ ਟੀਮ ਅਤੇ ਲੋਕਾਂ ਦਾ ਧੰਨਵਾਦ ਕੀਤਾ ਗਿਆ।

# ਅਮਨਦੀਪ ਸਿੰਘ ਨੇ ਡਿਪਟੀ ਡੀਈਓ ਸੈਕੰਡਰੀ ਪਠਾਨਕੋਟ ਦਾ ਅਹੁਦਾ ਸੰਭਾਲਿਆ


**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਡੀਟੀਸੀ ਸੀਨੀਅਰ ਉਪ ਪ੍ਰਧਾਨ ਅਮਨਦੀਪ ਸਿੰਘ ਨੇ ਅੱਜ ਡਿਪਟੀ ਡੀ. ਈ. ਓ ਸਕੈਂਡਰੀ ਪਠਾਨਕੋਟ ਦਾ ਅਹੁਦਾ ਸੰਭਾਲ ਲਿਆ। ਇਸ ਤੋਂ ਪਹਿਲਾਂ ਉਹ 2019 ਤੋਂ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਚਾਹੀਦਾ ਹੈ।ਅੱਜ ਇਸ ਮੌਕੇ ਡੀਈਓ ਸੈਕੰਡਰੀ ਰਾਜੇਸ਼ ਕੁਮਾਰ, ਡੀਈਓ ਐਲੀਮੈਂਟਰੀ ਕਮਲਦੀਪ ਕੌਰ ਅਤੇ ਡਿਪਟੀ ਡੀਈਓ ਐਲੀਮੈਂਟਰੀ ਡੀਜੀ ਸਿੰਘ ਨੇ ਸਟਾਫ਼ ਸਮੇਤ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਉਨਾਂ ਨੂੰ ਇਸ ਅਹੁਦੇ ਦੀ ਵਧਾਈ ਅਤੇ ਸ਼ੁਭ




ਪਨਿਆੜ ਵਿਖੇ ਬਤੌਰ ਪ੍ਰਿੰਸੀਪਲ ਸੇਵਾਵਾਂ ਦੇ ਰਹੇ ਸਨ ਅਤੇ ਉਸ ਤੋਂ ਪਹਿਲਾਂ ਉਨ੍ਹਾਂ ਨੇ ਸਰਕਾਰੀ ਮਿਡਲ ਸਕੂਲ ਬਾਲਾ ਪਿੰਡੀ ਵਿਖੇ ਬਤੌਰ ਸਾਇੰਸ ਮਾਸਟਰ 8 ਸਾਲ ਸੇਵਾਵਾਂ ਦਿੱਤੀਆਂ ਹਨ ਅਤੇ ਉਹ ਬਲਾਕ ਦੀਨਾਨਗਰ -2 ਦੇ ਬੀਐਨਓ ਵੀ ਰਹੇ ਹਨ। ਅੱਜ ਸਥਾਨਕ ਦਫ਼ਤਰ ਵਿੱਚ ਅਹੁਦਾ ਸੰਭਾਲਣ ਉਪਰੰਤ ਸਟਾਫ਼ ਅਤੇ ਸਾਥੀ ਅਧਿਆਪਕਾਂ ਨਾਲ ਗੱਲਬਾਤ ਕਰਦੇ ਉਨਾਂ ਕਿਹਾ ਕਿ ਸਿੱਖਿਆ ਦਾ ਮਿਆਰ ਉਚਾ ਚੁੱਕਣਾ ਉਨਾਂ ਦਾ ਮੁੱਖ ਟੀਚਾ ਰਹੇਗਾ ਅਤੇ ਉਹ ਇਸ ਨਿਸ਼ਾਨੇ ਦੀ ਪੂਰਤੀ ਲਈ ਦਿਨ-ਰਾਤ ਵੀ ਕੰਮ ਕਰਨ ਨੂੰ ਤਰਜੀਹ ਦੇਣਗੇ।ਉਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਦੀਆਂ ਅਣਥੱਕ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਮੈਂ ਚਾਹਾਂਗਾ ਕਿ ਇੰਨਾਂ ਯਤਨਾਂ ਦਾ ਨਤੀਜਾ ਸਕੂਲਾਂ ਦੇ ਬੱਚਿਆਂ ਤੱਕ ਪਹੁੰਚੇ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਕੋਸ਼ਿਸ਼ਾਂ ਅਤੇ ਅਧਿਆਪਕਾਂ ਦੀ ਮਿਹਨਤ ਦਾ ਨਤੀਜਾ ਬੱਚਿਆਂ ਦੇ ਨਤੀਜੇ ਵਿਚੋਂ ਝਲਕਣਾ ਇਛਾਵਾਂ ਦਿੱਤੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਦੀਪ ਸਿੰਘ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਟੀਆਂ, ਜਸਵਿੰਦਰ ਸਿੰਘ ਬੀਐਨਓ ਬਟਾਲਾ -1, ਰਾਜਨ ਕੁਮਾਰ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਾਰਾਗੜ੍ਹ ਗੁਰਦਾਸਪੁਰ,ਡਾ: ਮਨਦੀਪ ਸ਼ਰਮਾ, ਹਰਸਿਮਰਨ ਸਿੰਘ ਲੈਕਚਰਾਰ, ਰਾਜਵਿੰਦਰ ਸਿੰਘ ਲੈਕਚਰਾਰ, ਰਾਜਦੀਪ ਸਿੰਘ ਡੀਪੀਈ, ਸੰਦੀਪ ਕਲਰਕ, ਰਾਜੇਸ਼ ਕੁਮਾਰ ਲੈਕਚਰਾਰ ਤੰਗੋਸਾਹ, ਰਾਜੇਸ਼ ਲੱਕੀ, ਕੰਸ ਰਾਜ ਲੈਕਚਰਾਰ , ਸੁਰਜੀਤ ਸਿੰਘ, ਡੀਐਸਐਮ ਬਲਵਿੰਦਰ ਸੈਣੀ , ਸਮਾਰਟ ਸਕੂਲ ਕੋਆਰਡੀਨੇਟਰ ਸੰਜੀਵ ਮਨੀ, ਬਲਵਿੰਦਰ ਸਿੰਘ , ਅਰੁਣ ਏਈਓ, ਰਾਜ ਦੀਪਕ ਸੁਪਰਡੈਂਟ, ਮਨਜੀਤ ਸੁਪਰਡੈਂਟ, ਸ਼ੰਭੂ, ਚੇਤਨ ਅੱਤਰੀ, ਅਮਿਤ, ਸ਼ਵੇਤਾ, ਮਲਕੀਤ ਸਿੰਘ, ਮਨੀਸ਼ ਗੁਪਤਾ ਐਮਆਈਐਸ, ਨਰਿੰਦਰ ਜੇਈ, ਬਲਕਾਰ ਅੱਤਰੀ ਅਤੇ ਸਿੱਖਿਆ ਖੇਤਰ ਦੀਆਂ ਹੋਰ ਹਸਤੀਆਂ ਹਾਜ਼ਰ ਸਨ।

# ਕੰਟਰੈਕਟ 2211 ਹੈਡ ਮਲਟੀਪਰਪਜ ਹੈਲਥ ਵਰਕਰ ਫੀਮੇਲ ਪੰਜਾਬ ਦੀ ਨਵੀਂ ਸੂਬਾ ਪ੍ਰਧਾਨ ਚੁਣੀ - ਸਰਬਜੀਤ ਕੌਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਕੰਟਰੈਕਟ 2211 ਹੈਡ ਮਲਟੀਪਰਪਜ ਹੈਲਥ ਵਰਕਰ ਫੀਮੇਲ ਐਸੋਸੀਏਸ਼ਨ ਪੰਜਾਬ ਵੱਲੋਂ ਸੀਟੂ ਭਵਨ ਲੁਧਿਆਣਾ ਵਿੱਚ ਪੰਜਾਬ ਭਰ ਦੀਆਂ ਅਲੱਗ-ਅਲੱਗ ਜ਼ਿਲ੍ਹਿਆਂ ਤੋਂ ਹੈਲਥ ਵਰਕਰਾਂ ਨੇ ਮੀਟਿੰਗ ਕੀਤੀ। ਜਿਸ ਵਿਚ ਪਿਛਲੇ 2 ਸਾਲ ਤੋਂ ਨਿਯੁਕਤ ਮਨੁਵਰ ਜਹਾਂ ਵਲੋਂ ਕਮੇਟੀ ਦਾ ਕਾਰਜਕਾਲ 2 ਸਾਲ ਪੂਰਾ ਹੋਣ ਤੇ ਸਟੇਟ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ




ਦਿੱਤਾ ਗਿਆ ਤੇ ਕਮੇਟੀ ਨੂੰ ਭੰਗ ਕੀਤਾ ਗਿਆ। ਕੰਟਰੈਕਟ 2211 ਹੈਡ ਮਲਟੀਪਰਪਜ ਹੈਲਥ ਵਰਕਰ ਫੀਮੇਲ ਵਲੋਂ ਮੌਕੇ ਤੇ ਹੀ ਸਰਬ ਸੰਮਤੀ ਨਾਲ ਸੂਬਾ ਪ੍ਰਧਾਨ ਸਰਬਜੀਤ ਕੌਰ ਨਵਾਂਸ਼ਹਿਰ ਨੂੰ ਨਿਯੁਕਤ ਕੀਤਾ ਗਿਆ ਹੈ। ਪਿਛਲੇ ਲੰਬੇ ਸਮੇਂ ਤੋਂ ਲਟਕ ਰਹੀਆਂ ਵਰਕਰਾਂ ਦੀਆਂ ਜਾਇਜ ਮੰਗਾਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਵਿਚ ਹਾਜ਼ਰ ਮੈਂਬਰ ਅਤੇ ਕੁਝ ਜੋ ਮੈਂਬਰ ਨਹੀਂ ਆਏ ਉਹਨਾਂ ਨਾਲ ਜ਼ੂਮ ਮੀਟਿੰਗ ਕੀਤੀ ਗਈ। ਜਰਨਲ ਸਕੱਤਰ ਗੁਰਦੀਪ ਕੌਰ ਨਵਾਂ ਸ਼ਹਿਰ ਸੀਨੀਅਰ ਮੀਤ ਪ੍ਰਧਾਨ ਰਾਜ ਰਾਣੀ, ਭੁਪਿੰਦਰ ਕੌਰ ਕਪੂਰਥਲਾ ਮੀਤ ਪ੍ਰਧਾਨ, ਨਿੰਦਰ ਕੌਰ, ਰੀਟਾ ਰਾਣੀ ਕਪੂਰਥਲਾ ਜੁਆਇੰਨ ਜਰਨਲ ਸਕੱਤਰ, ਜਸਵਿੰਦਰ ਕੌਰ, ਜਸਵੀਰ ਕੌਰ ਸੰਗਰੂਰ ਵਿੱਤ ਸਕੱਤਰ, ਹਰਪ੍ਰੀਤ ਕੌਰ ਸੰਗਰੂਰ ਪ੍ਰੈਸ ਸਕੱਤਰ, ਸਿੰਦਰ ਕੌਰ ਫਰੀਦਕੋਟ, ਸੰਯੋਗਤਾ ਦੇਵੀ ਜਲੰਧਰ ਮੁੱਖ ਸਲਾਹਕਾਰ, ਬਲਵਿੰਦਰ ਕੌਰ, ਰਵਿੰਦਰ ਕੌਰ, ਜਸਪ੍ਰੀਤ ਕੌਰ, ਬਲਜੀਤ ਕੌਰ ਮੋਗਾ ਐਕਵਿਟ ਮੈਂਬਰ, ਸੁਦਰਸਨ, ਬਲਜੀਤ ਕੌਰ ਗੁਰਦਾਸਪੁਰ, ਨਿਰਮਲ ਕੌਰ, ਜੋਗਿੰਦਰ ਕੌਰ, ਸੁਖਜੀਤ ਕੌਰ ਪਟਿਆਲਾ, ਸੁਮਨ ਸ਼ਰਮਾ, ਅਨੀਤਾ ਸੁਮਨ, ਕਸ਼ਮੀਰ ਕੌਰ ਆਦਿ ਮੌਜੂਦ ਸਨ।

# 218 ਦਿਵਿਆਂਗਜ਼ਨਾਂ ਨੂੰ ਅਲਿਮਕੋ ਵਲੋਂ ਨਿਰਮਿਤ ਕੁਲ 316 ਸਹਾਇਕ ਉਪਕਰਣ ਵੰਡੇ ਗਏ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਦਿਵਿਆਂਗਜ਼ਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿਚ ਲਿਆਉਣ ਲਈ ਸਰਕਾਰ ਵਲੋਂ ਉਨਾਂ ਦੇ ਕਲਿਆਣ ਅਤੇ ਪੁਨਰਵਾਸ ਦੇ ਲਈ ਕੰਮ ਕੀਤੇ ਜਾ ਰਹੇ ਹਨ ਜਿਸਦੇ ਤਹਿਤ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ, ਬਲਾਕਵਾਈਜ਼ ਬਲਾਚੌਰ, ਸੜੋਆ, ਬੰਗਾ, ਔੜ, ਬਲਾਕ ਨਵਾਂਸ਼ਹਿਰ ਵਿਚ ਮੁਫ਼ਤ ਦਿਵਯਾਂਗਜਨ ਉਪਕਰਣ ਵੰਡ ਸਮਾਰੋਹ, ਦਾ ਆਯੋਜਨ ਕੀਤਾ ਗਿਆ। ਇਹ ਜਾਣਕਾਰੀ ਹਲਕਾ ਇੰਚਾਰਜ ਨਵਾਂਸ਼ਹਿਰ ਲਲਿਤ ਮੋਹਨ ਪਾਠਕ ਨੇ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਵਿੱਚ ਇਹ ਕੈਂਪ ਸਮਾਜਿਕ ਨਿਆਂ ਅਤੇ ਅਧਿਕਾਰਿਤਾ ਮੰਤਰਾਲੇ, ਭਾਰਤ ਸਰਕਾਰ ਦੇ ਦਿਵਿਆਂਗਜਨ ਸਸ਼ਕਤੀਕਰਨ ਵਿਭਾਗ ਦੇ ਅਧੀਨ ਕੰਮ ਕਰ ਰਹੇ ਭਾਰਤੀਯ ਕ੍ਰਿਤਰਮ ਅੰਗ ਨਿਰਮਾਣ ਨਿਗਮ (ਅਲਿਮਕੋ) ਅਤੇ ਜ਼ਿਲਾ ਪ੍ਰਸ਼ਾਸਨ, ਸਹੀਦ ਭਗਤ ਸਿੰਘ ਦੀ ਭਾਗੀਦਾਰੀ ਨਾਲ ਇਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਕੈਂਪਾਂ ਦੇ ਦੌਰਾਨ, ਜਿਨ੍ਹਾਂ ਲਾਭਪਾਤਰੀਆਂ ਨੂੰ ਜ਼ਿਲੇ ਵਿੱਚ ਪਹਿਲਾ ਪਰੀਖਣ ਸਮਾਰੋਹ ਵਿੱਚ ਨਿਸ਼ਾਨਬੱਧ ਕੀਤਾ ਗਿਆ ਸੀ ਉਨ੍ਹਾਂ ਲਾਭਪਾਤਰੀਆਂ ਨੂੰ ਸਰਕਾਰ ਦੀ ਯੋਜਨਾ ਦੇ ਅੰਤਰਗਤ 218



ਦਿਵਿਆਂਗਜ਼ਨਾਂ ਨੂੰ ਅਲਿਮਕੋ ਵਲੋਂ ਨਿਰਮਿਤ ਕੁਲ 316 ਸਹਾਇਕ ਉਪਕਰਣ ਵੰਡੇ ਗਏ ਜਿਸ ਵਿੱਚ 59 ਮੋਟਰਾਈਜ਼ਡ ਟਰਾਈਸਾਈਕਲ, 31 ਟਰਾਈਸਾਈਕਲ, 49 ਵ੍ਹੀਲਚੇਅਰ, 02 ਸੁਗਮਿਆ ਕੇਨ, 34 ਬੈਸਾਖੀਆਂ, ਛੜੀਆ 08 ਨਕਲੀ ਅੰਗ ਅਤੇ ਕੈਲੀਪਰ 68 ਦਿਵਿਆਂਗਜਨਾਂ ਨੂੰ ਅਤੇ ਕੰਨਾਂ ਦੀ ਮਸ਼ੀਨ 60 ਦਿਵਿਆਂਗਜ਼ਨਾਂ ਨੂੰ ਦਿੱਤੇ ਗਏ। ਇਸ ਤਰਾਂ ਨਾਲ ਜਿਲ੍ਹਾ ਸਹੀਦ ਭਗਤ ਸਿੰਘ ਨਗਰ ਦੇ ਸਮੂਹ ਬਲਾਕਾਂ ਵਿਚ ਰਕਮ 46,26,000/- ਰੁ: ਦੀ ਕੀਮਤ ਦਾ ਸਮਾਨ ਦਿਵਿਆਂਗਜ਼ਨਾਂ ਨੂੰ ਵੰਡਿਆ ਗਿਆ ਹੈ। ਇਸ ਮੌਕੇ ਤੇ ਭਾਰਤੀਯ ਕ੍ਰਿਤਰਮ ਅੰਗ ਨਿਰਮਾਣ ਨਿਗਮ (ਅਲਿਮਕੋ) ਦੇ ਅਧਿਕਾਰੀ ਸ਼੍ਰੀ ਅਸ਼ੋਕ ਸਾਹੂ, Ofifcer, P & O Ailmco, ਸ਼੍ਰੀ ਅਨਿਲ Auidoloigst, ਅਲਿਮਚੋ ਜ਼ਿਲ੍ਹਾ ਪ੍ਰਸ਼ਾਸਨ ਸ਼ਹੀਦ ਭਗਤ ਸਿੰਘ ਨਗਰ ਦੇ ਅਧਿਕਾਰੀਆਂ ਦੇ ਰੂਪ ਵਿਚ ਸ਼੍ਰੀਮਤੀ ਰਾਜਕਿਰਨ ਕੋਰ, ਜਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਸ.ਭ.ਸ. ਨਗਰ, ਸਮੂਹ ਬਲਾਕਾਂ ਦੇ ਸੀ.ਡੀ.ਪੀ.ਓ. ਸਹਿਬਾਨ, ਮੂਹ ਸੁਪਵਾਇਜਰਜ਼ ਅਤੇ ਆਂਗਣਵਾੜੀ ਵਰਕਰ ਤੇ ਹੈਲਪਰ ਇਨ੍ਹਾਂ ਸਮਾਰੋਹਾਂ ਵਿਚ ਮੌਜੂਦ ਰਹੇ।

# ਸ੍ਰੀ ਲਾਲ ਚੰਦ ਕਟਾਰੂਚੱਕ ਨੇ ਅਪਣੇ ਨਿਵਾਸ ਸਥਾਨ ਤੇ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਵੱਲੋਂ ਜਿਲ੍ਹਾ ਪਠਾਨਕੋਟ ਵਿਖੇ ਸਥਿਤ ਪਿੰਡ ਕਟਾਰੂਚੱਕ ਵਿਖੇ ਅਪਣੇ ਦਫਤਰ ਵਿੱਚ ਖੁੱਲਾ ਦਰਬਾਰ ਲਗਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਨਰੇਸ ਕੁਮਾਰ ਜਿਲ੍ਹਾ ਪ੍ਰਧਾਨ ਬੀ।ਸੀ। ਸੈਲ, ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ ਅਤੇ ਹੋਰ ਪਾਰਟੀ ਮੈਂਬਰ ਵੀ ਹਾਜ਼ਰ ਸਨ।

ਇਸ ਮੋਕੇ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਿੱਚ ਜਨ ਹਿੱਤ ਨੂੰ ਧਿਆਨ ਵਿੱਚ ਰੱਖ



ਕੇ ਵਿਕਾਸ ਕਾਰਜ ਅਤੇ ਜਨ ਭਲਾਈ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਹਰ ਸਨੀਵਾਰ ਅਤੇ ਐਤਵਾਰ ਨੂੰ ਅਪਣੇ ਨਿਵਾਸ ਸਥਾਨ ਤੇ ਸਥਿਤ ਦਫਤਰ ਵਿਖੇ ਆਮ ਜਨਤਾ ਦੀਆਂ ਸਮੱਸਿਆਵਾਂ ਸੁਣੀਆਂ ਜਾਂਦੀਆਂ ਹਨ। ਉਨ੍ਹਾਂ ਦੱਸਿਆ ਕਿ ਜਿਆਦਾਤਰ ਸਮੱਸਿਆਵਾਂ ਦਾ ਮੋਕੇ ਤੇ ਹੱਲ ਕੀਤਾ ਜਾਂਦਾ ਹੈ ਅਤੇ ਕਿਸੇ ਵਿਭਾਗਾਂ ਨਾਲ ਸਬੰਧਤ ਸਮੱਸਿਆਵਾਂ ਦਾ ਸਬੰਧਤ ਵਿਭਾਗੀ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਸਿਕਾਇਤ ਕਰਤਾ ਨੂੰ ਸਮਾਂ ਦਿੱਤਾ ਜਾਂਦਾ ਹੈ ਤਾਂ ਜੋ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਲੋਕਾਂ ਦੀਆਂ ਆਮ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ ਤਾਂ ਜੋ ਹਰੇਕ ਨਾਗਰਿਕ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਜਨ ਭਲਾਈ ਯੋਜਨਾਵਾਂ ਤੋਂ ਲਾਭ ਪ੍ਰਾਪਤ ਕਰ ਸਕੇ।

ਇਸ ਮੋਕੇ ਤੇ ਜਿਲ੍ਹਾ ਗੁਰਦਾਸਪੁਰ ਡੀਪੂ ਹੋਲਡਰ ਕੈਬਨਿਟ ਮੰਤਰੀ ਪੰਜਾਬ ਨੂੰ ਮਿਲੇ ਅਤੇ ਮੂੰਹ ਮਿੱਠਾ ਕਰਵਾ ਕੇ ਪੰਜਾਬ ਸਰਕਾਰ ਵੱਲੋਂ ਡੀਪੂ ਹੋਲਡਰਾਂ ਦੇ ਪੱਖ ਵਿੱਚ ਲਏ ਫੈਂਸਲੇ ਦਾ ਸਵਾਗਤ ਕਰਦੇ ਹੋਏ ਸੁਭਕਾਮਨਾਵਾਂ ਦਿੱਤੀਆਂ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

ਇਸ ਮੋਕੇ ਤੇ ਡੀਪੂ ਹੋਲਡਰਾਂ ਵਿੱਚੋਂ ਜਿਲ੍ਹਾ ਪ੍ਰਧਾਨ ਮੋਹਣ ਸਿੰਘ ਭਾਗੋਕਾਵਾਂ, ਜਰਨਲ ਸਕੱਤਰ ਪੰਜਾਬ ਅਤੇ ਆਮ ਆਦਮੀ ਪਾਰਟੀ ਗੁਰਦਾਸਪੁਰ ਦੇ ਮੀਡਿਆ ਇੰਚਾਰਜ ਰਵੀ ਗਿੱਲ, ਬਟਾਲਾ ਦੇ ਪ੍ਰਧਾਨ ਰਣਜੀਤ ਸਿੰਘ, ਭਾਰਤ ਭੂਸਣ, ਕਾਦੀਆਂ ਤੋਂ ਪ੍ਰਧਾਨ ਵਿਜੈ ਕੁਮਾਰ, ਧਾਰੀਵਾਲ ਤੋਂ ਪ੍ਰਧਾਨ ਦਿਲਬਾਗ ਸਿੰਘ, ਗੁਰਦਾਸਪੁਰ ਦੇ ਪ੍ਰਧਾਨ ਬਲਵਿੰਦਰ ਸਿੰਘ , ਹਰਪ੍ਰੀਤ ਸਿੰਘ ਝਾਵਰ ਆਦਿ ਡੀਪੂ ਹੋਲਡਰਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੋ ਡੀਪੂ ਹੋਲਡਰਾਂ ਨੂੰ ਬਕਾਇਆ ਰਾਸੀ ਦਾ ਭੁਗਤਾਨ ਕੀਤਾ ਹੈ।

ਉਸ ਲਈ ਉਹ ਪੰਜਾਬ ਸਰਕਾਰ ਦੇ ਇਸ ਫੈਂਸਲੇ ਦੀ ਪ੍ਰਸੰਸਾ ਕਰਦੇ ਹਨ ਇਸ ਦੇ ਨਾਲ ਹੀ ਡੀਪੂ ਹੋਲਡਰਾਂ ਨੂੰ ਮਿਲਣ ਵਾਲੇ ਕਮਿਸਨ ਵਿੱਚ ਜੋ ਵਾਧਾ ਕੀਤਾ ਹੈ ਉਸ ਲਈ ਉਹ ਪੰਜਾਬ ਸਰਕਾਰ ਦਾ ਧੰਨਵਾਦ ਕਰਦੇ ਹਨ।

# ਡਿਪਟੀ ਕਮਿਸ਼ਨਰ ਨੇ "ਖੇਡਾਂ ਵਤਨ ਪੰਜਾਬ ਦੀਆਂ" ਸੀਜਨ-3 ਤਹਿਤ ਬਲਾਕ ਪੱਧਰੀ ਖੇਡਾਂ ਦੀ ਕੀਤੀ ਸ਼ੁਰੂਆਤ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਸਰਕਾਰ ਅਤੇ ਖੇਡ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਖੇਡਾਂ ਵਤਨ ਪੰਜਾਬ ਦੀਆਂ ਸੀਜਨ-3, 2024 ਬਲਾਕ ਪੱਧਰੀ ਖੇਡਾਂ ਦੀ ਸ਼ੁਰੂਆਤ ਅੱਜ ਬਲਾਕ ਨਵਾਂਸ਼ਹਿਰ ਵਿਖੇ ਆਈ।ਟੀ।ਆਈ। ਗਰਾਊਂਡ ਨਵਾਂਸ਼ਹਿਰ ਵਿੱਚ ਹੋਈ। ਇਸ ਟੂਰਨਾਮੈਂਟ ਵਿੱਚ ਮੁੱਖ ਮਹਿਮਾਨ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾਂ, ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸਤਨਾਮ ਚੇਚੀ ਜਲਾਲਪੁਰ ਅਤੇ ਚੇਅਰਮੈਨ ਇੰਪਰੂਵਮੈਂਟ ਟਰੱਸਟ ਸਤਨਾਮ ਸਿੰਘ ਜਲਵਾਹਾ ਪਹੁੰਚੇ। ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਸੀਜਨ-03, 2024 ਦੇ ਤਹਿਤ ਬਲਾਕ ਨਵਾਂਸ਼ਹਿਰ ਵਿਖੇ ਬਲਾਕ ਪੱਧਰੀ ਖੇਡਾਂ ਦਾ ਉਦਘਾਟਨ ਕੀਤਾ ਗਿਆ ਅਤੇ ਟੂਰਨਾਮੈਂਟ ਵਿੱਚ ਆਏ ਹੋਏ ਖਿਡਾਰੀਆਂ ਦੀ ਹੌਸਲਾ ਅਫਜਾਈ ਕਰਦੇ ਹੋਏ ਉਨ੍ਹਾਂ ਨੂੰ ਖੇਡਾਂ ਵਿਚ ਵੱਧ ਚੜ ਕੇ ਹਿੱਸਾ ਲੈਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤੇ ਸ਼੍ਰੀਮਤੀ ਵੰਦਨਾਂ ਚੌਹਾਨ, ਜਿਲ੍ਹਾ ਖੇਡ ਅਫਸਰ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਆਏ ਹੋਏ ਮੁੱਖ ਮਹਿਮਾਨਾ ਦਾ ਨਿੱਘਾ ਸਵਾਗਤ ਕੀਤਾ ਗਿਆ। ਪਹਿਲੇ ਦਿਨ ਹੋਏ ਖੇਡ ਮੁਕਾਬਲਿਆ ਵਿੱਚ ਕਬੱਡੀ ਨੈਸ਼ਨਲ ਸਟਾਈਲ (ਲੜਕੇ) ਅੰਡਰ-14 ਵਿੱਚ ਸਰਕਾਰੀ ਮਿਡਲ ਸਕੂਲ ਭੰਗਲ ਖੁਰਦ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੰਗੜੋਆ ਨੂੰ ਹਰਾਇਆ। ਅੰਡਰ-17 ਲੜਕੇ ਦੁਆਬਾ ਸਿੱਖ ਨੈਸ਼ਨਨ ਨਵਾਂਸ਼ਹਿਰ ਨੇ ਸਰਕਾਰੀ ਸ੍ਰੀ੍ਸੈਸਕੂਲ ਲੰਗੜੋਆ ਨੂੰ ਹਰਾਇਆ। ਅੰਡਰ- 21 ਲੜਕੇ ਪਿੰਡ ਮਹਾਲੋਂ ਨੇ ਦੁਆਬਾ ਸਿੱਖ ਨੈਸ਼ਨਲ ਨਵਾਸ਼ਹਿਰ ਨੂੰ ਹਰਾਇਆ। ਅਥਲੈਟਿਕਸ ਦੇ ਮਕਾਬਲਿਆ ਵਿੱਚ ਅੰਡਰ 14 ਲੜਕੀਆ ਈਵੇਂਟ 600 ਮੀਟਰ ਵਿੱਚ ਅੰਸ਼ੂ ਕੁਮਾਰੀ ਪਹਿਲਾ ਸਥਾਨ, ਸ਼ਿਵਾਂਗੀ ਚੌਹਾਨ ਨੇ ਦੂਜਾ ਅਤੇ ਅੰਨਨਿਆ ਨੇ ਤੀਜਾ ਸਥਾਨ ਹਾਸਲ ਕੀਤਾ। ਅੰਡਰ 14 ਲੜਕੇ ਈਵੇਂਟ 600 ਮੀਟਰ ਹਰਮਨ ਜੱਸੀ ਨੇ ਪਹਿਲਾ, ਐਸਟਿਨ ਦੁੱਗਲ ਨੇ ਦੂਜਾ ਅਤੇ ਮਨਪ੍ਰੀਤ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਅੰਡਰ 21 ਲਾਂਗ ਜੰਪ ਲੜਕਿਆ ਵਿੱਚ ਰਾਜ ਨੇ ਪਹਿਲਾ, ਸੁਕੀਰਤ ਨੇ ਦੂਜਾ ਅਤੇ ਨੀਰਜ ਕੁਮਾਰ ਨੇ ਤੀਜਾ ਸਥਾਨ ਹਾਸਲ ਕੀਤਾ। ਵਾਲੀਵਾਲ ਸ਼ਮੈਸ਼ਿੰਗ ਮੁਕਾਬਲਿਆਂ ਵਿੱਚ ਅੰਡਰ 17 ਲੜਕਿਆਂ ਵਿੱਚ ਕੈਂਬਰੇਂਜ ਇੰਟਰਨੈਸ਼ਨਲ ਸਕੂਲ ਕਰੀਹਾ ਨੇ ਪਹਿਲਾ, ਡਾ: ਆਸ਼ਾਨੰਦ ਸੀ. ਸੈ. ਸਕੂਲ ਨਵਾਸ਼ਹਿਰ ਨੇ ਪਹਿਲਾ, ਕੈਂਬਰੇਂਜ ਇੰਟਰਨੈਸ਼ਨਲ ਸਕੂਲ ਕਰੀਹਾ ਨੇ ਦੂਜਾ ਸਥਾਨ ਹਾਸਲ ਕੀਤਾ। ਇਸ ਮੌਕੇ ਤੇ ਸ: ਮਲਕੀਤ ਸਿੰਘ ਅਥਲੈਟਿਕਸ ਕੋਚ, ਸ਼੍ਰੀਮਤੀ ਗੁਰਜੀਤ ਕੌਰ ਕਬੱਡੀ ਕੋਚ, ਸ਼੍ਰੀਮਤੀ ਜਸਕਰਨ ਕੋਰ ਕੱਬਡੀ ਕੋਚ, ਸ: ਕਸ਼ਮੀਰ ਸਿੰਘ ਫੁੱਟਬਾਲ ਕੋਚ, ਸ: ਜਸਵਿੰਦਰ ਸਿੰਘ ਫੁੱਟਬਾਲ ਕੋਚ, ਸ: ਗੁਰਪ੍ਰੀਤ ਸਿੰਘ ਫੁੱਟਬਾਲ ਕੋਚ, ਸ: ਰਾਮ ਕੁਮਾਰ ਤੇ ਹਰਦੀਪ ਕੁਮਾਰ ਜੋਡੂ ਕੋਚ, ਸ: ਰਜਿੰਦਰ ਗਿੱਲ ਪ੍ਰਿੰਸੀਪਲ, ਦੋਆਬਾ ਆਰੀਆ ਸਕੂਲ ਨਵਾਸਹਿਰ , ਸ: ਅਸ਼ੋਕ ਕੁਮਾਰ ਵਾਲੀਵਾਲ ਕੋਚ, ਦੇਸਰਾਜ ਡੀ.ਪੀ.ਈ., ਕੁਲਵਿੰਦਰ ਕੌਰ ਡੀਪੀਈ, ਇੰਦਰਜੀਤ ਮਾਹੀ ਡੀ.ਪੀ.ਈ , ਸ਼੍ਰੀਮਤੀ ਡੋਲੀ ਧੀਮਾਨ ਟੀਚਰ ਤੋ ਇਲਾਵਾ ਹੋਰ ਪੀ.ਟੀ. ਅਤੇ ਡੀ.ਪੀ.ਈ. ਹਾਜਰ ਸਨ। ਇਹਨਾਂ ਖੇਡ ਮੁਕਾਬਲਿਆਂ ਵਿੱਚ ਲੱਗਭਗ 1200 ਖਿਡਾਰੀਆਂ ਨੇ ਹਿੱਸਾ ਲਿਆ।




# ਖ਼ਾਲਸਾ ਕਾਲਜ ’ਚ ਵਿਦਿਆਰਥੀਆਂ ਵਲੋਂ ਵਿਦਿਆਰਥੀਆਂ ਦੇ ਸਵਾਗਤ ਲਈ ‘ਭਾਈਚਾਰਕ ਖਾਣੇ’ ਦਾ ਪ੍ਰਬੰਧ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਕਾਲਜ ਦੇ ਐਜੂਕੇਸ਼ਨ ਵਿਭਾਗ ਦੇ ਸੀਨੀਅਰ ਵਿਦਿਆਰਥੀਆਂ ਵਲੋਂ ਵਿਭਾਗ ’ਚ ਨਵੇਂ ਦਾਖਲ ਹੋਏ ਵਿਦਿਆਰਥੀਆਂ ਦੇ ਸਵਾਗਤ ਲਈ ‘ਭਾਈਚਾਰਕ ਖਾਣੇ’ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਬੀ.ਏ. ਬੀ.ਐੱਡ. ਅਤੇ ਬੀ.ਐੱਸ.ਸੀ. ਬੀ।ਐੱਡ। ਤੀਜੇ ਅਤੇ ਚੌਥੇ ਸਾਲ ਦੇ ਵਿਦਿਆਰਥੀਆਂ ਵਲੋਂ ਪਹਿਲੇ ਸਾਲ ਦੇ ਵਿਦਿਆਰਥੀਆਂ ਦੇ ਸੁਆਗਤ ਲਈ ਆਪਣੇ ਘਰ ਤੋਂ ਤਿਆਰ ਕਰਕੇ ਲਿਆਂਦਾ ਖਾਣਾ ਪਰੋਸਿਆ ਗਿਆ। ਇਸ ਮੌਕੇ ਸੀਨੀਅਰ ਵਿਦਿਆਰਥੀਆਂ ਨੇ ਹਲਵਾ, ਰਾਜਮਾਂਹ ਚਾਵਲ, ਚਨੇ, ਸਬਜ਼ੀ ਤੇ ਹੋਰ ਸਵਾਦਲੇ ਪਕਵਾਨ ਬੜੇ ਹੀ ਪਿਆਰ ਤੇ ਆਦਰ ਨਾਲ




ਨਵੇਂ ਵਿਦਿਆਰਥੀਆਂ ਅੱਗੇ ਪਰੋਸੇ ਤੇ ਉਨ੍ਹਾਂ ਨਾਲ ਆਪਣੇ ਜੀਵਨ ਅਤੇ ਕਾਲਜ ਦੇ ਅਨੁਭਵਾਂ ਨੂੰ ਸਾਂਝਾ ਕੀਤਾ। ਇਸ ਮੌਕੇ ਵਿਭਾਗ ਮੁਖੀ ਡਾ. ਸੰਘਾ ਗੁਰਬਖਸ਼ ਕੌਰ ਨੇ ਵਿਦਿਆਰਥੀਆਂ ਨੂੰ ਭਾਈਚਾਰਕ ਖਾਣੇ ਵਰਗੀਆਂ ਕਿਰਿਆਵਾਂ ਦੇ ਗੁਣ ਦੱਸਦੇ ਹੋਏ ਆਪਸ ਵਿਚ ਮਿਲ ਜੁਲਕੇ ਰਹਿਣ, ਆਪਣੀ ਜ਼ਿੰਦਗੀ ਵਿਚ ਸਮਾਜਿਕ ਕਦਰਾਂ ਕੀਮਤੀ ਨੂੰ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ। ਕਾਲਜ ਪ੍ਰਿੰਸੀਪਲ ਡਾ। ਅਮਨਦੀਪ ਹੀਰਾ ਨੇ ਐਜੂਕੇਸ਼ਨ ਵਿਭਾਗ ਦੇ ਨਿਵੇਕਲੇ ਪ੍ਰੋਗਰਾਮ ਦੀ ਸਫ਼ਲਤਾ ਲਈ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਵਿਦਿਆਰਥੀਆਂ ਨੂੰ ਭਾਈਚਾਰਕ ਸਾਂਝ ਅਤੇ ਸਮਾਜਿਕ ਕਦਰਾਂ ਕੀਮਤਾਂ ਤੋਂ ਜਾਣੂ ਕਰਵਾਉਣ ਲਈ ਭਵਿੱਖ ਵਿਚ ਵੀ ਅਜਿਹੇ ਪ੍ਰੋਗਰਾਮ ਕਰਵਾਉਂਦੇ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਵਿਭਾਗ ਦੇ ਪ੍ਰੋ। ਨਰੇਸ਼ ਕੁਮਾਰੀ, ਪ੍ਰੋ। ਕਿਰਨਜੋਤ ਕੌਰ, ਸਮੂਹ ਸਟਾਫ਼ ਤੇ ਵਿਦਿਆਰਥੀ ਹਾਜ਼ਰ ਹੋਏ।

# ਕੈਬਨਿਟ ਮੰਤਰੀ ਜਿੰਪਾ ਨੇ ਜਨਤਾ ਦਰਬਾਰ ’ਚ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਕੈਬਨਿਟ ਮੰਤਰੀ ਪੰਜਾਬ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਆਪਣੇ ਦਫ਼ਤਰ ਵਿਖੇ ਜਨਤਾ ਦਰਬਾਰ ਆਯੋਜਿਤ ਕੀਤਾ, ਜਿਸ ਵਿਚ ਉਨ੍ਹਾਂ ਨੇ ਵੱਖ-ਵੱਖ ਵਿਭਾਗਾਂ ਨਾਲ ਸਬੰਧਤ 400 ਤੋਂ ਵੱਧ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਅਤੇ ਉਨ੍ਹਾਂ ਦਾ ਤੁਰੰਤ ਹੱਲ ਕਰਨ ਦੇ ਆਦੇਸ਼ ਦਿੱਤੇ। ਜਨਤਾ ਦਰਬਾਰ ਵਿਚ ਵੱਡੀ ਗਿਣਤੀ ਵਿਚ ਲੋਕ ਮੌਜੂਦ ਸਨ, ਜਿਨ੍ਹਾਂ ਨੇ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਮੁਦਿਆਂ ਨੂੰ ਮੰਤਰੀ ਦੇ ਸਾਹਮਣੇ ਰੱਖਿਆ। ਜਨਤਾ ਦਰਬਾਰ ਦੌਰਾਨ ਲੋਕਾਂ ਨੇ ਮੁੱਖ ਰੂਪ ਵਿਚ ਬਿਜਲੀ, ਪਾਣੀ, ਸੜਕਾਂ, ਸਿੱਖਿਆ, ਜਲ ਸਪਲਾਈ ਤੇ ਸੈਨੀਟੇਸ਼ਨ, ਮਾਲ, ਸਿਹਤ ਸੇਵਾਵਾਂ ਨਾਲ ਜੁੜੀਆਂ ਸਮੱਸਿਆਵਾਂ ਸੁਣਾਈਆਂ।

ਕੈਬਨਿਟ ਮੰਤਰੀ ਨੇ ਕਿਹਾ ਕਿ ਸਰਕਾਰ ਸਮਾਜ ਦੇ ਸਾਰੇ ਵਰਗਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਜਨਤਾ ਦਰਬਾਰਾਂ ਰਾਹੀਂ ਉਹ ਸਿੱਧੇ ਜਨਤਾ ਨਾਲ ਜੁੜ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝਦੇ ਹਨ ਅਤੇ ਉਨ੍ਹਾਂ ਦਾ ਹੱਲ ਕਰਵਾਉਂਦੇ ਹਨ। ਉਨ੍ਹਾਂ ਅਧਿਆਰੀਆਂ ਨੂੰ ਕਿਹਾ ਕਿ ਉਹ ਜਨਤਾ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਕੋਈ ਵੀ ਲਾਪ੍ਰਵਾਹੀ ਨਾ ਬਰਤਣ, ਵਰਨਾ ਸਖ਼ਤ ਕਾਰਵਾਈ



ਕੀਤੀ ਜਾਵੇਗੀ। ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀ ਹਰ ਸਮੱਸਿਆ ਦਾ ਨਿਸ਼ਚਿਤ ਸਮੇਂ ਵਿਚ ਨਿਪਟਾਰਾ ਕਰਨ ਲਈ ਪ੍ਰਤੀਬੱਧ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਪਹਿਲ ਹੈ ਕਿ ਰਾਜ ਦੇ ਹਰ ਨਾਗਰਿਕ ਨੂੰ ਪ੍ਰਸ਼ਾਸਨਿਕ ਸੇਵਾਵਾਂ ਦਾ ਲਾਭ ਆਸਾਨੀ ਨਾਲ ਮਿਲੇ ਅਤੇ ਉਨ੍ਹਾਂ ਦੇ ਅਧਿਕਾਰ ਸੁਰੱਖਿਅਤ ਰਹਿਣ। ਜਨਤਾ ਦਰਬਾਰ ਦਾ ਆਯੋਜਨ ਇਸੇ ਦਿਸ਼ਾ ਵਿਚ ਇਕ ਮਹੱਤਵਪੂਰਨ ਕਦਮ ਹੈ, ਜਿਸ ਰਾਹੀਂ ਆਮ ਜਨਤਾ ਸਿੱਧੇ ਤੌਰ ’ਤੇ ਆਪਣੀਆਂ ਸਮੱਸਿਆਵਾਂ ਸਰਕਾਰ ਦੇ ਸਾਹਮਣੇ ਰੱਖ ਸਕਦੀ ਹੈ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਵਰਿੰਦਰ ਸ਼ਰਮਾ ਬਿੰਦੂ ਵੀ ਮੌਜੂਦ ਸਨ।

# ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਹੂੰਝੇ-ਕਪੂੰਝੇ' 'ਤੇ ਵਿਚਾਰ-ਚਰਚਾ

**ਪਟਿਆਲਾ, (ਦਲਜੀਤ ਕੌਰ)–** ਪੰਜਾਬੀ ਯੂਨੀਵਰਸਿਟੀ ਵਿਚ ਪੁਸਤਕ 'ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਹੂੰਝੇ-ਕਪੂੰਝੇ' 'ਤੇ ਵਿਚਾਰ-ਚਰਚਾ ਪੰਜਾਬ ਅਤੇ ਪਰਵਾਸ ਦੇ ਰਿਸ਼ਤੇ ਦੀ ਉਲਝੀ ਨੂੰ ਤਾਣੀ ਨੂੰ ਸਮਝਣ ਦੀ ਕੋਸ਼ਿਸ਼ ਕਰਦੀ ਬੇਹੱਦ ਮਹੱਵਪੂਰਨ ਪੁਸਤਕ 'ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਹੂੰਝੇ-ਕਪੂੰਝੇ' 'ਤੇ ਵਿਚਾਰ-ਚਰਚਾ ਪੰਜਾਬੀ ਵਿਭਾਗ ਦੇ ਸੈਮੀਨਾਰ ਹਾਲ ਵਿਚ ਕਰਵਾਈ ਗਈ। ਇਸ ਚਰਚਾ ਨੂੰ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਅਤੇ ਅਰਥ-ਵਿਗਿਆਨ ਵਿਭਾਗ ਵੱਲੋਂ ਸਾਂਝੇ ਰੂਪ ਵਿਚ ਉਲੀਕਿਆ ਗਿਆ ਸੀ। ਵੱਡੀ ਪੱਧਰ 'ਤੇ ਕੀਤੇ ਖੇਤਰੀ ਖੋਜ-ਕਾਰਜ ਤੇ ਅਧਾਰਿਤ ਇਸ ਪੁਸਤਕ ਨੂੰ ਪ੍ਰਸਿੱਧ ਅਰਥ-ਵਿਗਿਆਨੀ ਅਤੇ ਪੰਜਾਬ ਮਸਲਿਆਂ ਦੀ ਡੂੰਘੀ ਸਮਝ ਰੱਖਣ ਵਾਲੇ ਚਿੰਤਕ ਡਾ। ਗਿਆਨ ਸਿੰਘ ਅਤੇ ਸਾਥੀਆਂ ਨੇ ਲਿਖਿਆ ਹੈ।

ਡਾ. ਗਿਆਨ ਸਿੰਘ ਨੇ ਇਸ ਮੌਕੇ ਬੋਲਦਿਆਂ ਦੱਸਿਆ ਕਿ ਪੰਜਾਬ ਤੋਂ ਪਰਵਾਸ ਨੂੰ ਸਮਝਣ ਲਈ 1951 ਤੋਂ 2021 ਤੱਕ ਦੇ ਸਮੇਂ ਨੂੰ ਲਿਆ ਗਿਆ ਹੈ। ਪੰਜਾਬ ਦੇ 12 ਜ਼ਿਲਿਆਂ ਦੇ 98 ਪਿੰਡਾਂ ਨੂੰ ਚੁਣ ਕੇ 2597 ਘਰਾਂ ਤੋਂ ਅੰਕੜੇ ਇਕੱਠੇ ਕੀਤੇ ਗਏ ਹਨ। ਇਹ ਅੰਕੜੇ ਪਰਵਾਸ ਅਤੇ ਪੰਜਾਬੀ ਪਰਿਵਾਰਾਂ ਦੇ ਆਪਸੀ ਰਿਸ਼ਤਿਆਂ ਦੀ ਅਲੱਗ-ਅਲੱਗ ਤੰਦਾਂ ਨੂੰ ਉਜਾਗਰ ਕਰਦੇ ਹਨ।





ਇਸ ਮੌਕੇ ਮੁੱਖ ਮਹਿਮਾਨ ਵਜੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸਾਬਕਾ ਜੱਜ ਸ। ਪਰਮਜੀਤ ਸਿੰਘ ਧਾਲੀਵਾਲ ਸ਼ਾਮਿਲ ਹੋਏ। ਉਨ੍ਹਾਂ ਬੋਲਦਿਆਂ ਕਿਹਾ ਕਿ ਇਹ ਪੁਸਤਕ ਜਿੱਥੇ ਸਮਕਾਲੀ ਪੰਜਾਬ ਦੇ ਪਰਵਾਸ ਰੂਪੀ ਜਟਿਲ ਮਸਲੇ ਨੂੰ ਸਮਝਦੀ ਹੈ, ਓਥੇ ਅਗਲੇਰੀ ਖੋਜ ਦੀ ਸੰਭਾਵਨਾਵਾਂ ਨੂੰ ਵੀ ਜਨਮ ਦਿੰਦੀ ਹੈ। ਡਾ. ਬਲਵਿੰਦਰ ਸਿੰਘ ਟਿਵਾਣਾ ਨੇ ਪਰਵਾਸ ਨੂੰ ਸਦੀਵੀ ਵਰਤਾਰਾ ਦੱਸਦਿਆਂ ਕਿਹਾ ਕਿ ਪਰਵਾਸ ਦੇ ਮਾਮਲੇ ਵਿਚ ਸਮਝਣ ਵਾਲ਼ਾ ਅਸਲ ਮਸਲਾ ਇਹ ਹੈ ਕਿ ਪਰਵਾਸ ਕਿਸ ਰੂਪ ਵਿਚ ਅਤੇ ਕਿਸ ਉਦੇਸ਼ ਲਈ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਪੁਸਤਕ ਇਸ ਸਭ ਦੀ ਗਹਿਰੀ ਸਮਝ ਪ੍ਰਦਾਨ ਕਰਦੀ ਹੈ।

ਡਾ. ਰਾਜਿੰਦਰਪਾਲ ਸਿੰਘ ਬਰਾੜ ਨੇ ਪੁਸਤਕ ਦੀ ਖੋਜੀ ਸਮਰੱਥਾ ਅਤੇ ਲੇਖਕਾਂ ਦੀ ਪ੍ਰਤਿਬੱਧਤਾ ਦੀ ਗੱਲ ਕਰਦਿਆਂ ਕਿਹਾ ਕਿ ਅਗਲੇਰੇ ਅਧਿਐਨਾਂ ਵਿਚ ਜੇ ਸਾਹਿਤ ਅਤੇ ਅਰਥ-ਵਿਗਿਆਨ ਦੇ ਅਧਿਐਨ ਸੰਯੋਗੀ ਬਿਰਤੀ ਵਾਲ਼ੇ ਹੋਣ ਤਾਂ ਪਰਵਾਸ ਦੇ ਮਾਨਵੀ ਪੱਖਾਂ ਨੂੰ ਹੋਰ ਵਧੇਰੇ ਸਮਰੱਥਾ ਨਾਲ ਸਮਝਿਆ ਜਾ ਸਕਦਾ ਹੈ। ਡਾ. ਬਲਦੇਵ ਸਿੰਘ ਧਾਲੀਵਾਲ ਨੇ ਕਿਹਾ ਕਿ ਪਰਵਾਸ ਨੂੰ ਚੰਗੇ ਅਤੇ ਮਾੜੇ ਦੀ ਇਕਹਿਰੀ ਦੁਵੰਡ ਤੋਂ ਪਾਰ ਜਾ ਕੇ ਸਮਝਣ ਦੀ ਲੋੜ ਹੈ; ਨਾ ਏਥੇ ਹੀ ਸਭ ਕੁਝ ਖਤਮ ਹੋ ਗਿਆ ਹੈ ਅਤੇ ਨਾ ਹੀ ਵਿਦੇਸ਼ਾਂ ਵਿਚ ਸਭ ਚੰਗਾ ਹੈ।

ਡਾ। ਹਰਜਿੰਦਰ ਸਿੰਘ ਵਾਲੀਆ ਨੇ ਕਿਤਾਬ ਦੀਆਂ ਵਿਭਿੰਨ ਪਰਤਾਂ ਨੂੰ ਉਘਾੜਦਿਆਂ ਕਿਹਾ ਕਿ ਪੰਜਾਬ ਦੇ ਸਮਕਾਲੀ ਪਰਵਾਸ ਨੂੰ ਨੈਤਿਕਤਾ ਨੂੰ ਵੱਡੀ ਢਾਹ ਲਾਈ ਹੈ। ਇਸ ਮੌਕੇ ਇਨ੍ਹਾਂ ਵਿਦਵਾਨਾਂ ਤੋਂ ਬਿਨਾ ਅਮਰਜੀਤ ਵੜੈਚ, ਡਾ. ਮਾਨ ਸਿੰਘ ਢੀਂਡਸਾ, ਡਾ। ਆਰ ਕੇ ਮਹਾਜਨ, ਡਾ। ਜਸਦੀਪ ਸਿੰਘ ਤੂਰ ਅਤੇ ਡਾ। ਗੁਰਮੁਖ ਸਿੰਘ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਵੱਡੀ ਗਿਣਤੀ ਵਿਚ ਹਾਜ਼ਰ ਸਰੋਤਿਆਂ ਨੇ ਸਮਾਗਮ ਦੇ ਅੰਤ ਵਿਚ ਸੰਵਾਦ ਰਚਾਉਂਦਿਆਂ ਪੰਜਾਬ ਅਤੇ ਪਰਵਾਸ ਦੇ ਉਲਝੀ ਤਾਣੀ ਨੂੰ ਸਮਝਣ ਵਿਚ ਗਹਿਰੀ ਦਿਲਚਸਪੀ ਦਿਖਾਈ।

# ਪਿੰਡ ਗੋਬਿੰਦਸਰ ਵਿਖੇ ਡੇਅਰੀ ਜਾਗਰੂਕਤਾ ਕੈਂਪ ਲਗਾ ਕੇ ਕਿਸਾਨਾਂ ਨੂੰ ਸਹਾਇਕ ਧੰਦਿਆਂ ਪ੍ਰਤੀ ਕੀਤਾ ਜਾਗਰੁਕ, ਕੈਬਨਿਟ ਮੰਤਰੀ ਪੁੱਜੇ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਡੇਅਰੀ ਵਿਭਾਗ ਵੱਲੋਂ ਆਤਮਾ ਦੇ ਸਹਿਯੋਗ ਨਾਲ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਗੋਬਿੰਦਸਰ ਵਿਖੇ ਡੇਅਰੀ ਜਾਗਰੁਕਤਾ ਕੈਂਪ ਲਗਾਇਆ ਗਿਆ। ਇਸ ਮੋਕੇ ਤੇ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਮੁੱਖ ਮਹਿਮਾਨ ਵਜੋਂ ਹਾਜਰ ਹੋਏ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਕਸਮੀਰ ਸਿੰਘ ਸੰਯੁਕਤ ਡਾਇਰੈਕਟਰ ਡੇਅਰੀ ਵਿਭਾਗ ਪੰਜਾਬ, ਹਰਮਿੰਦਰ ਪਾਲ ਸਿੰਘ ਮੁੱਖ ਖੇਤੀ ਬਾੜੀ ਅਫਸਰ ਪਠਾਨਕੋਟ, ਸੁਰਿੰਦਰ ਸਿੰਘ ਕੇ।ਵੀ।ਕੇ ਪਠਾਨਕੋਟ, ਸੁਖਪ੍ਰੀਤ ਸਿੰਘ ਡਿਪਟੀ ਡਾਇਰੈਕਟਰ ਆਤਮਾ, ਡਾ. ਸੀਮਾ ਸਰਮਾ ਕੇ.ਵੀ.ਕੇ. ਪਠਾਨਕੋਟ, ਡਾ. ਮਨੂੰ ਤਿਆਗੀ ਕੇਵੀਕੇ ਪਠਾਨਕੋਟ, ਮਨਦੀਪ ਕੌਰ ਮੱਛੀ ਪਾਲਣ ਵਿਭਾਗ, ਗੁਰਪ੍ਰੀਤ ਸਿੰਘ ਭੂਮੀ ਰੱਖਿਆ ਅਫਸਰ ਪਠਾਨਕੋਟ, ਡਾ. ਸੁਮੇਸ ਪਸੂ ਪਾਲਣ ਵਿਭਾਗ ਪਠਾਨਕੋਟ, ਅਨੁਜ ਸਰਮਾ ਸੋਸਾਇਟੀ ਆਫ ਡਿਜੀਟਲ ਇੰਟਰਪ੍ਰੈਨਉਰਸ ਯੂਥ, ਪਵਨ ਕੁਮਾਰ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ ਅਤੇ ਹੋਰ ਪਾਰਟੀ ਕਾਰਜ ਕਰਤਾ ਵੀ ਹਾਜਰ ਸਨ।

ਕੈਂਪ ਦੋਰਾਨ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ



ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਪਿੰਡ ਗੋਬਿੰਦਸਰ ਵਿਖੇ ਖੇਤੀ ਦੇ ਨਾਲ ਨਾਲ ਸਹਾਇਕ ਧੰਦਿਆਂ ਪ੍ਰਤੀ ਜਾਗਰੁਕ ਕਰਨ ਦੇ ਲਈ ਵਿਸੇਸ ਜਾਗਰੁਕਤਾ ਕੈਂਪ ਲਗਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਕੈਂਪ ਦੋਰਾਨ ਖੇਤਰ ਦੇ ਨਾਲ ਲਗਦੇ ਪਿੰਡਾਂ ਵਿੱਚੋਂ ਕਿਸਾਨ ਪਹੁੰਚੇ ਹਨ ਅਤੇ ਖੇਤੀ ਦੇ ਨਾਲ ਨਾਲ ਸਹਾਇਕ ਧੰਦਿਆ ਪ੍ਰਤੀ ਜਾਣਕਾਰੀ ਪ੍ਰਾਪਤ ਕੀਤੀ ਹੈ।

ਉਨ੍ਹਾਂ ਕਿਹਾ ਕਿ ਮਾਨਯੋਗ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜਿਵੇਂ ਪੰਜਾਬ ਅੰਦਰ ਵੱਖ ਵੱਖ ਸਵਾਲਾਂ ਨੂੰ ਲੈ ਕੇ ਤੱਤਪਰ ਰਹਿੰਦੇ ਹਨ ਅਤੇ ਵੱਡੇ ਇਰਾਦੇ ਦੇ ਨਾਲ ਫੈਂਸਲੇ ਕਰਦੇ ਹਨ। ਉਨ੍ਹਾਂ ਕਿਹਾ ਕਿ ਖੇਤੀ ਬਾੜੀ ਪੰਜਾਬ ਦੀ ਆਰਥਿਤਾਂ ਦਾ ਹਿੱਸਾ ਹੈ।

ਇਸ ਤਰ੍ਹਾਂ ਪੰਜਾਬ ਦੇ ਕਿਸਾਨ ਜਿੱਥੇ ਝੋਨਾ ਅਤੇ ਕਣਕ ਦੀ ਖੇਤੀ ਕਰਦੇ ਹਨ ਉਸ ਦੇ ਨਾਲ ਨਾਲ ਸਹਾਇਕ ਧੰਦੇ ਵੀ ਅਪਣਾਉਂਦੇ ਹਨ। ਇਸ ਦਾ ਲਾਭ ਛੋਟੇ ਕਿਸਾਨ ਲੈ ਰਹੇ ਹਨ ਅਤੇ ਮੱਛੀ ਪਾਲਣ, ਬੱਕਰੀ ਪਾਲਣ, ਸਹਿਦ ਪਾਲਣ, ਡੇਅਰੀ ਅਤੇ ਹੋਰ ਸਹਾਇਕ ਧੰਦਿਆਂ ਪ੍ਰਤੀ ਜਾਗਰੂਕ ਹੁੰਦੇ ਹਨ। ਇਸ ਤਰ੍ਹਾਂ ਦੇ ਕੈਂਪ ਕਿਸਾਨਾਂ ਲਈ ਕਾਫੀ ਸਹਾਇਤ ਹੁੰਦੇ ਹਨ ਅਤੇ ਉਨ੍ਹਾਂ ਦਾ ਉਪਰਾਲਾ ਰਹੇਗਾ ਕਿ ਆਉਂਣ ਵਾਲੇ ਸਮੇਂ ਅੰਦਰ ਅਜਿਹੇ ਕੈਂਪ ਹੋਰ ਲਗਾਏ ਜਾਣ ਤਾਂ ਜੋ ਕਿਸਾਨ ਸਹਾਇਕ ਧੰਦਿਆਂ ਨੂੰ ਅਪਣਾ ਕੇ ਅਪਣੀ ਆਰਥਿਕ ਸਥਿਤੀ ਮਜਬੂਤ ਕਰ ਸਕਣ।

# ਕੰਗਨਾ ਰਣੌਤ ਵਲੋਂ ਸਿਮਰਨਜੀਤ ਸਿੰਘ ਮਾਨ ਦੇ ਬਿਆਨ ਤੇ ਖੜ੍ਹਾ ਕੀਤਾ ਬਵਾਲ ਬੇਬੁਨਿਆਦ ਅਤੇ ਬੇਫਜ਼ੂਲ ਹੈ- ਡਾ. ਹਰਜਿੰਦਰ ਸਿੰਘ ਜੱਖੂ

**ਫਗਵਾੜਾ (ਬੀ. ਕੇ. ਰੱਤੂ)** ਕੰਗਨਾ ਰਣੌਤ ਵੱਲੋ ਸ੍ਰ ਸਿਮਰਨਜੀਤ ਸਿੰਘ ਮਾਨ ਦੇ ਬਿਆਨ ਤੇ ਖੜਾ ਕੀਤਾ ਗਿਆ ਬਵਾਲ ਬੇਬੁਨਿਆਦ ਅਤੇ ਬੇਫਜ਼ੂਲ ਹੈ। ਉਪਰੋਕਤ ਵਿਚਾਰਾ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਬੁਲਾਰੇ ਅਤੇ ਦੋਆਬਾ ਇੰਚਾਰਜ ਡਾ।ਹਰਜਿੰਦਰ ਸਿੰਘ ਜੱਖੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕੀਤਾ। ਡਾ. ਜੱਖੂ ਨੇ ਕਿਹਾ ਕਿ ਕੰਗਣਾ ਰਣੌਤ ਵਲੋਂ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਰੇਪ ਵਰਗੀ ਘਿਨਾਉਣੀ ਇਲਜ਼ਾਮਬਾਜੀ 'ਤੇ ਪ੍ਰਤੀਕਿਰਿਆ ਜਾਹਰ ਕਰਦਿਆ ਸ੍ਰ ਮਾਨ ਨੇ ਆਖਿਆ ਕਿ ਕੰਗਣਾ ਨੇ ਪਿੱਛੇ ਜਿਹੇ ਬਿਆਨ ਦੇ ਕੇ ਮੰਨਿਆ ਸੀ ਕਿ ਬਾਲੀਵੁੱਡ 'ਚ ਰੇਪ ਵਰਗੀਆਂ ਅਲਾਮਤਾਂ ਦਾ ਬਹੁਤਿਆਂ ਨੂੰ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਸ ਨੇ ਖੁਦ ਵੀ ਸਾਹਮਣਾ ਕੀਤਾ ਹੈ, ਇਹ ਤਾਂ ਇੱਥੇ ਆਮ ਗੱਲ ਹੈ। ਇਸੇ 'ਤੇ ਹੀ ਮਾਨ ਸਾਹਿਬ ਨੇ ਪ੍ਰਤੀਕਿਰਿਆ ਦਿੱਤੀ ਹੈ। ਮੀਡੀਏ ਨੇ ਇੱਕ ਹਿੱਸੇ ਵਲੋ ਇਸ ਨੂੰ ਤੋੜ ਮਰੋੜ ਕੇ ਪੇਸ਼ ਕੀਤੇ ਜਾਣ ਦੀ ਪੁਰਜੋਰ ਨਿੰਦਿਆਂ ਕਰਦੇ ਹੋਏ ਡਾ. ਹਰਜਿੰਦਰ ਜੱਖੂ ਨੇ ਆਖਿਆ ਕਿ ਇਤਿਹਾਸ ਗਵਾਹੀ ਭਰਦਾ ਹੈ ਕਿ ਸਿੱਖ ਕੌਮ ਨੇ ਹਮੇਸ਼ਾ ਔਰਤ ਸਮਾਜ ਦੀ ਇੱਜਤ ਤੇ ਆਬਰੂ ਦੀ ਰਾਖੀ ਕੀਤੀ ਹੈ। ਅਬਦਾਲੀ ਤੋਂ ਭਾਰਤੀਆਂ ਹਿੰਦੂ ਬਹੁ ਬੇਟੀਆਂ ਨੂੰ ਸਿੱਖ ਯੋਧੇ ਹੀ ਛੁਡਾ ਕੇ ਵਾਪਸ ਉਹਨਾਂ ਦੇ ਘਰ ਛੱਡ ਕੇ ਆਉਂਦੇ ਸਨ। ਜਦੋ ਕਿ ਅਬਦਾਲੀ ਬਗਦਾਦ ਦੇ ਬਜ਼ਾਰਾਂ ਵਿੱਚ ਉਨਾਂ ਦੀ ਟਕੇ-ਟਕੇ ਤੇ ਬੋਲੀ ਲਾਉਦਾ ਹੁੰਦਾ ਸੀ। ਸਾਡੇ ਗੁਰੂ ਸਾਹਿਬਾਨ ਨੇ ਤਾਂ ਇਹ ਵੀ ਉਚਾਰਨ ਕੀਤਾ ਹੈ, 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ,॥



ਡਾ ਜੱਖੂ ਨੇ ਅੱਗੇ ਆਖਿਆ ਕਿ ਸਾਡਾ ਧਾਰਮਿਕ ਅਕੀਦਾ ਸਾਨੂੰ ਔਰਤ ਦੀ ਇੱਜ਼ਤ ਕਰਨ ਦਾ ਆਦੇਸ਼ ਬਖਸ਼ਦਾ ਹੈ। ਉਨ੍ਹਾ ਸਿੱਧ ਕਿਹਾ ਕਿ ਸਿੱਖ ਕੌਮ ਨੂੰ ਬਦਨਾਮ ਕਰਨ ਲਈ ਕੰਗਣਾ ਰਣੌਤ ਵਲੋਂ ਵਰਤਿਆ ਗਿਆ ਇਹ ਪੈਂਤੜਾਂ ਅਤਿ ਨਿੰਦਣਯੋਗ ਹੈ। ਡਾਕਟਰ ਜੱਖੂ ਨੇ ਕਿਹਾ ਕਿ ਕੰਗਣਾ ਨੂੰ ਕਿੱਧਰੋਂ ਵੀ ਰੇਪ ਦੀ ਕੋਈ ਵੀ ਧਮਕੀ ਨਹੀ ਦਿੱਤੀ ਗਈ। ਹਾਂ ਨਸ਼ੇ 'ਚ ਟੱਲੀ ਹੋ ਕੇ ਉਹ ਕੀ ਕਰਦੀ ਹੈ ਉਹ ਸੋਸ਼ਲ ਮੀਡੀਏ (ਯੂ-ਟਿਊਬ) ਤੇ ਸਭ ਕੁੱਝ ਹੈ, ਜੋ ਕੰਗਣਾ ਦਾ ਕਿਰਦਾਰ ਉਜਾਗਰ ਕਰਦਾ ਹੈ। ਜੇਕਰ ਫਿਰ ਵੀ ਕੰਗਣਾ ਨੂੰ ਡਰ ਲੱਗਦਾ ਹੈ, ਤਾਂ ਅਸੀ ਆਪਣੇ ਸਿੱਖ ਸੂਰਮੇ ਤੈਨਾਤ ਕਰ ਸਕਦੇ ਹਾਂ। ਕੰਗਣਾ ਦਾ ਡਰ ਚੁੱਕਿਆ ਜਾਵੇਗਾ। ਕੰਗਣਾ ਵੱਲੋ ਧਾਰਮਿਕ ਘੱਟ ਗਿਣਤੀਆਂ ਨੂੰ ਬਦਨਾਮ ਕਰਨ ਦੀ ਆਰ. ਐਸ. ਐਸ. ਭਾਜਪਾ ਤੇ ਕੇਂਦਰੀ ਏਜੰਸੀਆ ਦੀ ਇਸ ਰਣਨੀਤੀ ਤੋਂ ਸਿੱਖ ਕੌਮ ਭਲੀ-ਭਾਂਤੀ ਜਾਣੂ ਹੈ। ਅਸੀ ਹਿੰਦੂਤਵ ਦੀ ਇਸ ਮਾੜੀ ਨੀਤੀ ਦਾ ਡੱਟ ਕੇ ਸਾਹਮਣਾ ਕਰਾਂਗੇ ਅਤ ਮੂੰਹ ਤੋੜ ਜਵਾਬ ਵੀ ਦੇਵਾਂਗੇ। ਡਾ।ਜੱਖੂ ਨੇ ਕੰਗਣਾ ਦੀ ਐਮਰਜੈਂਸੀ ਫਿਲਮ ਸਿੱਖ ਕੌਮ ਨੂੰ ਬਦਨਾਮ ਕਰਨ ਲਈ ਬਣਾਈ ਗਈ ਇਸ ਲਈ ਐਮਰਜੈਂਸੀ ਫਿਲਮ 'ਤੇ ਤਰੁੰਤ ਪਾਬੰਦੀ ਲਗਾਈ ਜਾਵੇ।

# ਸ਼ੈਸਨ ਦੌਰਾਨ ਮੁੱਖ ਮੰਤਰੀ ਜਾਅਲੀ ਜਾਤੀ ਸਰਟੀਫਿਕੇਟ ਮਾਮਲਿਆਂ 'ਚ ਕੀਤੀ ਕਾਰਵਾਈ ਦੇ ਅੰਕੜ੍ਹੇ ਜਨਤਕ ਕਰਨ - ਪਮਾਲੀ

**ਮੁੱਲਾਂਪੁਰ (ਸਤਨਾਮ ਸਿੰਘ ਸਹੂੰਗੜਾ)–** ਰਿਜਰਵੇਸ਼ਨ ਚੋਰ ਫੜੋ ਮੋਰਚਾ ਪ੍ਰਬੰਧਕ ਐਸ ਸੀ, ਬੀ ਸੀ , ਐਮ ਪੀ ਵੈਲਫੇਅਰ ਸੁਸਾਇਟੀ ਰਜਿ: ਪੰਜਾਬ ਦੇ ਸੰਸਥਾਪਕ ਜਸਵੀਰ ਸਿੰਘ ਪਮਾਲੀ ਨੇ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਇੱਕ ਪੱਤਰ ਲਿਖ ਕੇ ਅਪੀਲ ਕੀਤੀ ਹੈ, ਕਿ ਉਹ ਚੱਲ ਰਹੇ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿੱਚ ਉਹਨਾਂ ਦੀ ਸਰਕਾਰ ਨੇ ਸੂਬੇ ਅੰਦਰ ਬਣੇ ਜਾਅਲੀ ਜਾਤੀ ਸਰਟੀਫਿਕੇਟ ਮਾਮਲਿਆਂ ਵਿੱਚ ਕੀ ਕਾਰਵਾਈ ਹੋਂਦ ਵਿੱਚ ਲਿਆਂਦੀ ਹੈ? ਬਾਰੇ ਚਾਨਣਾ ਪਾਉਣ ਅਤੇ ਨਾਲ ਹੀ ਉਹਨਾਂ ਦੀ ਸਰਕਾਰ ਨੇ ਕਿੰਨੇ ਜਾਅਲੀ ਜਾਤੀ ਸਰਟੀਫਿਕੇਟ ਰੱਦ ਕੀਤੇ ਹਨ? ਕਿੰਨੇ ਲੋਕਾਂ ਨੂੰ ਟਰਮੀਨੇਟ ਕੀਤਾ ਜਾ ਚੁੱਕਿਆ ਹੈ? ਕਿੰਨੇ ਲੋਕਾਂ ਤੇ ਮੁਕੱਦਮੇ ਦਰਜ ਕਰਕੇ ਜੇਲ ਭੇਜੇ ਗਏ ਹਨ ਅਤੇ ਉਹਨਾਂ ਜਾਅਲੀ ਜਾਤੀ ਸਰਟੀਫਿਕੇਟ ਧਾਰਕਾਂ ਤੋ



ਕਿੰਨੇ ਪੈਸੇ ਰਿਕਵਰ ਕੀਤੇ ਗਏ ਹਨ, ਸੰਬੰਧੀ ਸਮੁੱਚੇ ਅੰਕੜ੍ਹੇ ਜਨਤਕ ਕੀਤੇ ਜਾਣ।

ਤਾਂ ਜੋ ਸੂਬੇ ਦੇ ਦਲਿਤ ਵਰਗ ਨੂੰ ਪਤਾ ਲੱਗ ਸਕੇ, ਕਿ ਸਰਕਾਰ ਜਾਅਲੀ ਜਾਤੀ ਸਰਟੀਫਿਕੇਟ ਮਾਮਲਿਆਂ ਨੂੰ ਲੈ ਕੇ ਕਿੰਨੀ ਗੰਭੀਰ ਹੈ। ਮੋਰਚਾ ਸੰਸਥਾਪਕ ਪਮਾਲੀ ਨੇ ਮੁੱਖ ਮੰਤਰੀ ਤੋ ਇਹ ਵੀ ਮੰਗ ਕੀਤੀ, ਕਿ ਪਿਛਲੀ ਕਾਂਗਰਸ ਸਰਕਾਰ ਸਮੇਂ ਭਾਰਤੀ ਸੰਵਿਧਾਨ ਦੇ ਆਰਟੀਕਲ 341 ਨੂੰ ਅੱਖੋ ਪਰੋਖੇ ਕਰਕੇ ਕੈਪਟਨ ਸਰਕਾਰ ਵੱਲੋਂ ਜਾਰੀ ਕੀਤੇ ਗਏ 15/07/2021 ਦੇ ਗੈਰ ਸੰਵਿਧਾਨਿਕ ਪੱਤਰ ਨੂੰ ਵੀ ਜਲਦੀ ਰੱਦ ਕਰਨ ਤੇ ਜੋਰ ਦਿੱਤਾ ਤਾਂ ਜੋ ਜਿਹੜ੍ਹੇ ਰਿਜਰਵੇਸ਼ਨ ਦੇ ਚੋਰ ਉਸ ਗੈਰ ਸੰਵਿਧਾਨਿਕ ਪੱਤਰ ਦੀ ਆੜ੍ਹ ਵਿੱਚ ਯੋਗ ਐਸ ਸੀ ਉਮੀਦਵਾਰਾਂ ਦਾ ਹੱਕ ਖਾ ਰਹੇ ਹਨ ਉਹਨਾਂ ਨੂੰ ਰੋਕਿਆ ਜਾ ਸਕੇ।

# ਮੁ: ਸੰ: ਕ: ਦੇ ਕਨਵੀਨਰ ਬਲਕੌਰ ਸਿੰਘ ਮਾਨ ਨੂੰ ਹਟਾ ਕੇ ਹਰਪ੍ਰੀਤ ਸਿੰਘ ਖਾਲਸਾ ਨੂੰ ਕੀਤਾ ਕਨਵੀਨਰ ਨਿਯੁਕਤ

**ਪਟਿਆਲਾ (ਸਤਨਾਮ ਸਿੰਘ ਸਹੂੰਗੜਾ)–** ਸੰਘਰਸ਼ ਕਮੇਟੀ ਪੰਜਾਬ ਦੀ ਅਹਿਮ ਮੀਟਿੰਗ ਬਿਜਲੀ ਨਿਗਮ ਦੇ ਮੁੱਖ ਦਫਤਰ ਦੇ ਸਾਹਮਣੇ ਬਾਰਾਂਦਰੀ ਵਿੱਚ ਹੋਈ ਜਿੱਥੇ ਪੰਜਾਬ ਭਰ ਚੋਂ 500 ਤੋਂ ਜਿਆਦਾ ਸੰਖਿਆ 'ਚ ਪਹੁੰਚੇ ਸਹਾਇਕ ਲਾਈਨਮੈਨਾਂ ਨੇ ਬਲਕੌਰ ਸਿੰਘ ਮਾਨ ਨੂੰ ਕਨਵੀਨਰ ਦੇ ਅਹੁਦੇ ਤੋਂ ਮੁਕਤ ਕਰਦਿਆਂ ਨਾਅਰਿਆਂ ਦੀ ਗੂੰਜ ਵਿੱਚ ਪੰਜਾਬ ਦੀ ਨਵੀਂ ਕਮੇਟੀ ਦੀ ਚੋਣ ਕੀਤੀ। ਨਵੀਂ ਚੁਣੀ ਕਮੇਟੀ ਦਾ ਸਰਬਸੰਮਤੀ ਨਾਲ ਹਰਪ੍ਰੀਤ ਸਿੰਘ ਖਾਲਸਾ ਕਨਵੀਨਰ, ਭੋਲਾ ਸਿੰਘ ਗੱਗੜਪੁਰ ਕੋ-ਕਨਵੀਨਰ, ਸੁਰਿੰਦਰ ਸਿੰਘ ਧਰਾਗਵਾਲਾ ਜਨਰਲ ਸਕੱਤਰ, ਰਜਿੰਦਰ ਸਿੰਘ ਗੁਰਦਾਸਪੁਰ ਸਕੱਤਰ, ਪਰਨਾਮ ਸਿੰਘ ਖਾਰਾ ਖਜ਼ਾਨਚੀ, ਸੋਮਾ ਸਿੰਘ ਭੜੋ ਮੁੱਖ ਸਲਾਹਕਾਰ, ਗੁਰਪ੍ਰੀਤ ਸਿੰਘ ਮਹਿਦੂਦਾਂ ਪ੍ਰੈਸ ਸਕੱਤਰ, ਜਸਵਿੰਦਰ ਸਿੰਘ ਪਟਿਆਲਾ ਸਹਾਇਕ ਪ੍ਰੈਸ ਸਕੱਤਰ, ਸੁਖਬੀਰ ਸਿੰਘ ਬਰਨਾਲਾ ਤੇ ਮਹੇਸ਼ ਕੁਮਾਰ ਨੂੰ ਸਲਾਹਕਾਰ, ਹਰਪਾਲ ਸਿੰਘ, ਸੁਰਿੰਦਰ ਸਿੰਘ ਸਰਪੰਚ, ਜਸਪਾਲ ਸਿੰਘ ਬਿੱਟੂ, ਰਾਜੀਵ ਮਾਲੀਆ, ਜੋਗਿੰਦਰ ਕੁਮਾਰ ਅਤੇ ਬਲਵਿੰਦਰ ਸਿੰਘ ਅਮਲੋਹ ਮੈਂਬਰ ਚੁਣੇ ਗਏ। ਕਮੇਟੀ ਨੂੰ ਸੇਵਾਵਾਂ ਦੇਣ ਵਾਲੇ ਹੋਰ ਸਾਥੀਆਂ ਨੂੰ ਇਸ ਦਾ ਹਿੱਸਾ ਬਣਾਉਣ ਦੀ ਗੱਲ ਵੀ ਆਖੀ ਗਈ। ਕਮੇਟੀ ਦੀ ਨਵੀਂ ਚੋਣ ਤੋਂ ਪਹਿਲਾਂ ਮੁਲਾਜਮਾਂ ਦੀਆਂ ਤਨਖਾਹਾਂ ਅਤੇ 25 ਸਾਥੀਆਂ 'ਤੇ ਦਰਜ ਪਰਚੇ ਰੱਦ ਕਰਵਾ ਬਹਾਲੀ ਕਰਵਾਉਣ ਸਬੰਧੀ ਵਿਚਾਰਾਂ ਹੋਈਆਂ ਜਿਸ ਉਪਰੰਤ ਮੁੱਖ ਬਿਜਲੀ ਅੱਗੇ ਪਹੁੰਚ ਕੇ ਬਿਜਲੀ ਨਿਗਮ ਦੇ ਚੇਅਰਮੈਨ ਬਲਦੇਵ ਸਿੰਘ ਸਰਾਂ ਦੇ ਨਾਮ ਤੇ ਆਈ ਆਰ ਰਣਵੀਰ ਸਿੰਘ ਨੂੰ ਮੰਗ ਪੱਤਰ ਦਿੱਤਾ ਗਿਆ। ਉਨ੍ਹਾਂ ਨੂੰ ਲਿਖਤੀ ਜਾਣਕਾਰੀ ਦਿੱਤੀ ਗਈ ਕਿ ਪੰਜਾਬ ਭਰ ਚੋਂ ਵੱਡੀ ਗਿਣਤੀ ਵਿੱਚ ਪੁੱਜੇ ਸਹਾਇਕ ਲਾਈਨਮੈਨਾਂ ਨੇ ਬਲਕੌਰ ਸਿੰਘ ਮਾਨ ਨੂੰ ਕਨਵੀਨਰ ਅਤੇ ਹਿਤੇਸ਼ ਕੁਮਾਰ ਨੂੰ ਕੋ ਕਨਵੀਨਰ ਸਮੇਤ ਕੁਝ ਹੋਰਾਂ ਨੂੰ ਅਹੁਦਾ ਮੁਕਤ ਕੀਤਾ ਹੈ। ਨਵ ਨਿਯੁਕਤ ਕਨਵੀਨਰ ਹਰਪ੍ਰੀਤ ਸਿੰਘ ਖਾਲਸਾ ਤੇ ਜਨਰਲ ਸਕੱਤਰ ਸੁਰਿੰਦਰ ਸਿੰਘ ਧਰਾਗਵਾਲਾ ਨੇ ਅਗਲੇ ਸੰਘਰਸ਼ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੇਕਰ ਸੀਆਰਏ 295/19 ਤਹਿਤ ਭਰਤੀ ਹੋਏ, ਰਹਿੰਦੇ ਸਾਥੀਆਂ ਦੀਆਂ ਤਨਖਾਹਾਂ ਜਲਦ ਜਾਰੀ ਨਹੀਂ ਕੀਤੀਆਂ ਗਈਆਂ ਅਤੇ ਦਰਜ ਪਰਚੇ ਰੱਦ ਨਾ ਕੀਤੇ ਤਾਂ ਅਸੀਂ ਤਿੱਖਾ ਸੰਘਰਸ਼ ਉਲੀਕਣ ਤੋਂ ਗੁਰੇਜ ਨਹੀਂ ਕਰਾਂਗੇ।



# ਮੰਗਾਂ ਪੂਰੀਆਂ ਨਾ ਹੋਣ ਤੇ ਡਿਪਟੀ ਕਮਿਸ਼ਨਰ ਦਫਤਰ ਯੂਨੀਅਨ ਵਲੋਂ 5 ਤੋਂ 9 ਸਤੰਬਰ ਤੱਕ ਕੰਮ ਠੱਪ ਕਰਨ ਦਾ ਐਲਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਡੀ.ਸੀ. ਦਫ਼ਤਰ ਕਰਮਚਾਰੀ ਯੂਨੀਅਨ ਪੰਜਾਬ ਵੱਲੋਂ 27 ਜੁਲਾਈ ਨੂੰ ਜਿਲਾ ਮੋਗਾ ਵਿਖੇ ਕੀਤੀ ਗਈ ਸੂਬਾ ਪੱਧਰੀ ਮੀਟਿੰਗ ਵਿੱਚ ਸਰਵਸੰਮਤੀ ਨਾਲ ਲਏ ਗਏ ਫ਼ੈਸਲੇ ਅਨੁਸਾਰ ਸਰਕਾਰ ਨੂੰ ਨੋਟਿਸ ਭੇਜ ਕੇ 16 ਅਗਸਤ ਤੱਕ ਮੰਗਾਂ ਦੀ ਪੂਰਤੀ ਕਰਨ ਦੀ ਮੰਗ ਕੀਤੀ ਗਈ ਸੀ, ਪਰ ਸਰਕਾਰ ਵੱਲੋਂ ਨਾ ਤਾਂ ਜੱਥੇਬੰਦੀ ਨੂੰ ਮੀਟਿੰਗ ਲਈ ਸੱਦਿਆ ਗਿਆ ਤੇ ਨਾ ਹੀ ਮੰਗਾਂ ਦੀ ਪੂਰਤੀ ਕੀਤੀ ਗਈ। ਜਿਸ ਦੇ ਰੋਸ਼ ਵਜੋਂ ਅਤੇ ਮੰਗਾਂ ਦੀ ਪੂਰਤੀ ਕਰਵਾਉਣ ਲਈ ਜੱਥੇਬੰਦੀ ਦੀ ਸੀਨੀਅਰ ਲੀਡਰਸ਼ਿਪ ਨਾਲ ਵਿਚਾਰ ਵਿਟਾਂਦਰਾ ਕਰਨ ਉਪਰੰਤ ਇਹ ਫ਼ੈਸਲਾ ਲਿਆ ਗਿਆ ਹੈ ਕਿ ਸਰਕਾਰ ਨੂੰ 4 ਸਤੰਬਰ ਤੱਕ ਦਾ ਸਮਾਂ ਦਿੰਦੇ ਹੋਏ ਇੱਕ ਹੋਰ ਨੋਟਿਸ ਭੇਜਿਆ ਜਾਵੇਗਾ। ਜਿਸਦੇ ਸੰਬੰਧ ਵਿਚ 30 ਅਗਸਤ ਨੂੰ ਪੂਰੇ ਸੂਬੇ ਅੰਦਰ ਦੁਪਹਿਰ 12 ਵਜੇ ਤੋਂ 1:30 ਵਜੇ ਤੱਕ ਦਫ਼ਤਰਾਂ ਅੰਦਰ ਧਰਨਾ ਪ੍ਰਦਰਸ਼ਨ ਕੀਤਾ ਗਿਆ।



ਜਿਸਦੇ ਤਹਿਤ ਹੁਸ਼ਿਆਰਪੁਰ ਵਿਖੇ ਵੀ ਰੋਸ਼ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਯੂਨੀਅਨ ਆਗੂਆਂ ਨੇ ਕਿਹਾ ਕਿ ਜੇਕਰ 4 ਸਤੰਬਰ ਤੱਕ ਮੰਗਾਂ ਤੇ ਕੋਈ ਕਾਰਵਾਈ ਨਾ ਹੋਈ ਤਾਂ 5 ਤੋਂ 9 ਸਤੰਬਰ ਤੱਕ ਸੂਬੇ ਦੇ ਸਮੂਹ ਡੀ.ਸੀ. ਦਫ਼ਤਰਾਂ, ਸਮੂਹ ਐਸ.ਡੀ.ਐਮ. ਦਫ਼ਤਰਾਂ, ਸਮੂਹ ਤਹਿਸੀਲ ਅਤੇ ਉਪ ਤਹਿ-ਸੀਲ ਦਫ਼ਤਰਾਂ ਦੇ ਸਾਰੇ ਕਰਮਚਾਰੀ ਦਫ਼ਤਰੀ ਕੰਮ ਬੰਦ ਰੱਖਣਗੇ। ਜ਼ਿਕਰਯੋਗ ਹੈ ਕਿ ਸਰਕਾਰ ਵੱਲੋਂ 30 ਸਾਲ ਪਹਿਲਾਂ ਬਣਾਈਆਂ ਸਬ ਡਵੀਜ਼ਨਾਂ, ਤਹਿਸੀਲਾਂ ਅਤੇ ਉਪ ਤਹਿਸੀਲਾਂ ਵਿੱਚ ਨੌਰਮਜ਼ ਅਨੁਸਾਰ ਅਸਾਮੀਆਂ ਦੀ ਰਚਨਾ ਨਹੀਂ ਕੀਤੀ ਜਾ ਰਹੀ, ਜਦੋਂ ਤੱਕ ਅਸਾਮੀਆਂ ਦੀ ਰਚਨਾ ਨਹੀਂ ਹੋਵੇਗੀ, ਓਦੋਂ ਤੱਕ ਸੂਬੇ ਦੇ ਪੜ੍ਹੇ-ਲਿਖੇ ਬੇਰੁਜ਼ਗਾਰ ਬੱਚਿਆਂ ਨੂੰ ਸਰਕਾਰੀ ਨੌਕਰੀ ਕਿਵੇਂ ਮਿਲੇਗੀ। ਸਰਕਾਰ ਉਹਨਾਂ ਅਸਾਮੀਆਂ ਦੀ ਰਚਨਾ ਕਰੇ ਅਤੇ ਜਿੱਥੇ ਅਸਾਮੀਆਂ ਦੀ ਰਚਨਾ ਹੋ ਕੇ ਸਰਕਾਰ ਨੂੰ ਨਵੇਂ ਕਲਰਕ ਭਰਤੀ ਕਰਨ ਦੀ ਡਿਮਾਂਡ ਗਈ ਹੈ, ਓਥੇ ਭਰਤੀ ਦਾ ਇਸ਼ਤਿਹਾਰ ਜਾਰੀ ਕਰਕੇ ਨਵੀਂ ਭਰਤੀ ਜਲਦੀ ਕੀਤੀ ਜਾਵੇ। ਇਸ ਮੌਕੇ ਤੇ ਸੂਬਾ ਸੀਨੀਅਰ ਉਪ ਪ੍ਰਧਾਨ ਦੀਪਕ ਕੁਮਾਰ ਤ੍ਰੇਹਨ, ਜਿਲਾ ਪ੍ਰਧਾਨ ਵਿਕਰਮ ਆਦੀਆ, ਜਨਰਲ ਸਕੱਤਰ ਬਲਕਾਰ ਸਿੰਘ, ਵਾਇਸ ਪ੍ਰਧਾਨ, ਦਿਲਬਾਗ ਸਿੰਘ, ਮੈਂਬਰ ਨਰਿੰਦਰ ਸਿੰਘ, ਮਨਦੀਪ ਸਿੰਘ ਅਤੇ ਮੈਂਬਰ ਨਿਤਿਸ਼ ਭਾਰਦਵਾਜ ਸਮੇਤ ਵੱਡੀ ਗਿਣਤੀ ਵਿਚ ਕਰਮਚਾਰੀ ਮੌਜੂਦ ਸਨ।

# ‘ਡਰਾਈ ਡੇ ਫਰਾਈ ਡੇ’ ਤਹਿਤ ਪਿੰਡ ਮੱਕੋਵਾਲ ਵਿਖੇ ਡੇਂਗੂ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਸਿਵਲ ਸਰਜਨ ਹੁਸ਼ਿਆਰਪੁਰ ਡਾਕਟਰ ਪਵਨ ਕੁਮਾਰ ਸ਼ਗੋਤਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਾਕਟਰ ਜਗਦੀਪ ਸਿੰਘ ਜ਼ਿਲ੍ਹਾ ਐਪੀਡੀਮੋਲੋਜਿਸਟ ਅਤੇ ਡਾਕਟਰ ਐਸ.ਪੀ.ਸਿੰਘ ਐਸ.ਐਮ.ਓ ਪੀ.ਐਚ.ਸੀ ਮੰਡ ਭੰਡੇਰ ਦੇ ਮਾਰਗਦਰਸ਼ਨ ਹੇਠ ਅਤੇ ਹੈਲਥ ਇੰਸਪੈਕਟਰ ਵਿਜੇ ਕੁਮਾਰ ਦੀ ਹਾਜ਼ਰੀ ਵਿੱਚ ਪਿੰਡ ਮੱਕੋਵਾਲ ਵਿਖੇ "ਡਰਾਈ ਡੇ ਫਰਾਈ ਡੇ" ਤਹਿਤ ਡੇਂਗੂ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਸਮੇਂ ਸਿਹਤ ਕਰਮਚਾਰੀ ਰਾਜੀਵ ਰੋਮੀ ਨੇ ਲੋਕਾਂ ਨੂੰ ਡੇਂਗੂ ਮੱਛਰ ਪੈਦਾ ਹੋਣ ਦੇ ਕਾਰਨਾਂ ਅਤੇ ਬਚਾਓ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਡੇਂਗੂ ਤੋਂ ਬਚਣ ਲਈ ਸਾਨੂੰ ਜਾਗਰੂਕ ਹੋਣ ਦੀ ਲੋੜ ਹੈ। ਡੇਂਗੂ ਹੋਣ ਤੇ ਤੇਜ਼ ਬੁਖਾਰ, ਮਾਸਪੇਸ਼ੀਆਂ ਅਤੇ ਜੋੜਾਂ ਅਤੇ ਹੱਡੀਆਂ ਵਿੱਚ ਦਰਦ, ਅੱਖਾਂ ਦੇ ਪਿੱਛੇ ਖਿੱਚ ਤੇ ਦਰਦ ਅਤੇ ਉਲਟੀਆਂ ਵਰਗੇ ਲੱਛਣ ਨਜ਼ਰ ਆਉਂਦੇ ਹਨ। ਅਜਿਹੀ ਸੂਰਤ ਵਿੱਚ ਵਿਅਕਤੀ ਨੂੰ ਜਲਦੀ ਤੋਂ ਜਲਦੀ ਨਜ਼ਦੀਕੀ ਸਰਕਾਰੀ ਹਸਪਤਾਲ ਨਾਲ ਸੰਪਰਕ ਕੀਤਾ ਜਾਣਾ ਚਾਹੀਦਾ ਹੈ। ਡੇਂਗੂ ਦੇ ਸਾਰੇ ਟੈਸਟ ਤੇ ਇਲਾਜ ਫਰੀ ਕੀਤੇ ਜਾਂਦੇ ਹਨ। ਡੇਂਗੂ ਦਾ ਮੱਛਰ ਪੈਦਾ ਹੀ ਨਾ ਹੋਵੇ ਇਸ ਲਈ ਇਸ ਦੇ ਸਰੋਤ ਨੂੰ ਹੀ ਖ਼ਤਮ ਕੀਤਾ ਜਾਣਾ ਜਰੂਰੀ ਹੈ। ਇਹ ਮੱਛਰ ਸਾਫ਼ ਠਹਿਰੇ ਪਾਣੀ ਵਿੱਚ ਪੈਦਾ ਹੁੰਦਾ ਹੈ, ਅਤੇ ਕਿਸੇ ਛੋਟੇ ਤੋਂ ਛੋਟੇ ਖੜ੍ਹੇ ਪਾਣੀ ਦੇ ਸੋਮੇ ਵਿੱਚ ਵੀ ਅੰਡੇ ਦੇ ਦਿੰਦਾ ਹੈ। ਇਸ ਲਈ "ਹਰ ਸ਼ੁਕਰਵਾਰ ਡੇਂਗੂ ਤੇ ਵਾਰ" ਵਜੋਂ ਮਨਾਇਆ ਜਾਂਦਾ ਹੈ। ਡੇਂਗੂ ਵਾਲਾ ਮੱਛਰ ਕੂਲਰ, ਗਮਲੇ, ਛੱਤਾਂ ਤੇ ਪਿਆ ਸਮਾਨ, ਫਰਿਜ਼ ਦੀ ਬੈਕ ਟਰੇ ਅਤੇ ਪੰਛੀਆਂ ਦੇ ਪਾਣੀ ਦੇ ਬਰਤਨ ਆਦਿ ਵਿੱਚ ਜਮਾ ਪਾਣੀ ਵਿੱਚ ਪੈਦਾ ਹੁੰਦਾ ਹੈ। ਇੱਕ ਹਫਤੇ ਵਿੱਚ ਉਹ ਪੂਰਾ ਮੱਛਰ ਬਣ ਜਾਂਦਾ ਹੈ, ਇਸ ਲਈ ਹਰ ਸ਼ੁਕਰਵਾਰ ਘਰ ਵਿੱਚ ਪਾਣੀ ਵਾਲੇ ਸਰੋਤਾਂ ਨੂੰ ਪੂਰੀ ਤਰ੍ਹਾਂ ਡਰਾਈ ਰੱਖਿਆ ਜਾਣਾ ਚਾਹੀਦਾ ਹੈ, ਤਾਂ ਜੋ ਮੱਛਰ ਦੇ ਲਾਰਵੇ ਨੂੰ ਖ਼ਤਮ ਕੀਤਾ ਜਾ ਸਕੇ। ਇਹ ਮੱਛਰ ਸਵੇਰ ਅਤੇ ਸ਼ਾਮ ਨੂੰ ਕੱਟਦਾ ਹੈ। ਮੱਛਰ ਦੇ ਕੱਟਣ ਤੋਂ ਬਚਾਅ ਲਈ ਪੂਰੀਆਂ ਬਾਹਾਂ ਦੇ ਕੱਪੜੇ ਪਹਿਨਣੇ ਚਾਹੀਦੇ ਹਨ। ਸੌਣ ਵੇਲੇ ਮੱਛਰਦਾਨੀ, ਮੱਛਰਾਂ ਦੇ ਕੱਟਣ ਤੋਂ ਬਚਾਅ ਕਰਨ ਵਾਲੀਆਂ ਕਰੀਮਾਂ ਤੇ ਤੇਲ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ। ਘਰਾਂ ਦੇ ਆਲੇ ਦੁਆਲੇ ਟੋਇਆਂ ਨੂੰ ਮਿੱਟੀ ਨਾਲ ਭਰ ਦੇਣਾ ਚਾਹੀਦਾ ਹੈ, ਤਾਂ ਕਿ ਬਰਸਾਤ ਦੇ ਦਿਨਾਂ ਵਿੱਚ ਪਾਣੀ ਇਕੱਠਾ ਨਾ ਹੋ ਸਕੇ, ਘਰਾਂ ਦੇ ਆਲ਼ੇ-ਦੁਆਲ਼ੇ ਸਫ਼ਾਈ ਰੱਖਣੀ ਚਾਹੀਦੀ ਹੈ। ਇਸ ਸਮੇਂ ਹੈਲਥ ਇੰਸਪੈਕਟਰ ਵਿਜੇ ਕੁਮਾਰ, ਸਿਹਤ ਕਰਮਚਾਰੀ ਰਾਜੀਵ ਰੋਮੀ, ਆਨੰਦ ਸਰੂਪ, ਅਜੀਤ ਸਿੰਘ, ਦਿਲਬਾਗ ਸਿੰਘ, ਕੁਲਦੀਪ ਸਿੰਘ, ਪੂਰਨ ਸਿੰਘ, ਗੁਰਚਰਨ ਸਿੰਘ, ਬਿਮਲਾ ਦੇਵੀ ਅਤੇ ਹੋਰ ਪਿੰਡ ਵਾਸੀ ਹਾਜ਼ਰ ਸਨ।



# ਰਾਣਾ ਹਾਕੀ ਅਕੈਡਮੀ ਵੱਲੋਂ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੇ ਜਨਮ ਦਿਨ 'ਤੇ ਪ੍ਰਦਰਸ਼ਨੀ ਮੈਚ ਕਰਵਾਇਆ ਗਿਆ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਜੀ ਦੇ ਜਨਮ ਦਿਨ ਮੌਕੇ ਰਾਣਾ ਹਾਕੀ ਅਕੈਡਮੀ ਹੁਸ਼ਿਆਰਪੁਰ ਵੱਲੋਂ ਇੱਕ ਪ੍ਰਦਰਸ਼ਨੀ ਮੈਚ ਕਰਵਾਇਆ ਗਿਆ। ਇਸ ਮੌਕੇ ਐਚ.ਡੀ.ਸੀ.ਏ ਦੇ ਸਕੱਤਰ ਡਾਕਟਰ ਰਮਨ ਘਈ ਅਤੇ ਸ਼ਹਿਰੀ ਕਾਂਗਰਸ ਦੇ ਪ੍ਰਧਾਨ ਨਵਪ੍ਰੀਤ ਰਹੀਲ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਖਿਡਾਰੀਆਂ ਨਾਲ ਜਾਣ-ਪਛਾਣ ਕਰਵਾਈ ਅਤੇ ਮੇਜਰ ਧਿਆਨ ਚੰਦ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਬੱਚਿਆਂ ਨੂੰ ਹਾਕੀ ਪ੍ਰਤੀ ਉਤਸ਼ਾਹਿਤ ਕਰਨ ਲਈ ਰਾਣਾ ਹਾਕੀ ਅਕੈਡਮੀ ਦਾ ਯੋਗਦਾਨ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਇਕ ਦਿਨ ਸਾਡੇ ਹੁਸ਼ਿਆਰਪੁਰ ਦੇ ਹਾਕੀ ਖਿਡਾਰੀ ਸ਼ਹਿਰ, ਕੋਚਾਂ ਅਤੇ ਮਾਪਿਆਂ ਦਾ ਨਾਂ ਜ਼ਰੂਰ ਰੌਸ਼ਨ ਕਰਨਗੇ। ਇਸ ਦੌਰਾਨ ਕੋਟਲਾ ਨੂਰਪੁਰ ਅਤੇ ਰਾਣਾ ਹਾਕੀ ਅਕੈਡਮੀ ਦੀ ਟੀਮ ਵਿਚਕਾਰ ਰੋਮਾਂਚਕ ਮੈਚ ਖੇਡਿਆ ਗਿਆ, ਜੋ ਰਾਣਾ ਹਾਕੀ ਅਕੈਡਮੀ ਨੇ ਜਿੱਤ ਲਿਆ। ਇਸ ਦੌਰਾਨ ਰਣਜੀਤ ਸਿੰਘ ਰਾਣਾ ਨੇ ਦੱਸਿਆ ਕਿ ਅੱਜ ਦਾ ਮੈਚ ਮੇਜਰ ਧਿਆਨ ਚੰਦ ਜੀ ਨੂੰ ਸਮਰਪਿਤ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਮੇਜਰ ਸਾਹਿਬ ਨੇ ਵਿਸ਼ਵ ਮੰਚ 'ਤੇ ਦੇਸ਼ ਦਾ ਨਾਂ ਰੌਸ਼ਨ ਕੀਤਾ ਸੀ, ਉਸੇ ਤਰ੍ਹਾਂ ਰਾਣਾ ਹਾਕੀ ਅਕੈਡਮੀ ਦੇ ਖਿਡਾਰੀ ਵੀ ਇਕ ਦਿਨ ਇਸ ਮੁਕਾਮ 'ਤੇ ਜ਼ਰੂਰ ਪਹੁੰਚਣਗੇ।

# ਮਾਨਯੋਗ ਚੀਫ਼ ਜਸਟਿਸ ਸ਼ੀਲ ਨਾਗੂ ਵੱਲੋਂ ਵਰਚੂਉਲ ਮੋਡ ਰਾਹੀਂ ਨਵੇਂ ਜੁਡੀਸ਼ੀਅਲ ਕੋਰਟ ਕੰਪਲੈਕਸ ਮੁਕੇਰੀਆਂ ਦਾ ਉਦਘਾਟਨ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਮਾਨਯੋਗ ਚੀਫ਼ ਜਸਟਿਸ ਸ਼ੀਲ ਨਾਗੂ ਵੱਲੋਂ ਅੱਜ ਵਰਚੁਉਲ ਮੋਡ ਰਾਹੀਂ ਨਵੇਂ ਜੁਡੀਸ਼ੀਅਲ ਕੋਰਟ ਕੰਪਲੈਕਸ ਮੁਕੇਰੀਆਂ ਦਾ ਉਦਘਾਟਨ ਕੀਤਾ ਗਿਆ। ਇਸ ਦੌਰਾਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਮਾਨਯੋਗ ਜੱਜ ਅਤੇ ਬਿਲਡਿੰਗ ਕਮੇਟੀ ਦੇ ਚੇਅਰਮੈਨ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਅਤੇ ਹੋਰ ਜੱਜ ਸਾਹਿਬਾਨ ਉਨ੍ਹਾਂ ਦੇ ਨਾਲ ਮੌਜੂਦ ਸਨ ਜਦਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜ ਅਤੇ ਸੈਸ਼ਨ ਡਵੀਜ਼ਨ ਹੁਸ਼ਿਆਰਪੁਰ ਦੇ ਪ੍ਰਬੰਧਕੀ ਜੱਜ ਜਸਟਿਸ ਮੰਜਰੀ ਨਹਿਰੂ ਕੌਲ ਨਵੇਂ ਜੁਡੀਸ਼ੀਅਲ ਕੋਰਟ ਕੰਪਲੈਕਸ ਮੁਕੇਰੀਆਂ ਵਿਖੇ ਹੋਏ।

ਸ਼ਾਨਦਾਰ ਉਦਘਾਟਨੀ ਸਮਾਗਮ ਵਿਚ ਮੌਜੂਦ ਰਹੇ। ਇਸ ਦੌਰਾਨ ਉਨ੍ਹਾਂ ਜ਼ਿਲ੍ਹਾ ਤੇ ਸ਼ੈਸ਼ਨ ਜੱਜ ਹੁਸ਼ਿਆਰਪੁਰ ਦਿਲਬਾਗ ਸਿੰਘ ਜੌਹਲ, ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ, ਐਸ. ਐਸ. ਪੀ ਹੁਸ਼ਿਆਰਪੁਰ ਸੁਰੇਂਦਰ ਲਾਂਬਾ ਅਤੇ ਹੋਰਨਾਂ ਜ਼ੁਡੀਸ਼ੀਅਲ ਅਧਿਕਾਰੀਆਂ ਸਮੇਤ ਨਵੇਂ ਕੰਪਲੈਕਸ ਦੇ ਵੱਖ-ਵੱਖ ਸੈਕਸ਼ਨਾਂ ਦਾ ਦੌਰਾ ਵੀ ਕੀਤਾ। 6 ਏਕੜ ਰਕਬੇ ਵਿਚ ਕਰੀਬ 15 ਕਰੋੜ 26 ਲੱਖ ਰੁਪਏ ਦੀ ਲਾਗਤ ਨਾਲ ਬਣੇ ਇਸ ਅਤਿ-ਆਧੁਨਿਕ ਸੁਵਿਧਾਵਾਂ ਨਾਲ ਲੈਸ ਦੋ ਮੰਜ਼ਿਲਾ ਆਲੀਸ਼ਾਨ ਕੰਪਲੈਕਸ ਦਾ ਉਦਘਾਟਨ ਕਰਦਿਆਂ ਮਾਨਯੋਗ ਚੀਫ਼ ਜਸਟਿਸ ਸ਼ੀਲ ਨਾਗੂ ਨੇ ਕਿਹਾ ਕਿ ਇਹ ਨਵਾਂ ਨਿਆਇਕ ਕੰਪਲੈਕਸ ਸਿਰਫ਼ ਇਕ ਇਮਾਰਤ ਨਹੀਂ, ਬਲਕਿ ਇਹ ਮੁਕੇਰੀਆ ਦੇ ਨਿਵਾਸੀਆਂ ਲਈ ਨਿਆਂ ਪ੍ਰਾਪਤੀ ਦੀ ਇੱਕ ਨਵੀਂ ਕਿਰਨ ਹੈ। ਉਨ੍ਹਾਂ ਕਿਹਾ ਕਿ ਇਸ ਕੰਪਲੈਕਸ ਨਾਲ ਨਿਆਂ ਪ੍ਰਕ੍ਰਿਆ ਨੂੰ ਬਿਹਤਰੀ ਮਿਲੇਗੀ ਅਤੇ ਸਾਰੇ ਮੁਕੱਦਮੇ ਸਮੇਂ ਸਿਰ ਸੁਣਨ ਲਈ ਢੁਕਵੇਂ ਸਾਧਨ ਮਿ-ਲਣਗੇ। ਉਨ੍ਹਾਂ ਕਿਹਾ। ਇਹ ਕੰਪਲੈਕਸ ਇਲਾਕੇ ਦੇ ਨਿ-ਆਇਕ ਢਾਂਚੇ ਵਿਚ ਨਵੀਂ ਤੇਜ਼ੀ ਅਤੇ ਕਾਰਗੁਜ਼ਾਰੀ ਲਿਆਵੇਗਾ। ਉਨ੍ਹਾਂ ਇਸ ਕੰਪਲੈਕਸ ਨੂੰ ਸਮਾਂਬੱਧ ਢੰਗ ਨਾਲ ਮੁਕੰਮਲ ਕਰਨ ਲਈ ਲੋਕ ਨਿਰਮਾਣ ਵਿਭਾਗ ਅਤੇ ਆਰਕੀਟੈਕਚਰ ਵਿਭਾਗ ਪੰਜਾਬ ਦੀ ਸ਼ਲਾਘਾ ਕੀਤੀ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਮਾਨਯੋਗ ਜੱਜ ਅਤੇ ਬਿਲਡਿੰਗ ਕਮੇਟੀ ਦੇ ਚੇਅਰਮੈਨ ਜਸਟਿਸ ਗੁਰ-ਮੀਤ ਸਿੰਘ ਸੰਧਾਵਾਲੀਆ ਨੇ ਮੁਕੇਰੀਆਂ ਵਾਸੀਆਂ ਨੂੰ ਇਸ ਕੰਪਲੈਕਸ ਲਈ ਵਧਾਈ ਦਿੰਦਿਆਂ ਕਿਹਾ ਕਿ ਹੁਸ਼ਿਆਰਪੁਰ ਦੇ ਨਵੇਂ ਜ਼ਿਲ੍ਹਾ ਸੈਸ਼ਨ ਕੋਰਟ ਕੰਪਲੈਕਸ ਤੋਂ ਬਾਅਦ ਇਹ ਕੰਪਲੈਕਸ ਉਨ੍ਹਾਂ ਲਈ ਇਕ ਤੋਹਫ਼ਾ ਹੈ।

ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜ ਅਤੇ ਸੈਸ਼ਨ ਡਵੀਜ਼ਨ ਹੁਸ਼ਿਆਰਪੁਰ ਦੇ ਪ੍ਰਬੰਧਕੀ ਜੱਜ ਜਸਟਿਸ ਮੰਜਰੀ ਨਹਿਰੂ ਕੌਲ ਨੇ ਇਸ ਮੌਕੇ ਕਿਹਾ ਕਿ ਨਵੀਂ ਇਮਾਰਤ ਦੇ ਬਣਨ ਨਾਲ ਮੁਕੇਰੀਆ ਵਿਖੇ ਨਿਆਂ ਪ੍ਰਕਿਰਿਆ ਵਿਚ ਤੇਜ਼ੀ ਆਵੇਗੀ ਅਤੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਇਥੇ ਜੱਜ, ਵਕੀਲ, ਅਤੇ ਨਿਆਇਕ ਅਧਿਕਾਰੀ ਆਸਾਨੀ ਨਾਲ ਆਪਣਾ ਕੰਮ ਕਰ ਸਕਣਗੇ। ਇਸ ਤੋਂ ਪਹਿਲਾਂ ਜ਼ਿਲ੍ਹਾ ਤੇ ਸ਼ੈਸ਼ਨ ਜੱਜ ਹੁਸ਼ਿਆਰਪੁਰ ਦਿਲਬਾਗ ਸਿੰਘ ਜੌਹਲ ਨੇ ਮਾਨਯੋਗ ਚੀਫ਼ ਜਸਟਿਸ ਅਤੇ ਹੋਰਨਾਂ ਜ਼ੁਡੀਸ਼ੀਅਲ ਅਧਿਕਾਰੀਆਂ ਦਾ ਸਵਾਗਤ ਕਰਦਿਆਂ ਦੱਸਿਆ ਕਿ ਇਸ ਆਲੀਸ਼ਾਨ ਕੰਪਲੈਕਸ ਵਿਚ 4 ਕੋਰਟ ਰੂਮ, 3 ਜ਼ੁਡੀਸ਼ੀਅਲ ਰੈਜ਼ੀਡੈਂਸ, ਮੀਡੀਏਸ਼ਨ ਸੈਂਟਰ, ਫਰੰਟ ਆਫਿਸ, ਲਾਇਬ੍ਰੇਰੀ, ਕੰਟੀਨ, ਬਾਰ ਰੂਮਸ, ਵੀਡੀਓ ਕਾਨਫਰੰਸਿੰਗ ਸਿਸਟਮ ਅਤੇ ਹੋਰ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ। ਇਸ ਤੋਂ ਇਲਾਵਾ ਵਕੀਲਾਂ ਵੱਲੋਂ ਆਪਣੀ ਪੱਧਰ 'ਤੇ 90 ਚੈਂਬਰਾਂ ਦਾ ਨਿਰਮਾਣ ਕੀਤਾ ਗਿਆ ਹੈ। ਇਸ ਮੌਕੇ ਜ਼ੁਡੀਸ਼ੀਅਲ ਤੇ ਸਿਵਲ ਅਧਿਕਾਰੀਆਂ ਤੋਂ ਇਲਾਵਾ ਬਾਰ ਐਸੋਸੀਏਸ਼ਨਾਂ ਦੇ ਅਹੁਦੇਦਾਰ, ਮੈਂਬਰ ਅਤੇ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।

# ਪੰਜਾਬ ਦੇ ਟਿਕਾਊ ਵਿਕਾਸ ਵਿਚ ਨੌਜਵਾਨਾਂ ਦੀ ਅਹਿਮ ਭੂਮਿਕਾ - ਕੋਮਲ ਮਿੱਤਲ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਵੁੱਡਲੈਂਡ ਓਵਰਸੀਜ਼ ਸਕੂਲ ਵਿਖੇ ਦਸੂਹਾ ਦੀ ਪ੍ਰਸਿੱਧ ਐਨ।ਜੀ।ਓ 'ਏ 4 ਸੀ' ਵੱਲੋਂ ‘ਟਿਕਾਊ ਵਿਕਾਸ ਵਿਚ ਵਿਚ ਨੌਜਵਾਨਾਂ ਦੀ ਭੂਮਿਕਾ’ ਵਿਸ਼ੇ ’ਤੇ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿਚ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਐਨ।ਜੀ।ਓ ਦੇ ਮੁਖੀ



ਸੰਜੀਵ ਕੁਮਾਰ ਦੇ ਨਾਲ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜਦਕਿ ਕਮਿਸ਼ਨਰ ਨਗਰ ਨਿਗਮ ਹੁਸ਼ਿਆਰਪੁਰ ਡਾਕਟਰ ਅਮਨਦੀਪ ਕੌਰ, ਐਸ।ਡੀ।ਐਮ ਹੁਸ਼ਿਆਰਪੁਰ ਸੰਜੀਵ ਸ਼ਰਮਾ, ਕੈਲੇਡੋਨੀਅਨ ਇੰਟਰਨੈਸ਼ਨਲ ਸਕੂਲ ਦੇ ਐਮ।ਡੀ ਸ਼੍ਰੀਜਲ ਗੁਪਤਾ, ਸੋਨਾਲੀਕਾ ਗਰੁੱਪ ਦੇ ਐਸੋਸੀਏਟ ਵਾਈਸ ਪ੍ਰੈਜ਼ੀਡੈਂਟ ਅਤੁਲ ਸ਼ਰਮਾ,ਵੁੱਡਲੈਂਡ ਓਵਰਸੀਜ਼ ਸਕੂਲ ਦੇ ਮੈਨੇਜਿੰਗ ਟਰੱਸਟੀ ਮਨਦੀਪ ਸਿੰਘ ਗਿੱਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸਮਾਗਮ ਦਾ ਉਦਘਾਟਨ ਮੁੱਖ ਮਹਿਮਾਨ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਸ਼ਮ੍ਹਾ ਰੌਸ਼ਨ ਕਰਕੇ ਕੀਤਾ। ਉਨ੍ਹਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਪੰਜਾਬ ਦੇ ਟਿਕਾਊ ਵਿਕਾਸ ਵਿਚ ਨੌਜਵਾਨਾਂ ਦੀ ਅਹਿਮ ਭੂਮਿਕਾ ਹੈ। ਉਨ੍ਹਾਂ ਕਿਹਾ ਕਿ ਟਿਕਾਊ ਵਿਕਾਸ ਇਕ ਅਜਿਹੀ ਵਿਕਾਸ ਪ੍ਰਕਿਰਿਆ ਹੈ। ਜੋ ਨਾ ਕੇਵਲ ਅਜੋਕੀ ਪੀੜ੍ਹੀ ਦੀਆਂ ਲੋੜਾਂ ਪੂਰੀਆਂ ਕਰਦੀ ਹੈ, ਬਲਕਿ ਇਹ ਵੀ ਧਿਆਨ ਰੱਖਦੀ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਦੀ ਸਮਰੱਥਾ 'ਤੇ ਕੋਈ ਮਾੜਾ ਪ੍ਰਭਾਵ ਨਾ ਪਵੇ। ਕਮਿਸ਼ਨਰ ਡਾਕਟਰ ਅਮਨਦੀਪ ਕੌਰ, ਐਸ।ਡੀ।ਐਮ ਸੰਜੀਵ ਸ਼ਰਮਾ, ਸ੍ਰੀਜਲ ਗੁਪਤਾ,ਅਤੁਲ ਸ਼ਰਮਾ ਅਤੇ ਹੋਰਨਾਂ ਨੇ ਵੀ ਆਪਣੇ-ਆਪਣੇ ਸੰਬੋਧਨਾਂ ਵਿਚ ਟਿਕਾਊ ਵਿਕਾਸ ਬਾਰੇ ਚਾਨਣਾ ਪਾਇਆ ਅਤੇ ਬੱਚਿਆਂ ਨੂੰ ਸਮਝਾਇਆ ਕਿ ਟਿਕਾਊ ਵਿਕਾਸ ਲਈ ਕਿਉਂ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਹ ਮਨੁੱਖਾਂ ਅਤੇ ਕੁਦਰਤ ਦੋਵਾਂ ਦੀ ਲੰਬੀ ਮਿਆਦ ਦੀ ਸਿਹਤ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਂਦਾ ਹੈ। ਸੈਮੀਨਾਰ ਦੇ ਅੰਤ ਵਿਚ ਸਕੂਲ ਦੇ ਮੈਨੇਜਿੰਗ ਟਰੱਸਟੀ ਮਨਦੀਪ ਸਿੰਘ ਗਿੱਲ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਉਨ੍ਹਾਂ ਆਸ ਪ੍ਰਗਟਾਈ ਕਿ ਉਨ੍ਹਾਂ ਦੇ ਮਹਿਮਾਨ ਵੁੱਡਲੈਂਡ ਵਿੱਚ ਭਵਿੱਖ ਵਿੱਚ ਅਜਿਹੇ ਹੋਰ ਸੈਮੀਨਾਰ ਆਯੋਜਿਤ ਕਰਨਗੇ ਤਾਂ ਜੋ ਵੁੱਡਲੈਂਡ ਵਾਸੀ ਸਿੱਖਿਆ ਦੇ ਨਾਲ-ਨਾਲ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਜਾਣੂ ਹੋ ਸਕਣ।

# ਡਾਕਟਰ ਦੀ ਪ੍ਰਵਾਨਗੀ ਤੋਂ ਬਿਨਾਂ ਫਾਰਮੇਸੀ ਵਲੋਂ ਨਾ ਦਿੱਤੀ ਜਾਵੇ ਪ੍ਰੀਗਾਬਾਲਿਨ ਦਵਾਈ - ਜਿਲ੍ਹਾ ਮੈਜਿਸਟ੍ਰੇਟ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਮੈਜਿਸਟਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ



ਹੁਕਮ ਜਾਰੀ ਕੀਤਾ ਹੈ ਕਿ ਪ੍ਰੀਗਾਬਾਲਿਨ ਦਵਾਈ ਨੂੰ ਕੇਵਲ ਸਮਰੱਥ ਡਾਕਟਰ ਦੀ ਪ੍ਰਵਾਨਗੀ ਦੇ ਆਧਾਰ ‘ਤੇ ਹੀ ਅਤੇ ਮਿੱਥੇ ਹੋਏ ਸਮੇਂ ਲਈ ਹੀ ਫਾਰਮੇਸੀ ਵਲੋਂ ਦਿੱਤਾ ਜਾਵੇ। ਉਨ੍ਹਾਂ ਹਦਾਇਤ ਕਰਦਿਆਂ ਕਿਹਾ ਕਿ ਫਾਰਮੇਸੀ ਵਲੋਂ ਇਸ ਦਵਾਈ ਦਾ ਮੁਕੰਮਲ ਰਿਕਾਰਡ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਸਿਵਲ ਸਰਜਨ ਨੇ ਆਪਣੇ ਦਫ਼ਤਰ ਦੇ ਪੱਤਰ ਨੰਬਰ ਡਰੱਗਜ਼/2023/452 ਮਿਤੀ 24।8।2023 ਰਾਹੀਂ ਦੱਸਿਆ ਹੈ ਕਿ ਪ੍ਰੀਗਾਬਾਲਿਨ ਦੀ ਵਰਤੋਂ ਫਾਈਬਰੋ ਮਾਇਲਜੀਆ/ਨਿਉਰਲਜੀਆ ਆਦਿ ਬਿਮਾਰੀਆਂ ਨਾਲ ਸਬੰਧਤ ਮਰੀਜ਼ਾਂ ਦੇ ਇਲਾਜ ਲਈ ਆਮ ਤੌਰ ‘ਤੇ ਮੈਡੀਕਲ ਸਪੈਸ਼ਲਿਸਟ/ ਸਾਈਕੈਟਰਿਸਟ/ ਜੀ।ਡੀ।ਐਮ।ਓ ਵਲੋਂ ਕੀਤੀ ਜਾਂਦੀ ਹੈ, ਪਰ ਜ਼ਿਆਦਾ ਮਾਤਰਾ ਵਿੱਚ ਪ੍ਰੀਗਾਬਾਲਿਨ ਦੀ ਦੁਰਵਰਤੋਂ ਨਸ਼ੇ ਦੇ ਤੌਰ ‘ਤੇ ਕੀਤੀ ਜਾ ਸਕਦੀ ਹੈ। ਇਸ ਲਈ ਪ੍ਰੀਗਾਬਾਲਿਨ ਦਵਾਈ ਨੂੰ ਕੇਵਲ ਸਮਰੱਥ ਡਾਕਟਰ ਦੀ ਪ੍ਰਵਾਨਗੀ ਦੇ ਆਧਾਰ ‘ਤੇ ਹੀ ਅਤੇ ਮਿੱਥੇ ਹੋਏ ਸਮੇਂ ਲਈ ਹੀ ਫਾਰਮੇਸੀ ਵਲੋਂ ਦਿੱਤੀ ਜਾਣੀ ਚਾਹੀਦੀ ਹੈ। ਇਹ ਹੁਕਮ 25 ਅਕਤੂਬਰ, 2024 ਤੱਕ ਲਾਗੂ ਰਹੇਗਾ।

### ਜ਼ਿਲ੍ਹੇ ‘ਚ ਮੂੰਹ ਢੱਕ ਕੇ ਡਰਾਈਵਿੰਗ ਕਰਨ ‘ਤੇ ਲਗਾਈ ਪਾਬੰਦੀ

ਜ਼ਿਲ੍ਹਾ ਮੈਜਿਸਟਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਆਮ ਨਾਗਰਿਕਾਂ ਨੂੰ ਦੋ-ਪਹੀਆਂ ਵਾਹਨ ਚਲਾਉਂਦੇ ਹੋਏ ਮੂੰਹ ਢੱਕ ਕੇ/ਮੂੰਹ ਬੰਨ ਕੇ ਡਰਾਈਵਿੰਗ ਕਰਨ ‘ਤੇ ਪਾਬੰਦੀ ਲਗਾਈ ਹੈ। ਇਹ ਪਾਬੰਦੀ ਉਨ੍ਹਾਂ ਵਿਅਕਤੀਆਂ ‘ਤੇ ਲਾਗੂ ਨਹੀਂ ਹੋਵੇਗੀ, ਜਿਨ੍ਹਾਂ ਨੇ ਕਿਸੇ ਬਿਮਾਰੀ ਜਾਂ ਅਲੱਰਜੀ ਦੀ ਵਜਾਹ ਕਾਰਨ ਮੈਡੀਕਲ ਸੁਪਰਵਿਜਨ ਦੇ ਹੇਠਾਂ ਮਾਸਕ ਜਾਂ ਕੋਈ ਹੋਰ ਚੀਜ ਪਹਿਨੀ ਹੋਵੇ। ਜ਼ਿਲ੍ਹਾ ਮੈਜਿਸਟਰੇਟ ਨੇ ਆਪਣੇ ਹੁਕਮ ਵਿੱਚ ਦੱਸਿਆ ਹੈ ਕਿ ਬਜਾਰਾਂ ਵਿੱਚ ਆਮ ਤੌਰ ਤੇ ਮੂੰਹ ਢੱਕ ਕੇ ਵਹੀਕਲ ਚਾਲਕਾਂ (ਖਾਸ ਤੌਰ ‘ਤੇ ਦੋ-ਪਹੀਆਂ ਵਹੀਕਲ ਚਾਲਕਾਂ) ਵੱਲੋਂ ਲੁਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ, ਮੂੰਹ ਢੱਕਣ ਨਾਲ ਅਪਰਾਧ ਕਰਨ ਵਾਲਿਆਂ ਦੀ ਪਹਿਚਾਣ ਕਰਨ ਵਿੱਚ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਜ਼ਿਲ੍ਹੇ ਅੰਦਰ ਮੂੰਹ ਢੱਕ ਕੇ ਅਪਰਾਧਕ ਵਾਰਦਾਤਾਂ ਨੂੰ ਰੋਕਣ ਲਈ ਉਕਤ ਹੁਕਮ ਜਾਰੀ ਕੀਤੇ ਗਏ ਹਨ। ਇਹ ਹੁਕਮ 25 ਅਕਤੂਬਰ, 2024 ਤੱਕ ਲਾਗੂ ਰਹਿਣਗੇ।

### ਕਿਰਾਏਦਾਰਾਂ, ਨੌਕਰਾਂ ਅਤੇ ਪੇਇੰਗ ਗੈਸਟ ਦਾ ਪੂਰਾ ਵੇਰਵਾ ਜ਼ਿਲ੍ਹਾ ਤੇ ਪੁਲਿਸ ਪ੍ਰਸ਼ਾਸਨ ਨੂੰ ਦੇਣਾ ਲਾਜ਼ਮੀ

ਜ਼ਿਲ੍ਹਾ ਮੈਜਿਸਟਰੇਟ ਨਵਜੋਤ ਪਾਲ ਸਿੰਘ ਰੰਧਾਵਾ, ਆਈ।ਏ।ਐਸ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਈਆਂ ਸਕਤੀਆਂ ਦੀ ਵਰਤੋਂ ਕਰਦੇ ਹੋਏ ਇਹ ਹੁਕਮ ਜਾਰੀ ਕੀਤਾ ਹੈ ਕਿ ਜ਼ਿਲ੍ਹੇ ਦੇ ਮਿਉਂਸਪਲ ਕੌਂਸਲ, ਨਗਰ ਪੰਚਾਇਤਾਂ ਅਤੇ ਪਿੰਡਾਂ ਦੀਆਂ ਪੰਚਾਇਤਾਂ ਦੇ ਅਧਿਕਾਰ ਖੇਤਰ ਵਿੱਚ ਰਹਿਣ ਵਾਲਾ ਕੋਈ ਵੀ ਵਿਅਕਤੀ ਜੇਕਰ ਆਪਣੇ ਘਰ/ਹੋਟਲ/ ਰੈਸਟੋਰੈਂਟ ਵਿੱਚ ਕਿਰਾਏਦਾਰ/ਨੌਕਰ/ਪੇਇੰਗ ਗੈਸਟ/ਨੇਪਾਲੀ ਲਾਗਰੀ ਰੱਖੇਗਾ ਤਾਂ ਉਹ ਉਸ ਦੀ ਸੂਚਨਾ dc_nawanshahr@reidffmial.com ਅਤੇ dpo.nsr.poilce@punjab.govi.n ਤੇ ਇੱਕ ਹਫਤੇ ਦੇ ਅੰਦਰ-ਅੰਦਰ ਦੇਣ ਲਈ ਪਾਬੰਦ ਹੋਵੇਗਾ। ਉਨ੍ਹਾਂ ਕਿਹਾ ਕਿ ਜਿਹਾ ਮਕਾਨ ਮਾਲਕਾਂ ਨੇ ਅਜ ਤੱਕ ਕਿਰਾਏਦਾਰਾਂ ਦੀ ਸੂਚਨਾ ਪੁਲਿਸ ਨੂੰ ਨਹੀਂ ਦਿੱਤੀ ਹੈ, ਉਹ ਉਕਤ ਈ-ਮੇਲ ਤੇ ਕਿਰਾਏਦਾਰ (ਨਾਮ, ਪਿਤਾ ਦਾ ਨਾਮ, ਫੋਟੋ ਅਤੇ ਆਧਾਰ ਕਾਰਡ) ਦੀ ਸੂਚਨਾ ਇਸ ਹੁਕਮ ਦੇ ਜਾਰੀ ਹੋਣ ਦੀ ਮਿਤੀ ਤੇ ਇੱਕ ਹਫਤੇ ਦੇ ਅੰਦਰ-ਅੰਦਰ ਦੇਣ। ਉਨ੍ਹਾਂ ਨੇ ਕਿਹਾ ਕਿ ਮਕਾਨ ਮਾਲਕਾ ਵੱਲੋਂ ਰੱਖੋ ਗਏ ਕਿਰਾਏਦਾਰ/ਨੌਕਰ/ਪੇਇੰਗ ਗੈਸਟ ਆਦਿ ਕਈ ਵਾਰ ਨਸ਼ੇ, ਅਸਮਾਜਿਕ ਅਤੇ ਅਪਰਾਧਿਕ ਪਿਛੋਕੜ ਦੇ ਹੁੰਦੇ ਹਨ ਅਤੇ ਕਿਰਾਏ ਵਾਲੇ ਮਕਾਨਾਂ ਅਤੇ ਪਬਲਿਕ ਸਥਾਨਾਂ ਤੇ ਹੁੜਦੰਗ ਕਰਦੇ ਰਹਿੰਦੇ ਹਨ, ਜਿਸ ਕਰਕੇ ਅਮਨ ਤੇ ਕਾਨੂੰਨ ਦੀ ਸਥਿੱਤੀ ਵਿਗੜਨ ਦਾ ਡਰ ਹੈ, ਪਰ ਮਕਾਨ ਮਾਲਕਾਂ ਵੱਲੋਂ ਇਨ੍ਹਾਂ ਕਿਰਾਏਦਾਰਾਂ ਦੀ ਸੂਚਨਾ ਪੁਲਿਸ ਪਾਸ ਸਮੇਂ ਸਿਰ ਦਰਜ ਨਹੀਂ ਕਰਵਾਈ ਜਾਂਦੀ ਹੈ। ਇਸ ਤਰਾਂ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਉਕਤ ਹੁਕਮ ਲਾਗੂ ਕੀਤਾ ਗਿਆ ਹੈ। ਇਹ ਹੁਕਮ 24 ਅਕਤੂਬਰ, 2024 ਤੱਕ ਲਾਗੂ ਰਹੇਗਾ।

### ਦੋਪਹੀਆ ਵਾਹਨਾਂ ਦੇ ਸਾਇਲੰਸਰ ਬਦਲਣ ਅਤੇ ਪਟਾਕੇ ਬਜਾਉਣ ਤੇ ਲਗਾਈ ਪਾਬੰਦੀ

ਜ਼ਿਲ੍ਹਾ ਮੈਜਿਸਟ੍ਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਸ਼ੋਰ ਪ੍ਰਦੂਸ਼ਣ ਨੂੰ ਰੋਕਣ ਅਤੇ ਆਮ ਨਾਗਰਿਕਾਂ ਦੀ ਸਿਹਤ ਦੀ ਸੁਰੱਖਿਆ ਦੇ ਲਈ ਦੋਪਹੀਆ ਵਾਹਨਾਂ ਦੇ ਸਾਇਲੰਸਰ ਬਦਲਣ ਅਤੇ ਪਟਾਖੇ ਬਜਾਉਣ ਤੇ ਪੂਰਨ ਤੌਰ ਤੇ ਪਾਬੰਧੀ ਲਗਾ ਦਿੱਤੀ ਹੈ। ਇਹ ਹੁਕਮ ਸਾਇਲੰਸਰ ਬਦਲਣ ਵਾਲੇ ਦੁਕਾਨਦਾਰਾਂ/ਮਕੇਨਿਕਾਂ ਅਤੇ ਪਟਾਖੇ ਬਜਾਉਣ ਵਾਲੇ ਵਾਹਨ ਮਾਲਕਾਂ ਤੇ ਵੀ ਲਾਗੂ ਹੋਣਗੇ। ਇਹ ਹੁਕਮ 27 ਅਕਤੂਬਰ,2024 ਤੱਕ ਲਾਗੂ ਰਹੇਗਾ।

# ਡੀਬੀਯੂ ਦੇ ਚਾਂਸਲਰ ਡਾ ਜ਼ੋਰਾ ਸਿੰਘ ਜਿਉਲਜ਼ ਆਫ਼ ਪੰਜਾਬ ਐਵਾਰਡ ਨਾਲ ਸਨਮਾਨਿਤ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਨੂੰ ਇਹ ਐਲਾਨ ਕਰਦਿਆਂ ਮਾਣ ਮਹਿਸੂਸ ਹੋ ਰਿਹਾ ਹੈ ਕਿ ਚਾਂਸਲਰ ਡਾ: ਜ਼ੋਰਾ ਸਿੰਘ ਅਤੇ ਪ੍ਰੈਜ਼ੀਡੈਂਟ ਡਾ: ਸੰਦੀਪ ਸਿੰਘ ਨੂੰ ਵੱਕਾਰੀ ਜਿਉਲਜ਼ ਆਫ਼ ਪੰਜਾਬ ਐਵਾਰਡ ਨਾਲ ਸਨ-ਮਾਨਿਤ ਕੀਤਾ ਗਿਆ ਹੈ। ਇਹ ਸਨਮਾਨ ਉਨ੍ਹਾਂ ਵਿਅਕਤੀਆਂ ਨੂੰ ਮਾਨਤਾ ਦਿੰਦਾ ਹੈ ਜਿਨ੍ਹਾਂ ਨੇ ਪੰਜਾਬ ਅਤੇ ਇਸ ਤੋਂ ਬਾਹਰ ਦੇ ਸੱਭਿਆਚਾਰਕ, ਵਿਦਿਅਕ ਅਤੇ ਸਮਾਜਿਕ ਕੰਮਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।




ਜਿਉਲਜ਼ ਆਫ਼ ਪੰਜਾਬ ਐਵਾਰਡ ਭਾਰਤ ਸਰਕਾਰ ਦੇ ਸੜਕਾਂ, ਹਾਈਵੇਜ਼ ਅਤੇ ਟਰਾਂਸਪੋਰਟ ਮੰਤਰੀ ਸ੍ਰੀ ਨਿਤਿਨ ਗਡਕਰੀ ਵੱਲੋਂ ਦਿੱਤਾ ਗਿਆ। ਇਹ ਪੁਰਸਕਾਰ ਹਰ ਸਾਲ ਦੈਨਿਕ ਭਾਸਕਰ ਦੁਆਰਾ ਦਿੱਤਾ ਜਾਂਦਾ ਹੈ ਅਤੇ ਇਸ ਸਾਲ, ਚਾਂਸਲਰ ਡਾ ਜ਼ੋਰਾ ਸਿੰਘ ਨੂੰ ਉਹਨਾਂ ਦੀ ਬੇਮਿਸਾਲ ਅਗਵਾਈ, ਅਕਾਦਮਿਕ ਉੱਤਮਤਾ ਪ੍ਰਤੀ ਵਚਨਬੱਧਤਾ ਅਤੇ ਅੰਤਰ-ਸੱਭਿਆਚਾਰਕ ਸਮਝ ਨੂੰ ਉਤਸ਼ਾਹਿਤ ਕਰਨ ਲਈ ਅਣਥੱਕ ਯਤਨਾਂ ਲਈ ਪ੍ਰਦਾਨ ਕੀਤਾ ਗਿਆ ਹੈ। ਚਾਂਸਲਰ ਡਾ ਜ਼ੋਰਾ ਸਿੰਘ ਦੀ ਅਗਵਾਈ ਹੇਠ ਦੇਸ਼ ਭਗਤ ਯੂਨੀਵਰਸਿਟੀ ਨੇ ਖੋਜ ਵਿੱਚ ਤਰੱਕੀ, ਕੈਂਪਸ ਦੀਆਂ ਸਹੂਲਤਾਂ ਵਿੱਚ ਸੁਧਾਰ ਅਤੇ ਵਿਸ਼ਵ ਪੱਧਰ 'ਤੇ ਵਿਦਿਆਰਥੀਆਂ ਅਤੇ ਭਾਈਚਾਰਿਆਂ ਨੂੰ ਲਾਭ ਪਹੁੰਚਾਉਣ ਵਾਲੇ ਪ੍ਰੋਗਰਾਮਾਂ ਸਮੇਤ ਸ਼ਾਨਦਾਰ ਵਿਕਾਸ ਪ੍ਰਾਪਤ ਕੀਤਾ ਹੈ। ਲੀਲਾ ਪੈਲੇਸ ਨਵੀਂ ਦਿੱਲੀ, ਚਾਣਕਿਆਪੁਰੀ ਵਿੱਚ ਕਾਰਵਾਈ ਗਏ ਇਸ ਪੁਰਸਕਾਰ ਸਮਾਰੋਹ ਵਿੱਚ ਪ੍ਰਮੁੱਖ ਸ਼ਖਸੀਅਤਾਂ, ਸਮਾਜ ਦੇ ਨੇਤਾਵਾਂ ਅਤੇ ਮਾਣਯੋਗ ਮਹਿਮਾਨਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਚਾਂਸਲਰ ਡਾ ਜ਼ੋਰਾ ਸਿੰਘ ਨੇ ਡੀ।ਬੀ।ਯੂ। ਕਮਿਊਨਿਟੀ ਦਾ ਧੰਨਵਾਦ ਕਰਦੇ ਹੋਏ, ਸਵੀਕਾਰ ਕੀਤਾ ਕਿ ਸੰਸਥਾ ਦੀ ਸਫਲਤਾ ਇੱਕ ਸਮੂਹਿਕ ਪ੍ਰਾਪਤੀ ਹੈ।

ਡਾਕਟਰ ਜ਼ੋਰਾ ਸਿੰਘ ਨੇ ਕਿਹਾ, "ਇਹ ਸਨਮਾਨ ਸਿਰਫ਼ ਇੱਕ ਨਿੱਜੀ ਮੀਲ ਪੱਥਰ ਨਹੀਂ ਹੈ, ਸਗੋਂ ਸਾਡੇ ਪੂਰੇ ਦੇਸ਼ ਭਗਤ ਯੂਨੀਵਰਸਟੀ ਪਰਿਵਾਰ ਦੇ ਸਮੂਹਿਕ ਯਤਨਾਂ ਦਾ ਪ੍ਰਮਾਣ ਹੈ।ਸਿੱਖਿਆ ਵਿੱਚ ਉੱਤਮਤਾ ਅਤੇ ਨਵੀਨਤਾ ਪ੍ਰਤੀ ਸਾਡੀ ਵਚਨਬੱਧਤਾ ਸਾਨੂੰ ਅੱਗੇ ਵਧਾਉਂਦੀ ਹੈ ਅਤੇ ਮੈਂ ਇਹ ਮਾਨਤਾ ਪ੍ਰਾਪਤ ਕਰਨ ਲਈ ਤਹਿ ਦਿਲੋਂ ਧੰਨਵਾਦੀ ਹਾਂ।"

## ‘ਗ੍ਰੀਨ ਅਰਥ ਕਲੀਨ ਇਨਵਾਇਰਨਮੈਂਟ’ ਮੁਹਿੰਮ ਤਹਿਤ 1000 ਬੂਟੇ ਲਾਏ



**ਜਲੰਧਰ (ਸਤਨਾਮ ਸਿੰਘ ਸਹੂੰਗੜਾ)–** ਵਾਤਾਵਰਣ ਨੂੰ ਸ਼ੁੱਧ ਰੱਖਣ ਦੇ ਉਪਰਾਲਿਆਂ ਵਜੋਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ‘ਗ੍ਰੀਨ ਅਰਥ ਕਲੀਨ ਇਨਵਾਇਰਨਮੈਂਟ’ ਮੁਹਿੰਮ ਤਹਿਤ ਅੱਜ ਡੀ।ਏ।ਵੀ। ਯੂਨੀਵਰਸਿਟੀ ਦੇ ਸਹਿਯੋਗ ਨਾਲ ਇਕ ਹਜ਼ਾਰ ਬੂਟੇ ਲਾਏ ਗਏ। ਇਥੇ ਯੂਨੀਵਰਸਿਟੀ ਕੈਂਪਸ ਵਿੱਚ ਬੂਟੇ ਲਾਉਣ ਉਪਰੰਤ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਮੁੱਖ ਵਾਤਾਵਰਣ ਇੰਜੀਨੀਅਰ ਡਾ। ਕਰੁਨੇਸ਼ ਗਰਗ ਨੇ ਕਿਹਾ ਕਿ ਵਾਤਾਵਰਣ ਦੀ ਸ਼ੁੱਧਤਾ ਤੇ ਸੰਭਾਲ ਲਈ ਰੁੱਖ ਬਹੁਤ ਜ਼ਰੂਰੀ ਹਨ ਕਿਉਂਕਿ ਇਹ ਆਕਸੀਜ਼ਨ ਦਾ ਸਰੋਤ ਹਨ ਅਤੇ ਹਵਾ ਪ੍ਰਦੂਸ਼ਣ ਨੂੰ ਘੱਟ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਚੌਗਿਰਦੇ ਨੂੰ ਪ੍ਰਦੂਸ਼ਣ ਮੁਕਤ ਵੱਧ ਤੋਂ ਵੱਧ ਰੁੱਖ ਲਾ ਕੇ ਹੀ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸਮਾਜ ਵਿੱਚ ਉਦਯੋਗ, ਸੜਕਾਂ ਅਤੇ ਇਮਾਰਤਾਂ ਦਾ ਵਿਕਾਸ ਜ਼ਰੂਰੀ ਹੈ, ਉਸੇ ਤਰ੍ਹਾਂ ਬੂਟੇ ਲਾਉਣਾ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨੀ ਵੀ ਜ਼ਰੂਰੀ ਹੈ। ਸ਼ਹਿਰ ਵਾਸੀਆਂ ਨੂੰ ਮਾਨਸੂਨ ਦੇ ਇਸ ਸੀਜ਼ਨ ਦੌਰਾਨ ਘੱਟ ਤੋਂ ਘੱਟ 4 ਬੂਟੇ ਲਾਉਣ ਦੀ ਅਪੀਲ ਕਰਦਿਆਂ ਡਾ। ਗਰਗ ਨੇ ਕਿਹਾ ਕਿ ਬੂਟੇ ਲਾਉਣ ਲਈ ਇਹ ਮੌਸਮ ਸਭ ਤੋਂ ਵੱਧ ਢੁੱਕਵਾਂ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਨੂੰ ਹਰਿਆ-ਭਰਿਆ ਬਣਾਉਣ ਲਈ ਹਰੇਕ ਸ਼ਹਿਰੀ ਨੂੰ ਬੂਟੇ ਲਾਉਣ ਦੇ ਨਾਲ-ਨਾਲ ਉਨ੍ਹਾਂ ਦੀ ਦੇਖ-ਭਾਲ ਵੀ ਯਕੀਨੀ ਬਣਾਉਣੀ ਚਾਹੀਦੀ ਹੈ। ਉਨ੍ਹਾਂ ਵਾਤਾਵਰਣ ਦੀ ਸੰਭਾਲ ਲਈ ਡੀ।ਏ।ਵੀ। ਯੂਨੀਵਰਸਿਟੀ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਵੀ ਸ਼ਲਾਘਾ ਕੀਤੀ। ਇਸ ਮੌਕੇ ਸੀਨੀਅਰ ਵਾਤਾਵਰਣ ਇੰਜੀਨੀਅਰ ਵਿਜੈ ਕੁਮਾਰ, ਵਾਤਾਵਰਣ ਇੰਜੀਨੀਅਰ ਸੰਦੀਪ ਕੁਮਾਰ, ਇੰਜ. ਸੱਤਿਆਜੀਤ ਅੱਤਰੀ, ਡੀ।ਏ।ਵੀ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਆਦਿ ਵੀ ਮੌਜੂਦ ਸਨ।

## ਵੱਡੇ ਵੱਡੇ ਅੰਦੋਲਨ ਚਲਾਉਣ ਲਈ ਸੰਘਰਸ਼ ਹਮੇਸ਼ਾਂ ਝੁੱਗੀਆ, ਝੌਂਪੜੀਆ ਵਿਚੋਂ ਹੀ ਨਿਕਲਦੇ ਹਨ - ਬੇਗਮਪੁਰਾ ਟਾਈਗਰ ਫੋਰਸ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਬੇਗਮਪੁਰਾ ਟਾਇਗਰ ਫੋਰਸ ਦੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਫੋਰਸ ਦੀ ਇੱਕ ਮੀਟਿੰਗ ਹੋਵੇਗਾ ਬੱਚਿਆਂ ਦੀ ਮੁੱਢਲੀ ਪੜ੍ਹਾਈ ਤੋਂ ਉਚੇਰੀ ਸਿੱਖਿਆ ਤਕ ਖੋਹਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਜਿਸ ਲਈ ਸਾਰੇ ਐਸ ਸੀ ਸਮਾਜ ਨੂੰ ਇਕ ਪਲੇਟਫਾਰਮ ਤੇ ਇਕੱਠੇ ਹੋ ਕੇ ਸੰਵਿਧਾਨਕ ਹੱਕਾਂ ਦੀ ਪ੍ਰਾਪਤੀ ਅਤੇ ਸੰਵਿਧਾਨ ਦੀ ਰੱਖਿਆ ਲਈ



ਫੋਰਸ ਦੇ ਮੁੱਖ ਦਫਤਰ ਮੁਹੱਲਾ ਭਗਤ ਨਗਰ ਹੁਸ਼ਿਆਰਪੁਰ ਵਿਖੇ ਫੋਰਸ ਦੇ ਜਿਲ੍ਹਾ ਪ੍ਰਧਾਨ ਹੈਪੀ ਫ਼ਤਿਹਗੜ੍ਹ ਦੀ ਪ੍ਰਧਾਨਗੀ ਹੇਠ ਹੋਈ । ਮੀਟਿੰਗ ਵਿੱਚ ਧਾਕੜ ਤੇ ਜਾਂਬਜ਼ ਸੂਬਾ ਪ੍ਰਧਾਨ ਬੀਰਪਾਲ ਠਰੋਲੀ ਤੇ ਸੀਨੀਅਰ ਮੀਤ ਪ੍ਰਧਾਨ ਸਤੀਸ਼ ਸ਼ੇਰਗੜ੍ਹ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਮੀਟਿੰਗ ਵਿੱਚ ਬੋਲਦਿਆਂ ਆਗੂਆਂ ਨੇ ਕਿਹਾ ਕਿ ਭਾਰਤ ਦਾ 85 ਫੀਸਦੀ ਐਸ ਸੀ ਸਮਾਜ ਸਦੀਆਂ ਤੋਂ ਹਜਾਰਾਂ ਹੀ ਜਾਤਾਪਾਤਾ ਵਿੱਚ ਵੰਡਿਆ ਹੋਇਆ ਹੈ। ਇਸੇ ਕਰਕੇ ਕੌਮ ਦੇ ਮਹਾਨ ਰਹਿਬਰਾਂ ਬਾਬੂ ਮੰਗੂ ਰਾਮ ਮੁਗੋਵਾਲੀਆ, ਮਹਾਤਮਾ ਜੋਤੀਬਾ ਫੂਲੇ, ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ, ਬਾਬੂ ਕਾਂਸ਼ੀ ਰਾਮ ਵਲੋਂ ਸਮੇਂ ਸਮੇਂ ਤੇ ਸ਼ੁਰੂ ਕੀਤੇ ਅੰਦੋਲਨ ਮੰਜਿਲ ਤੇ ਪਹੁੰਚਣ ਤੋਂ ਪਹਿਲਾਂ ਹੀ ਵਿਖਰਦੇ ਰਹੇ। ਉਹਨਾਂ ਕਿਹਾ ਕਿ ਇਸ ਵਿੱਚ ਕੋਈ ਨਿਰਸੰਦੇਹ ਜਾਂ ਸ਼ੱਕ ਨਹੀਂ ਹੈ ਕਿ ਕੌਮ ਦੇ ਰਹਿਬਰਾਂ ਵਲੋਂ ਵਿੱਢੇ ਵੱਡੇ ਵੱਡੇ ਸ਼ੰਘਰਸ਼ਾਂ ਨੂੰ ਖੇਰੂ ਖੇਰੂ ਕਰਨ ਲਈ ਆਪਣੇ ਹੀ ਸਮਾਜ ਦੇ ਕੁੱਝ ਕੁ ਲਾਲਚੀ ਤੇ ਸਵਾਰਥੀ ਲੋਕਾਂ ਦਾ ਵੱਡਾ ਯੋਗਦਾਨ ਰਿਹਾ ਹੈ ਪਰ ਅੱਜ ਵੀ ਸਮਾਜ ਦੇ ਹਿਤਾਂ ਲਈ ਲੜਨ ਵਾਲੇ ਪੜੇ ਲਿਖੇ ਬੁੱਧੀਜੀਵੀ ਯੋਧੇ ਆਪਣਾ ਫਰਜ ਨਿਭਾ ਰਹੇ ਹਨ। ਉਨਾਂ ਕਿਹਾ ਆਉਣ ਵਾਲਾ ਸਮਾਂ ਐਸਸੀ ਸਮਾਜ ਲਈ ਬਹੁਤ ਹੀ ਜਿਆਦਾ ਚਣੌਤੀਆਂ ਦੇ ਨਾਲ ਭਰਿਆ ਹੋਵੇਗਾ ... ਇਕ ਸਾਂਝਾ ਸੰਘਰਸ਼ ਆਰੰਭ ਕਰਨਾ ਚਾਹੀਦਾ ਹੈ। ਰਾਖਵੇਂਕਰਨ ਦੇ ਮੁੱਦੇ ਤੇ ਉਹਨਾਂ ਕਿਹਾ ਕਿ ਜਿਹੜੇ ਐਮ ਐਲ ਏ, ਮੈਂਬਰ ਪਾਰਲੀਮੈਂਟ ਜਾਂ ਉੱਚੇ ਉੱਚੇ ਅਹੁਦਿਆਂ ਤੇ ਬੈਠੈ ਅਨੁਸੂਚਿਤ ਜਾਤੀ, ਪੱਛੜੇ ਵਰਗ ਦੇ ਮੁਲਾਜ਼ਮਾਂ ਨੇ ਰਾਖਵੇਂਕਰਨ ਦਾ ਬਾਰ ਬਾਰ ਲਾਭ ਲਿਆ ਹੈ, ਉਹ ਰਾਖਵੇਂਕਰਨ ਲਈ ਅੰਦੋਲਨ ਵਾਸਤੇ ਸੜਕਾਂ ਤੇ ਨਹੀਂ ਉਤਰਦੇ, ਬਲਕਿ ਬੇਰੁਜ਼ਗਾਰ ਨੌਜਵਾਨ ਜਾਂ ਦਿਹਾੜੀਦਾਰ ਮਜਦੂਰ ਹੀ ਸੜਕਾਂ ਤੇ ਸੰਘਰਸ਼ ਕਰ ਰਹੇ ਹਨ ਅਤੇ ਪੁਲਿਸ ਦੀਆਂ ਲਾਠੀਆਂ ਖਾ ਰਹੇ ਹਨ। ਕਿਓਂਕਿ ਅੰਦੋਲਨ ਚਲਾਉਣ ਲਈ ਸੰਘਰਸ਼ ਹਮੇਸ਼ਾਂ ਝੁੱਗੀ ਝੌਂਪੜੀ ਵਿਚੋਂ ਨਿਕਲਦੇ ਹਨ। ਉਹਨਾਂ ਕਿਹਾ ਕਿ ਅਨੁਸੂਚਿਤ ਜਾਤੀ ਅਤੇ ਪੱਛੜੇ ਵਰਗਾਂ ਨੂੰ ਇਕ ਦੂਜੇ ਦਾ ਵਿਰੋਧ ਛੱਡਕੇ ਇਕ ਪਲੇਟਫਾਰਮ ਤੇ ਇਕੱਠੇ ਹੋ ਕੇ ਸਮਾਜ ਦੇ ਹਿੱਤਾਂ ਲਈ ਸਾਂਝੀ ਲੜਾਈ ਲੜਨੀ ਚਾਹੀਦੀ ਹੈ ਤਾਂ ਕਿ ਪੜਾਈ ਦੇ ਨਾਲ ਨਾਲ ਨੌਕਰੀਆਂ ਵਿਚ ਵੀ ਆਉਣ ਵਾਲੀਆਂ ਨਸਲਾਂ ਨੂੰ ਬਣਦਾ ਹੱਕ ਮਿਲ ਸਕੇ। ਅੰਤ ਵਿੱਚ ਉਨਾਂ ਕਿਹਾ ਕਿ ਬੇਗਮਪੁਰਾ ਟਾਈਗਰ ਫੋਰਸ ਵਿੱਚੋਂ ਕੱਢੇ ਹੋਏ ਕੁਝ ਸ਼ਰਾਰਤੀ ਅਨਸਰ ਸਰਕਾਰੇ ਦਰਬਾਰੇ ਅਤੇ ਲੋਕਾਂ ਨੂੰ ਬੇਗਮਪੁਰਾ ਟਾਈਗਰ ਫੋਰਸ ਦੇ ਨਾਂ ਤੇ ਗੁਮਰਾਹ ਕਰ ਰਹੇ ਹਨ। ਜਦਕਿ ਬੇਗਮਪੁਰਾ ਟਾਇਗਰ ਫੋਰਸ ਇਕ ਰਜਿ। ਜਥੇਬੰਦੀ ਹੈ। ਇਸ ਕਰਕੇ ਇਹੋ ਜਿਹੇ ਸ਼ਰਾਰਤੀ ਅਨਸਰਾਂ ਤੋਂ ਬਚਣ ਦੀ ਜਰੂਰਤ ਹੈ। ਉਹਨਾਂ ਕਿਹਾ ਕਿ ਇਹਨਾਂ ਲੋਕਾਂ ਦਾ ਬੇਗਮਪੁਰਾ ਟਾਈਗਰ ਫੋਰਸ ਨਾਲ ਦੂਰ ਦਾ ਵਾਸਤਾ ਵੀ ਨਹੀਂ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜ ਕੁਮਾਰ ਬੱਧਣ, ਨਾਰਾ, ਸਨੀ ਸੀਣਾ, ਭਿੰਦਾ ਸੀਣਾ, ਬੰਟੀ ਬਸੀ ਵਾਹਦ, ਜੱਸਾ ਸਿੰਘ ਨੰਦਨ, ਹਰਭਜਨ ਸਰੋਆ, ਰਾਹੁਲ ਡਾਡਾ, ਅਮਨਦੀਪ, ਮੁਨੀਸ਼, ਚਰਨਜੀਤ ਡਾਡਾ, ਕਮਲਜੀਤ ਡਾਡਾ, ਰਾਮ ਜੀ, ਦਵਿੰਦਰ ਕੁਮਾਰ, ਪੰਮਾ ਡਾਡਾ, ਗੋਗਾ ਮਾਂਝੀ, ਅਮਨਦੀਪ ਸਿੰਘ, ਮਨੀਸ਼ ਕੁਮਾਰ, ਚਰਨਜੀਤ ਸਿੰਘ , ਕਮਲਜੀਤ ਸਿੰਘ, ਗਿਆਨ ਚੰਦ, ਸ਼ੇਰਾ ਸਿੰਘ, ਦਵਿੰਦਰ ਕੁਮਾਰ, ਮੰਗਾ ਸ਼ੇਰਗੜ੍ਹ, ਬਲਵਿੰਦਰ ਸਿੰਘ, ਲਾਡੀ ਸ਼ੇਰਗੜ੍ਹ, ਸੋਨੂੰ ਬੰਗਲਾ ਛਾਉਣੀ ਅਨਮੋਲ ਮਾਝੀ, ਰਵਿ ਸੁੰਦਰ ਨਗਰ, ਬਾਲੀ ਫਤਿਹਗੜ੍ਹ, ਦਿਲਬਾਗ ਫਤਿਹਗੜ੍ਹ, ਅਜੇ ਬਸੀ ਜਾਨਾ ਆਦਿ ਹਾਜ਼ਰ ਸਨ।

## ਸੀਬਾ ਸਕੂਲ 'ਚ ਨੁੱਕੜ ਨਾਟਕ 'ਮਾਤਾ ਧਰਤਿ ਮਹਤੁ' ਦਾ ਮੰਚਨ



**ਲਹਿਰਾਗਾਗਾ, (ਦਲਜੀਤ ਕੌਰ)–** ਸੀਬਾ ਇੰਟਰਨੈਸ਼ਨਲ ਪਬਲਿਕ ਸਕੂਲ, ਲਹਿਰਾਗਾਗਾ ਦੇ ਅੰਮ੍ਰਿਤਾ ਯਾਦਗਾਰੀ ਓਪਨ ਥਿਏਟਰ ਵਿੱਚ ਪੀਪਲਜ਼ ਆਰਟ ਗਰੁੱਪ, ਪਟਿਆਲਾ ਵੱਲੋਂ ਸੱਤਪਾਲ ਬੰਗਾਂ ਦੀ ਨਿਰਦੇਸ਼ਨਾ ਹੇਠ ਪਾਣੀ ਦੀ ਸੰਭਾਲ ਅਤੇ ਨਸ਼ਿਆਂ ਦੇ ਮਾਰੂ ਪ੍ਰਭਾਵ ਤੋਂ ਜਾਣੂ ਕਰਵਾਉਂਦੇ ਨੁੱਕੜ ਨਾਟਕ 'ਮਾਤਾ ਧਰਤਿ ਮਹਤੁ' ਦਾ ਸਫ਼ਲ ਮੰਚਨ ਕੀਤਾ ਗਿਆ।

ਵਿਦਿਆਰਥੀਆਂ ਨੇ ਬੜੀ ਨੀਝ ਨਾਲ ਨਾਟਕ ਵੇਖਿਆ। ਨਾਟਕ ਉਪਰੰਤ ਵਿਦਿਆਰਥੀਆਂ ਨਾਲ ਸੰਵਾਦ ਰਚਾਉਂਦਿਆਂ ਉਹਨਾਂ ਕਿਹਾ ਕਿ ਪੰਜਾਬ ਅੱਜ ਅਨੇਕਾਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਇਹਨਾਂ ਸਮੱਸਿਆਵਾਂ ਤੋਂ ਮੁਕਤੀ ਲਈ ਨਵੀਂ ਪੀੜ੍ਹੀ ਦਾ ਨਰੋਏ ਵਿਚਾਰਾਂ ਨਾਲ ਜੁੜਨਾ ਬਹੁਤ ਜਰੂਰੀ ਹੈ। ਉਹਨਾਂ ਵਿਦਿਆਰਥੀਆਂ ਨੂੰ ਅਗਾਂਹਵਧੂ ਸਾਹਿਤ ਨਾਲ ਜੁੜਨ ਲਈ ਵੀ ਪ੍ਰੇਰਿਆ।

****

# ਜਰਖੜ ਹਾਕੀ ਅਕੈਡਮੀ ਨੇ ਹਾਕੀ ਦੇ ਜਾਦੂਗਰ ਧਿਆਨ ਚੰਦ ਦਾ ਜਨਮ ਦਿਨ ਮਨਾਇਆ

## ਸਰੀਂਹ ਜਲੰਧਰ ਅਤੇ ਜਰਖੜ ਅਕੈਡਮੀ ਵਿਚਕਾਰ ਖੇਡਿਆ ਗਿਆ ਪ੍ਰਦਰਸ਼ਨੀ ਮੈਚ, ਜੇਤੂ ਬੱਚੇ ਕੀਤੇ ਸਨਮਾਨਿਤ






ਮਾਤਾ ਸਾਹਿਬ ਕੌਰ ਹਾਕੀ ਅਕੈਡਮੀ ਜਰਖੜ ਨੇ ਹਾਕੀ ਦੇ ਜਾਦੂਗਰ ਧਿਆਨ ਚੰਦ ਦਾ ਜਨਮਦਿਨ ਖੇਡ ਭਾਵਨਾ ਦੇ ਸ਼ਰਧਾ ਅਤੇ ਸਤਿਕਾਰ ਦੇ ਨਾਲ ਮਨਾਇਆ ਗਿਆ। ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਪ੍ਰਬੰਧਕਾਂ ਅਤੇ ਪ੍ਰਿੰਸੀਪਲ ਹਰਦੇਵ ਸਿੰਘ ਜਰਖੜ ਸਕੂਲ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਅਤੇ ਚੇਅਰਮੈਨ ਪਲਵਿੰਦਰ ਸਿੰਘ ਬਿੱਲੂ ਆਦਿ ਸਮੂਹ ਖਿਡਾਰੀਆਂ ਅਤੇ ਪ੍ਰਬੰਧਕਾਂ ਨੇ ਹਾਕੀ ਤੇ ਯਾਦੂਗਰ ਧਿਆਨ ਚੰਦ ਦੇ ਆਦਮਕੱਦ ਬੁੱਤ ਉੱਤੇ ਫੁੱਲ ਮਾਲਾ ਭੇਟ ਕਰਕੇ ਉਹਨਾਂ ਨੂੰ ਉਹਨਾਂ ਨੂੰ ਯਾਦ ਕੀਤਾ ਅਤੇ ਇੱਕ ਸਾਂਝੀ ਤਸਵੀਰ ਕਰਾਈ।

ਇਸ ਮੌਕੇ ਪ੍ਰਿੰਸੀਪਲ ਹਰਦੇਵ ਸਿੰਘ ਅਤੇ ਜਗਰੂਪ ਸਿੰਘ ਜਰਖੜ ਨੇ ਬੱਚਿਆਂ ਨੂੰ ਹਾਕੀ ਦੇ ਜਾਦੂਗਰ ਧਿਆਨ ਚੰਦ ਦੀਆਂ ਅਹਿਮ ਪ੍ਰਾਪਤੀਆਂ ਉਹਨਾਂ ਦੀ ਜ਼ਿੰਦਗੀ ਜੀ ਘਾਲਣਾ ਬਾਰੇ ਜਾਗਰੂਕ ਕਰਾਉਂਦਿਆਂ ਬੱਚਿਆਂ ਨੂੰ ਉਹਨਾਂ ਵਰਗੇ ਮਹਾਨ ਖਿਡਾਰੀ ਬਣਨ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਚੇਅਰਮੈਨ ਪਲਵਿੰਦਰ ਸਿੰਘ ਬਿੱਲੂ ਅਤੇ ਮਾਸਟਰਜ ਹਾਕੀ ਐਸੋਸੀਏਸ਼ਨ ਪੰਜਾਬ ਦੇ ਪ੍ਰਮੁੱਖ ਅਹੁਦੇਦਾਰਾਂ ਨੇ ਜਰਖੜ ਖੇਡ ਸਟੇਡੀਅਮ ਨਾਲ ਆਪਣੀਆਂ ਜੁ-ੜੀਆਂ ਪੁਰਾਣੀਆਂ ਯਾਦਾਂ ਨੂੰ ਸਾਂਝਾ ਕੀਤਾ ਅਤੇ ਮਹਾਨ ਖਿਡਾਰੀ ਧਿਆਨ ਚੰਦ ਨੂੰ ਸਿਜਦਾ ਕੀਤਾ ਅਤੇ ਇਸ ਮੌਕੇ ਉਹਨਾਂ ਨੇ ਮੁੱਕੇਬਾਜ਼ੀ ਵਿੱਚ ਜ਼ਿਲ੍ਹਾ ਪੱਧਰੀ ਸਕੂਲ ਚੈਂਪੀਅਨ ਵਿੱਚ ਜਰਖੜ ਅਕੈਡਮੀ ਦੇ 11 ਜੇਤੂ ਖਿਡਾਰੀਆਂ ਨੂੰ ਕੀਮਤੀ ਤੋਹਫਿਆਂ ਨਾਲ ਸਨਮਾਨਿਤ ਕੀਤਾ ਗਿਆ ਅਤੇ ਭਵਿੱਖ ਵਿੱਚ ਕਾਮਯਾਬ ਰਹਿਣ ਦੀਆਂ ਸ਼ੁਭਕਾਮਨਾਵਾਂ ਦਿੱਤੀਆ। ਇਸ ਮੌਕੇ ਕੋਚ ਗੁਰ ਸਤਿੰਦਰ ਸਿੰਘ ਪ੍ਰਗਟ, ਪਰਮਜੀਤ ਸਿੰਘ ਗਰੇਵਾਲ, ਗੁਰਤੇਜ ਸਿੰਘ ਬੋੜਹਾਈ, ਗੁਰਮੁਖ ਸਿੰਘ, ਸਰੀਂਹ,ਸੁਖਬੀਰ ਸਿੰਘ, ਨਰਿੰਦਰ ਸਿੰਘ ਨਿੰਦਾ , ਕਿਰਪਾਲ ਸਿੰਘ ਲੋਕਪ੍ਰੀਤ ਸਿੰਘ, ਕੁਲਵਿੰਦਰ ਸਿੰਘ ਬਿੱਲਾ, ਪਵਨਪ੍ਰੀਤ ਸਿੰਘ ਡੰਗੋਰਾਂ, ਆਦ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਬਿਜਲੀ ਕਾਮੇ 1 ਸਤੰਬਰ ਨੂੰ ਬਿਜਲੀ ਮੰਤਰੀ ਦੀ ਰਹਾਇਸ਼ ਤੇ ਦੇਣਗੇ ਰੋਸ ਧਰਨਾ - ਮਜਾਰੀ, ਗੰਡੀਵਿੰਡ



**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)–** ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੇ ਮੁਲਾਜ਼ਮ ਮੰਗਾਂ ਪ੍ਰਤੀ ਟਾਲ - ਮਟੋਲ ਅਤੇ ਗੈਰ ਜ਼ਿੰਮੇਵਰਾਨਾਂ ਰਵੱਈਏ ਖਿਲਾਫ਼ ਬਿਜਲੀ ਕਾਮਿਆਂ ਦੀ ਪ੍ਰਤੀਨਿਧਤਾ ਕਰ ਰਹੇ ਦੋ ਫਰੰਟਾਂ ਸਾਂਝਾ ਫੋਰਮ ਅਤੇ ਏਕਤਾ ਮੰਚ ਦੇ ਸੂਬਾਈ ਅਹੁੱਦੇਦਾਰਾਂ ਦੀ ਸਥਾਨਿਕ ਸ਼ਹੀਦ ਕਰਨੈਲ ਸਿੰਘ ਈਸੜੂ ਯਾਦਗਾਰੀ ਭਵਨ ਵਿਖੇ ਭਰਵੀਂ ਮੀਟਿੰਗ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੇ ਮੁਲਾਜ਼ਮ ਮੰਗਾਂ ਪ੍ਰਤੀ ਧਾਰਨ ਕੀਤੇ ਵਤੀਰੇ ਖਿਲਾਫ਼ 21 ਅਗਸਤ ਤੋਂ ਚਲ ਰਹੇ ਸੰਘਰਸ਼ ਦਾ ਰੀਵਿਊ ਕਰਨ ਅਤੇ ਅਗਲੇ ਤਿੱਖੇ ਸੰਘਰਸ਼ ਦੀ ਤਿਆਰੀ ਦਾ ਏਜੰਡਾ ਸਾਂਝਾ ਫੋਰਮ ਦੇ ਸਕੱਤਰ ਹਰਪਾਲ ਸਿੰਘ ਅਤੇ ਏਕਤਾ ਮੰਚ ਦੇ ਸਕੱਤਰ ਗੁਰਵੇਲ ਸਿੰਘ ਬੱਲਪੁਰੀਆ ਨੇ ਪੇਸ਼ ਕੀਤਾ। ਜਿਸ ਤੇ ਚਰਚਾ ਕਰਦੇ ਹੋਏ ਮੀਟਿੰਗ ਵਿੱਚ ਹਾਜ਼ਰ ਸਾਂਝਾ ਫੋਰਮ ਅਤੇ ਏਕਤਾ ਮੰਚ ਦੇ ਆਗੂਆਂ ਬਲਦੇਵ ਸਿੰਘ ਮੰਢਾਲੀ, ਕੁਲਵਿੰਦਰ ਸਿੰਘ ਢਿੱਲੋਂ, ਦਵਿੰਦਰ ਸਿੰਘ ਪਿਸ਼ੋਰ, ਸਰਬਜੀਤ ਸਿੰਘ ਭਾਣਾ, ਰਣਜੀਤ ਸਿੰਘ ਢਿੱਲੋਂ, ਸਰਿੰਦਰਪਾਲ ਸਿੰਘ ਲਹੌਰੀਆ, ਕੌਰ ਸਿੰਘ ਸੋਹੀ, ਬਲਜੀਤ ਸਿੰਘ ਮੋਦਲਾ, ਜਗਜੀਤ ਸਿੰਘ ਕੋਟਲੀ, ਪੂਰਨ ਸਿੰਘ, ਖਾਈ, ਹਰਮਨਦੀਪ, ਰਘਬੀਰ ਸਿੰਘ, ਜਗਤਾਰ ਸਿੰਘ, ਤਜਿੰਦਰ ਸਿੰਘ ਸੇਖੋਂ, ਦਲੀਪ ਕੁਮਾਰ, ਰਛਪਾਲ ਸਿੰਘ ਪਾਲੀ ਆਦਿ ਨੇ ਕਿਹਾ ਕਿ 31 ਜੁਲਾਈ ਨੂੰ ਮਾਣਯੋਗ ਬਿਜਲੀ ਮੰਤਰੀ ਦੀ ਪ੍ਰਧਾਨਗੀ ਹੇਠ ਪਾਵਰ ਮੈਨੇਜਮੈਂਟ ਵੱਲੋ ਸਾਂਝਾ ਫੋਰਮ ਅਤੇ ਏਕਤਾ ਮੰਚ ਦੀ ਲੀਡਰਸ਼ਿਪ ਨਾਲ ਚੰਡੀਗੜ੍ਹ ਵਿਖੇ ਮੀਟਿੰਗ ਕਰਕੇ ਬਿਜਲੀ ਹਾਦਸੇ ਨਾਲ ਕਾਮੇ ਦੀ ਮੌਤ ਹੋ ਜਾਣ ਤੇ ਪੀੜਤ ਪਰਿਵਾਰ ਨੂੰ ਇਕ ਕਰੋੜ ਦੀ ਰਾਸ਼ੀ ਮੁਆਵਜ਼ਾ ਦੇਣ ਤੋਂ ਇਲਾਵਾ ਸ਼ਹੀਦ ਦਾ ਦਰਜਾ ਦੇਣ ਸਮੇਤ ਬਹੁਤ ਸਾਰੀਆਂ ਮੁਲਾਜ਼ਮ ਮੰਗਾਂ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ 15 ਅਗਸਤ ਤੱਕ ਲਾਗੂ ਕਰਨ ਦਾ ਵਾਅਦਾ ਕੀਤਾ ਸੀ। ਪਰ ਬਹੁਤ ਅਫਸੋਸ ਦੀ ਗੱਲ ਹੈ ਕਿ ਅੱਜ ਤੱਕ ਇਕ ਵੀ ਮੰਗ ਦਾ ਨਿਪਟਾਰਾ ਨਹੀਂ ਕੀਤਾ ਗਿਆ। ਬਿਜਲੀ ਮੰਤਰੀ ਅਤੇ ਪਾਵਰ ਮੈਨੇਜਮੈਂਟ ਦੀ ਵਾਅਦਾ ਖਿਲਾਫ਼ੀ ਅਤੇ ਮੁਲਾਜ਼ਮ ਵਿਰੋਧੀ ਵਤੀਰੇ ਖਿਲਾਫ 21 ਅਗਸਤ ਤੋਂ ਚਲ ਰਹੇ ਸੰਘਰਸ਼ ਦੀ ਕੜੀ ਵਜੋਂ 1 ਸਤੰਬਰ ਨੂੰ ਬਿਜਲੀ ਮੰਤਰੀ ਦੀ ਰਹਾਇਸ਼ ਨਿਊ ਅੰਮ੍ਰਿਤਸਰ ਵਿਖੇ ਦਿੱਤੇ ਜਾ ਰਹੇ ਰੋਸ ਧਰਨੇ ਅਤੇ ਝੰਡਾ ਮਾਰਚ ਨੂੰ ਕਾਮਯਾਬ ਕਰਨ ਤੋਂ ਇਲਾਵਾ ਬਿਜਲੀ ਕਾਮੇ ਫੀਲਡ ਵਿੱਚ ਵਰਕ ਟੂ ਰੂਲ ਕੰਮ ਕਰਦੇ ਹੋਏ 30 ਸਤੰਬਰ ਤੱਕ 8 ਘੰਟੇ ਦੀ ਬਣਦੀ ਡਿਊਟੀ ਕਰਦਿਆਂ 10 , 11 ਅਤੇ 12 ਸਤੰਬਰ ਨੂੰ ਸਮੂਹਿਕ ਛੁੱਟੀ ਲੈ ਕੇ ਸੂਬਾ ਪੱਧਰ ਤੇ ਡਵੀਜ਼ਨ ਦਫਤਰਾਂ ਅੱਗੇ ਰੋਸ ਪ੍ਰਦਰਸ਼ਨ ਕਰਨਗੇ । ਆਗੂਆਂ ਨੇ ਸਖ਼ਤ ਲਹਿਜੇ ਵਿੱਚ ਕਿਹਾ ਕਿ ਸੰਘਰਸ਼ ਤੋਂ ਨਿਕਲੇ ਸਿਟਿਆਂ ਦੀ ਜ਼ਿੰਮੇਵਾਰੀ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੀ ਹੋਵੇਗੀ।

ਸਾਂਝਾ ਫੋਰਮ ਅਤੇ ਏਕਤਾ ਮੰਚ ਦੇ ਆਗੂਆਂ ਨੇ ਵਿਭਾਗ ਵਿੱਚ ਕੰਮ ਕਰ ਰਹੀਆਂ ਭਰਾਤਰੀ ਜਥੇਬੰਦੀਆਂ ਅਤੇ ਪੈਨਸ਼ਨਰ ਜਥੇਬੰਦੀਆਂ ਨੂੰ 1 ਸਤੰਬਰ ਦੇ ਬਿਜਲੀ ਮੰਤਰੀ ਦੀ ਰਹਾਇਸ਼ ਤੇ ਦਿੱਤੇ ਜਾ ਰਹੇ ਰੋਸ ਧਰਨੇ ਵਿੱਚ ਪਹੁੰਚਣ ਸਮੇਤ ਚਲ ਰਹੇ ਸੰਘਰਸ਼ ਦੀ ਹਮਾਇਤ ਕਰਨ ਦੀ ਜੋਰਦਾਰ ਅਪੀਲ ਕੀਤੀ ਹੈ।

****

# ਆਮ ਆਦਮੀ ਪਾਰਟੀ ਦੀ ਬਲਾਕ ਕਮੇਟੀ ਨੇ ਲਿਆ ਅਹਿਮ ਫੈਸਲਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਚੱਬੇਵਾਲ ਵਿਧਾਨ ਸਭਾ ਹਲਕੇ ਦੀ ਹੋਣ ਜਾ ਰਹੀ ਜ਼ਿਮਨੀ ਚੋਣ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਇਸ ਸਬੰਧੀ ਅੱਜ ਆਮ ਆਦਮੀ ਪਾਰਟੀ ਦੀ ਬਲਾਕ ਕਮੇਟੀ ਦੀ ਇੱਕ ਅਹਿਮ ਮੀਟਿੰਗ ਹੋਈ ਜਿਸ ਵਿੱਚ ਸੀਨੀਅਰ ਆਗੂ ਐਮ।ਪੀ ਡਾ।ਰਾਜਕੁਮਾਰ ਚੱਬੇਵਾਲ ਅਤੇ ਪਾਰਟੀ ਦੇ ਬਲਾਕ ਪ੍ਰਧਾਨ ਡਾ।ਇਸ਼ਾਂਕ ਅਤੇ ਵਰਕਰ ਵੀ ਹਾਜ਼ਰ ਸਨ। ਸੰਸਦ ਮੈਂਬਰ ਡਾ: ਰਾਜਕੁਮਾਰ ਚੱਬੇਵਾਲ ਨੇ ਕਿਹਾ ਕਿ ਪਾਰਟੀ ਦੀ ਮਜ਼ਬੂਤੀ ਲਈ ਸਾਰੇ ਕੋਰ ਕਮੇਟੀ



ਮੈਂਬਰਾਂ, ਬਲਾਕ ਪ੍ਰਧਾਨਾਂ ਅਤੇ ਵਰਕਰਾਂ ਨੇ ਸਖ਼ਤ ਮਿਹਨਤ ਕੀਤੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵਿਚ ਹਰ ਕਿਸੇ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਮੀਟਿੰਗ ਦਾ ਮੁੱਖ ਮੰਤਵ ਜ਼ਿਮਨੀ ਚੋਣ ਲਈ ਰਣਨੀਤੀ ਤੈਅ ਕਰਨਾ ਸੀ। ਜਿਸ ਵਿੱਚ ਸਾਰੇ ਵਰਕਰਾਂ ਨੇ ਇੱਕਜੁੱਟ ਹੋ ਕੇ ਪਾਰਟੀ ਉਮੀਦਵਾਰ ਦੀ ਜਿੱਤ ਯਕੀਨੀ ਬਣਾਉਣ ਦਾ ਅਹਿਦ ਲਿਆ ਕਿ ਪਾਰਟੀ ਹਾਈਕਮਾਂਡ ਕਿਸੇ ਵੀ ਉਮੀਦਵਾਰ ਨੂੰ ਟਿਕਟ ਦੇਵੇ ਲਈ ਸਮੁੱਚੀ ਜਥੇਬੰਦੀ ਉਸ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀ ਰਹੇਗੀ। ਬਲਾਕ ਸਮਿਤੀ ਮੈਂਬਰਾਂ ਨੇ ਇਸ ਚੋਣ ਵਿੱਚ ਪਾਰਟੀ ਏਕਤਾ ਅਤੇ ਅਨੁਸ਼ਾਸਨ ਨੂੰ ਪਹਿਲ ਦੇਣ ਦੀ ਹਾਮੀ ਭਰੀ। ਉਨ੍ਹਾਂ ਸਪੱਸ਼ਟ ਕੀਤਾ ਕਿ ਨਿੱਜੀ ਖਾਹਿਸ਼ਾਂ ਨੂੰ ਪਾਸੇ ਰੱਖ ਕੇ ਪਾਰਟੀ ਦੇ ਫੈਸਲੇ ਦਾ ਸਤਿਕਾਰ ਕੀਤਾ ਜਾਵੇਗਾ ਅਤੇ ਜਥੇਬੰਦੀ ਦੀ ਜਿੱਤ ਪੂਰੀ ਤਾਕਤ ਨਾਲ ਯਕੀਨੀ ਬਣਾਈ ਜਾਵੇਗੀ। ਸਮੂਹ ਵਰਕਰਾਂ ਨੇ ਭਰੋਸਾ ਦਿਵਾਇਆ ਕਿ ਉਹ ਪਾਰਟੀ ਦੀਆਂ ਹਦਾਇਤਾਂ ਦੀ ਪੂਰੀ ਇਮਾਨਦਾਰੀ ਅਤੇ ਇਮਾਨਦਾਰੀ ਨਾਲ ਪਾਲਣਾ ਕਰਨਗੇ ਅਤੇ ਵੋਟਰਾਂ ਨਾਲ ਆਪਣੇ ਚੰਗੇ ਸਬੰਧ ਬਣਾਏ ਰੱਖਣਗੇ। ਮੀਟਿੰਗ ਵਿੱਚ ਬਲਾਕ ਪ੍ਰਧਾਨਾਂ ਨੇ ਦੱਸਿਆ ਕਿ ਸੰਸਦ ਮੈਂਬਰ ਡਾ: ਰਾਜ ਕੁਮਾਰ ਚੱਬੇਵਾਲ ਵੱਲੋਂ ਚਾਰਜ ਸੰਭਾਲਣ ਤੋਂ ਬਾਅਦ ਚੱਬੇਵਾਲ ਵਿਧਾਨ ਸਭਾ ਹਲਕੇ ਵਿੱਚ ਪਿਛਲੇ ਤਿੰਨ ਮਹੀਨਿਆਂ ਦੌਰਾਨ 45 ਕਰੋੜ ਰੁਪਏ ਦੇ ਵਿਕਾਸ ਕਾਰਜ ਸ਼ੁਰੂ ਕਰਵਾਏ ਗਏ ਹਨ। ਇਨ੍ਹਾਂ ਪ੍ਰਾਜੈਕਟਾਂ ਵਿੱਚ ਲੋੜਵੰਦ ਪਰਿਵਾਰਾਂ ਨੂੰ 6 ਕਰੋੜ 96 ਲੱਖ ਰੁਪਏ ਦੇ ਚੈੱਕ ਵੰਡੇ ਗਏ ਹਨ, ਜੋ ਘਰਾਂ ਦੀ ਮੁਰੰਮਤ ਲਈ ਹਨ। ਇਸ ਤੋਂ ਇਲਾਵਾ 2 ਕਰੋੜ ਰੁਪਏ ਦੀ ਰਾਸ਼ੀ ਵੀ ਮਨਜ਼ੂਰ ਕੀਤੀ ਗਈ ਹੈ, ਜੋ ਜਲਦੀ ਹੀ ਲੋੜਵੰਦ ਪਰਿਵਾਰਾਂ ਨੂੰ ਸੌਂਪ ਦਿੱਤੀ ਜਾਵੇਗੀ। ਕਮੇਟੀ ਨੇ ਹਾਈਕਮਾਂਡ ਨੂੰ ਉਮੀਦਵਾਰ ਚੋਣ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਬਰਕਰਾਰ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਸੁਝਾਅ ਦਿੱਤਾ ਕਿ ਉਮੀਦਵਾਰ ਦੀ ਚੋਣ ਕਰਦੇ ਸਮੇਂ ਉਸ ਦੀ ਲੋਕਪ੍ਰਿਅਤਾ ਅਤੇ ਜਨ ਸੰਪਰਕ ਯੋਗਤਾ ਨੂੰ ਪਹਿਲ ਦਿੱਤੀ ਜਾਵੇ, ਤਾਂ ਜੋ ਖੇਤਰ ਵਿਚ ਪਾਰਟੀ ਦੀ ਸਥਿਤੀ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਕਮੇਟੀ ਮੈਂਬਰਾਂ ਨੇ ਇਹ ਵੀ ਅਪੀਲ ਕੀਤੀ ਕਿ ਸਥਾਨਕ ਆਗੂਆਂ ਅਤੇ ਵਰਕਰਾਂ ਦੀ ਰਾਇ ਨੂੰ ਧਿਆਨ ਵਿੱਚ ਰੱਖਿਆ ਜਾਵੇ, ਤਾਂ ਜੋ ਕਿਸੇ ਕਿਸਮ ਦੀ ਨਰਾਜ਼ਗੀ ਅਤੇ ਸਮਰਪਣ ਭਾਵਨਾ ਨਾ ਹੋਵੇ ਅਤੇ ਜਥੇਬੰਦੀ ਵਿੱਚ ਏਕਤਾ ਬਣੀ ਰਹੇ। ਇਸ ਮੌਕੇ ਜਤਿੰਦਰ ਕੁਮਾਰ, ਭੁਪਿੰਦਰ ਸਿੰਘ, ਰਵਜੋਤ ਸਿੰਘ, ਅਮਰੀਕ ਸਿੰਘ, ਅਨੂ ਕੁਮਾਰ, ਬਲਜੀਤ ਸਿੰਘ, ਸੁਰਿੰਦਰ ਸਿੰਘ, ਨੰਬਰਦਾਰ ਗੁਰਬਖਸ਼ ਸਿੰਘ ਤੇ ਵਿੱਕੀ ਆਦਿ ਹਾਜ਼ਰ ਸਨ।

# ਅੰਨਦਾਤਾ ਕਿਸਾਨ ਮਜਦੂਰ ਯੂਨੀਅਨ ਦੀ ਮੀਟਿੰਗ ਵਿੱਚ ਜਥੇਦਾਰ ਨਿਮਾਣਾ ਤੇ ਮੱਖੂ ਦੀ ਅਗਵਾਈ ਹੇਠ ਵੱਡਾ ਫੈਸਲਾ ਲਿਆ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)–** ਅੱਜ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦੇ ਕੌਮੀ ਪ੍ਰਧਾਨ ਜੱਥੇ: ਤਰਨਜੀਤ ਸਿੰਘ ਨਿਮਾਣਾ ਦੀ ਪ੍ਰਧਾਨਗੀ ਹੇਠ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦੀ ਮੀਟਿੰਗ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਨਿਊ ਮਾਡਲ ਟਾਊਨ, ਲੁ-ਧਿਆਣਾ ਵਿਖੇ ਹੋਈ। ਇਸ ਸਮੇਂ ਮੀਟਿੰਗ ਵਿੱਚ ਜਥੇਦਾਰ ਤਰਨ-ਜੀਤ ਸਿੰਘ ਨਿਮ-ਾਣਾ ਕੌਮੀ ਪ੍ਰਧਾਨ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ, ਹਰਪ੍ਰੀਤ ਸਿੰਘ ਮਖੂ ਸੂਬਾ ਪ੍ਰਧਾਨ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਨੇ ਮੀਟਿੰਗ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਕਿਹਾ ਕਿ ਕੰਗਣਾ ਰਣੌਤ ਦੇ ਕਿਸਾਨ ਵਿਰੋਧੀ ਬਿਆਨ ਤੇ ਸਖ਼ਤ ਨਰਾਜ਼ਗੀ ਇਜ਼ਹਾਰ ਕਰਦੇ ਹੋਏ ਮੰਗ ਕੀਤੀ ਗਈ। ਕੰਗਣਾ ਰਣੌਤ ਦੇ ਬਿਆਨ ਸੰਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮਾਫ਼ੀ ਮੰਗਣ। ਕੌਮੀ ਪ੍ਰਧਾਨ ਤਰਨਜੀਤ ਸਿੰਘ ਨਿਮਾਣਾ, ਸੂਬਾ ਪ੍ਰਧਾਨ ਹਰਪ੍ਰੀਤ ਸਿੰਘ ਮਖੂ, ਕੌਮੀ ਪ੍ਰਧਾਨ ਯੂਥ ਵਿੰਗ ਜੁਗਰਾਜ ਸਿੰਘ ਮੰਡ, ਸੁਰਜੀਤ ਸਿੰਘ ਪ੍ਰਧਾਨ ਦੰਗਾ ਪੀੜਤ, ਸਰਪੰਚ ਨਿਰਮਲ ਸਿੰਘ ਬੇਰਕਲਾਂ ਕੌਮੀ ਜਨਰਲ ਸਕੱਤਰ ਨੇ ਐਲਾਨ ਕੀਤਾ ਕਿ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ 2 ਸਤੰਬਰ ਕੰਗਣਾ ਰਣੌਤ ਅਤੇ ਉਸ ਦੀ ਫ਼ਿਲਮ ਐਮਰਜੈਂਸੀ ਦਾ ਮੰਗ ਦੇ ਕੇ ਸਖ਼ਤ ਵਿਰੋਧ ਕੀਤਾ ਜਾਵੇਗਾ। ਪਿਛਲੇ ਦਿਨੀਂ ਕਿਸਾਨ ਆਗੂ ਦਲਜੀਤ ਸਿੰਘ ਡੱਲੇਵਾਲ ਅਤੇ ਤਿੰਨ ਹੋਰ ਕਿਸਾਨ ਆਗੂ ਜੋ ਕਿ ਤਾਮਿਲਨਾਡੂ ਵਿਖੇ ਕਿਸਾਨਾਂ ਦੀ ਕਨਵੈਨਸ਼ਨ ਤੇ ਜਾ ਰਹੇ ਸਨ, ਦਿੱਲੀ ਏਅਰਪੋਰਟ ਤੇ ਅਧਿਕਾਰੀਆਂ ਨੇ ਸ੍ਰੀ ਸਾਹਿਬ ਪਹਿਨੀ ਹੋਣ ਕਰਕੇ ਗੈਰ ਕਾਨੂੰਨੀ ਢੰਗ ਨਾਲ ਰੋਕਣ ਅਤੇ ਉਹਨਾਂ ਦੀਆਂ ਟਿਕਟਾਂ ਰੱਦ ਕਰਨ ਦੀ ਸਖ਼ਤ ਨਿਖੇਧੀ ਕੀਤੀ ਗਈ। ਪੰਜਾਬ ਤੋਂ ਮੰਗ ਕੀਤੀ ਗਈ ਕਿ ਸ਼ੈਲਰਾਂ ਵਿੱਚੋਂ ਝੋਨੇ ਦੀ ਲਿਫਟਿੰਗ ਤੁਰੰਤ ਕਾਰਵਾਈ ਜਾਵੇ ਤਾਂ ਕਿ ਨਵੇਂ ਆਉਣ ਵਾਲੇ ਝੋਨੇ ਵਾਸਤੇ ਸਮੱਸਿਆ ਨਾ ਆਵੇ। ਇਸੇ ਤਰ੍ਹਾਂ ਪ੍ਰਦੂਸ਼ਣ ਮਹਿਕਮੇ ਵੱਲੋਂ ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ ਨੋਟਿਸ ਭੇਜੇ ਜਾਣ ਦੀ ਸਖ਼ਤ ਨਿਖੇਧੀ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਇਸ ਤਰ੍ਹਾਂ ਦੀ ਕਾਰਵਾਈ ਤੁਰੰਤ ਬੰਦ ਕੀਤੀ ਜਾਵੇ। ਇਸ ਮੌਕੇ ਤੇ ਕੋਰ ਕਮੇਟੀ ਮੈਂਬਰ ਭੁਪਿੰਦਰ ਸਿੰਘ, ਪ੍ਰਵਦੀਪ ਸਿੰਘ ਸੇਖੋਂ ਦਿਹਾਤੀ ਪ੍ਰਧਾਨ ਲੁਧਿਆਣਾ ਅਤੇ ਗੁਰਚਰਨ ਸਿੰਘ ਰਾਜਾ ਨੂਰਵਾਲ ਨੇ ਆਪਣੇ ਵਿਚਾਰ ਰੱਖੇ। ਇਸ ਮੌਕੇ ਜੁਝਾਰ ਸਿੰਘ, ਤਜਿੰਦਰ ਸਿੰਘ ਬਿੱਟਾ, ਗੁਰਚਰਨ ਸਿੰਘ ਗਰੇਵਾਲ ਪ੍ਰਧਾਨ ਹਲਕਾ ਗਿੱਲ, ਪਰਦੀਪ ਸਿੰਘ ਗਰੇਵਾਲ, ਕਰਨਦੀਪ ਸਿੰਘ, ਪਰਗਟ ਸਿੰਘ ਗਿੱਲ।ਜਸਪ੍ਰੀਤ ਸਿੰਘ ਲੇਲ, ਅਜੇਪ੍ਰੀਤਪਲ ਸਿੰਘ ਸੱਤਾ, ਸੰਦੀਪ ਸਿੰਘ ਹਾਜ਼ਰ ਸਨ।



# ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਦੇ ਪਹਿਲਵਾਨਾਂ ਨੇ ਅੰਡਰ-17 ਮੁਕਾਬਲੇ 'ਚ ਮਾਰੀਆਂ ਮੱਲਾਂ



**ਫਗਵਾੜਾ (ਬੀ.ਕੇ. ਰੱਤੂ)** ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਪਰਮ ਨਗਰ ਖੋਥੜਾਂ ਰੋਡ ਫਗਵਾੜਾ ਵਿਖੇ ਪਹਿਲਵਾਨਾਂ ਦੇ ਜਿਲਾ ਪੱਧਰੀ ਕੁਸ਼ਤੀ ਚੈਂਪੀਅਨਸ਼ਿਪ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਅਕੈਡਮੀ ਦਾ ਨਾਮ ਰੌਸ਼ਨ ਕੀਤਾ ਹੈ। ਅਕੈਡਮੀ ਦੇ ਸੰਚਾਲਕ ਅਤੇ ਸਾਬਕਾ ਅੰਤਰ ਰਾਸ਼ਟਰੀ ਕੁਸ਼ਤੀ ਕੋਚ ਪੀ।ਆਰ। ਸੌਂਧੀ ਤੇ ਅੰਤਰਰਾਸ਼ਟਰੀ ਪਹਿਲਵਾਨ ਅਮਰੀਕ ਸਿੰਘ ਮੇਹਲੀ ਨੇ ਦੱਸਿਆ ਕਿ ਅਕੈਡਮੀ ਦੇ ਪਹਿਲਵਾਨ ਤੇਜਸ ਢੱਡਵਾਲ ਨੇ ਅਕੈਡਮੀ ਵਿਖੇ 30 ਅਗਸਤ ਨੂੰ ਹੋਏ ਜਿਲਾ ਪੱਧਰੀ 68 ਵੀਆ ਅੰਡਰ 14,17,19 ਕੁਸ਼ਤੀਆ ਗਰੀਕੋ ਰੋਮਨ ਅਤੇ ਫਰੀ ਸਟਾਇਲ ਮੁਕਾਬਲਿਆਂ 'ਚ ਪਹਿਲਵਾਨ ਤੇਜਸ ਢੱਡਵਾਲ ਅੰਡਰ 17 , 80 ਕਿਲੋ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਗੋਲਡ ਮੈਡਲ ਜਿਤੀਆ । ਹੋਣਹਾਰ ਪਹਿਲਵਾਨਾਂ ਦੀ ਇਸ ਪ੍ਰਾਪਤੀ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕੁਸ਼ਤੀ ਕੋਚ ਪੀ.ਆਰ. ਸੌਂਧੀ ਅਤੇ ਪਹਿਲਵਾਨ ਅਮਰੀਕ ਸਿੰਘ ਨੇ ਭਰੋਸਾ ਜਤਾਇਆ ਕਿ ਇਹ ਦੋਵੇਂ ਪਹਿਲਵਾਨ ਕੁਸ਼ਤੀ ਦੇ ਖੇਤਰ ਵਿਚ ਪੰਜਾਬ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨਗੇ। ਪਹਿਲਵਾਨ ਤੇਜਸ ਢੱਡਵਾਲ ਨੇ ਦੱਸਿਆ ਕਿ ਉਕਤ ਚੈਂਪੀਅਨਸ਼ਿਪ ਵਿਚ ਜਿਲਾ ਭਰ ਦੇ ਨਾਮੀ ਪਹਿਲਵਾਨਾਂ ਨੇ ਭਾਗ ਲਿਆ ਜਿਹਨਾਂ ਨੂੰ ਸਖ਼ਤ ਮੁਕਾਬਲੇ ਵਿਚ ਪਛਾੜ ਕੇ ਉਹਨਾਂ ਨੂੰ ਗੋਲਡ ਮੈਡਲ ਜਿੱਤਣ ਦਾ ਮਾਣ ਹਾਸਲ ਹੋਇਆ ਹੈ ਅਤੇ ਭਵਿੱਖ ਵਿਚ ਹੋਰ ਮਿਹਨਤ ਕਰਕੇ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਤੇ ਪੰਜਾਬ ਅਤੇ ਦੇਸ਼ ਲਈ ਮੈਡਲ ਜਿੱਤਣ ਦੀ ਇੱਛਾ ਰੱਖਦੇ ਹਨ। ਇਸ ਮੌਕੇ ਅੰਤਰਰਾਸ਼ਟਰੀ ਕੋਚ ਰਵਿੰਦਰ ਨਾਥ,ਕੋਚ ਸਾਜਿਨ, ਨੰਨ੍ਹਾ ਢੱਡਵਾਲ, ਬਲਵੀਰ ਕੁਮਾਰ, ਰਾਜਕੁਮਾਰ, ਤੇ ਰੀਤ ਪ੍ਰੀਤ ਪਾਲ ਸਿੰਘ ਨੇ ਵੀ ਜੇਤੂ ਪਹਿਲਵਾਨਾਂ ਨੂੰ ਸੁਨਹਿਰੀ ਭਵਿੱਖ ਲਈ ਸ਼ੁੱਭ ਇੱਛਾਵਾਂ ਦਿੱਤੀਆਂ।

# ਭਾਸ਼ਾ ਵਿਭਾਗ ਨੇ ਬੀ.ਐੱਲ.ਐੱਮ. ਗਰਲਜ਼ ਕਾਲਜ ਵਿਖੇ ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ ਕਰਵਾਏ






**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ ਸ. ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਅਤੇ ਡਾਇਰੈਕਟਰ ਭਾਸ਼ਾ ਵਿਭਾਗ ਸ. ਜਸਵੰਤ ਸਿੰਘ ਜ਼ਫ਼ਰ ਹੁਰਾਂ ਦੀ ਅਗਵਾਈ ਹੇਠ ਜ਼ਿਲ੍ਹਾ ਭਾਸ਼ਾ ਅਫ਼ਸਰ, ਸ਼ਹੀਦ ਭਗਤ ਸਿੰਘ ਵੱਲੋਂ ਜ਼ਿਲ੍ਹਾ ਪੱਧਰੀ ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ ਸਥਾਨਕ ਬੀ।ਐੱਲ।ਐੱਮ। ਗਰਲਜ਼ ਕਾਲਜ ਨਵਾਂ ਸ਼ਹਿਰ ਵਿਖੇ ਕਾਲਜ ਦੀ ਪੰਜਾਬੀ ਲਿਟਰੇਰੀ ਸੁਸਾਇਟੀ ਦੇ ਪ੍ਰਧਾਨ ਪ੍ਰੋ. ਸੁਰਿੰਦਰ ਕੌਰ ਦੇ ਸਹਿਯੋਗ ਸਦਕਾ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਜ਼ਿਲ੍ਹੇ ਦੇ ਵੱਖ–ਵੱਖ ਸਰਕਾਰੀ, ਅਰਧ–ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਮੈਟ੍ਰਿਕ ਪੱਧਰ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਨ੍ਹਾਂ ਮੁਕਬਲਿਆਂ ਵਿੱਚ ਚਾਰ ਵੰਨਗੀਆਂ ਲੇਖ ਰਚਨਾ, ਕਹਾਣੀ ਰਚਨਾ, ਕਵਿਤਾ ਰਚਨਾ ਅਤੇ ਕਵਿਤਾ ਗਾਇਨ ਸ਼ਾਮਿਲ ਸਨ। ਸਮਾਗਮ ਦੀ ਸ਼ੁਰੂਆਤ ਵਿਭਾਗੀ ਧੁਨੀ ਨਾਲ ਹੋਈ।

ਜ਼ਿਲ੍ਹੇ ਭਰ ਤੋਂ ਆਏ ਹੋਏ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆ ਨੂੰ ਜੀ ਆਇਆ ਆਖਦਿਆਂ ਕਾਲਜ ਪ੍ਰਿੰਸੀਪਲ ਸ਼੍ਰੀਮਤੀ ਤਰੁਨਪ੍ਰੀਤ ਕੌਰ ਵਾਲੀਆ ਨੇ ਕਿਹਾ ਕਿ ਅਜਿਹੇ ਮੁਕਾਬਲਿਆਂ ਨਾਲ ਵਿਦਿਆਰਥੀਆਂ ਅੰਦਰ ਸਾਹਿਤ ਪ੍ਰਤੀ ਲਗਾਅ ਪੈਦਾ ਹੁੰਦਾ ਹੈ। ਅੱਜ ਦੇ ਭੱਜ–ਦੌੜ ਦੇ ਦੌਰ ਵਿੱਚ ਵਿਦਿਆਰਥੀਆਂ ਨੂੰ ਸਾਹਿਤ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਸਾਹਿਤ ਹੀ ਮਨੁੱਖ ਨੂੰ ਮਨੁੱਖ ਬਣਾਉਦਾ ਹੈ ਅਤੇ ਮਨੁੱਖ ਅੰਦਰਲੀ ਸੰਵੇਦਨਾ ਨੂੰ ਬਚਾਈ ਰੱਖਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ ਵਧਾਉਂਦੇ ਹਨ ਅਤੇ ਉਨਾਂ ਦੀ ਕਲਾ ਨੂੰ ਨਿਖਾਰਦੇ ਹਨ। ਸਮੇਂ ਸਮੇਂ ਅਨੁਸਾਰ ਅਜਿਹੇ ਮੁਕਾਬਲੇ ਸਕੂਲਾਂ/ ਕਾਲਜਾਂ ਵਿੱਚ ਹੁੰਦੇ ਰਹਿਣੇ ਚਾਹੀਦੇ ਹਨ ਤਾਂ ਕਿ ਪੰਜਾਬੀ ਭਾਸ਼ਾ ਦਾ ਦਰਜਾ ਚੜਦੀ ਕਲਾ ਵਿੱਚ ਰਹੇ। ਉਹਨਾਂ ਕਿਹਾ ਕਿ ਇਸ ਤੋਂ ਇਲਾਵਾ ਸਭ ਤੋਂ ਅਹਿਮ ਇਹ ਗੱਲ ਹੈ ਕਿ ਇਹੋ ਜਿਹੇ ਮੁਕਾਬਲੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਕਵੀ, ਲੇਖਕ, ਕਹਾਣੀਕਾਰ ਆਦਿ ਬਣਾਉਣਗੇ।

ਇਨ੍ਹਾਂ ਮੁਕਾਬਲਿਆਂ ਵਿੱਚ ਜੱਜਾਂ ਦੀ ਭੂਮਿਕਾ ਪ੍ਰਸਿੱਧ ਕਹਾਣੀਕਾਰ ਅਜਮੇਰ ਸਿੱਧੂ, ਬਲਵੀਰ ਕੁਮਾਰ, ਡਾ. ਕੇਵਲ ਰਾਮ, ਗ਼ਜ਼ਲਗੋ ਕੁਲਵਿੰਦਰ ਕੁੱਲਾ, ਪ੍ਰੋ. ਉਂਕਾਰ ਸਿੰਘ ਅਤੇ ਪ੍ਰੋ. ਬਲਵਿੰਦਰ ਚਹਿਲ ਨੇ ਨਿਭਾਈ। ਕਵਿਤਾ ਗਾਇਨ ਮੁਕਾਬਲੇ ਵਿਚ ਸਰਕਾਰੀ ਸੀਨੀ। ਸੈਕੰ। ਸਕੂਲ ਭਾਰਟਾ ਕਲਾਂ ਦੇ ਵਿਦਿਆਰਥੀ ਸ਼ਰਨਦੀਪ ਬੰਗਾ ਨੇ ਪਹਿਲਾ, ਕੈਂਬਰਿਜ ਇੰਟਰਨੈਸ਼ਨਲ ਸਕੂਲ ਨਵਾਂ ਸ਼ਹਿਰ ਦੀ ਵਿਦਿਆਰਥਣ ਦਿਕਸ਼ਾ ਨੇ ਦੂਜਾ ਅਤੇ ਇਸੇ ਸਕੂਲ ਦੀ ਵਿਦਿਆਰਥਣ ਹਰਨੂਰ ਕੌਰ ਨੇ ਤੀਜਾ ਸਥਾਨ ਹਾਸਿਲ ਕੀਤਾ। ਲੇਖ ਰਚਨਾ ਮੁਕਾਬਲੇ ਵਿਚ ਸਰਕਾਰੀ ਕੰਨਿਆਂ ਸੀਨੀ। ਸੈਕੰ. ਸਕੂਲ ਰਾਹੋਂ ਦੀ ਵਿਦਿਆਰਥਣ ਹਰਮਨਦੀਪ ਕੌਰ ਨੇ ਪਹਿਲਾ, ਸਰਕਾਰੀ ਕੰਨਿਆਂ ਸੀਨੀ। ਸੈਕੰ। ਸਕੂਲ ਹੇੜੀਆਂ ਦੀ ਵਿਦਿਆਰਥਣ ਜਾਨਵੀ ਨੇ ਦੂਜਾ ਅਤੇ ਸਰਕਾਰੀ ਸੀਨੀ। ਸੈਕੰ। ਸਕੂਲ ਕਰਨਾਣਾ ਦੇ ਵਿਦਿਆਰਥੀ ਹਰੀਸ਼ ਕੁਮਾਰ ਨੇ ਤੀਜਾ ਸਥਾਨ ਹਾਸਿਲ ਕੀਤਾ। ਮੁਕਾਬਲਿਆਂ ਦੌਰਾਨ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਭਾਸ਼ਾ ਵਿਭਾਗ ਵੱਲੋਂ ਕ੍ਰਮਵਾਰ 1000/- , 750/- ਅਤੇ 500/- ਰੁਪਏ ਦਾ ਨਗਦ ਇਨਾਮ ਅਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਕਹਾਣੀਕਾਰ ਅਜਮੇਰ ਸਿੱਧੂ ਨੇ ਵਿਦਿਆਰਥੀਆਂ ਨੂੰ ਕਹਾਣੀ ਲਿਖਣ ਸੰਬੰਧੀ ਮੁੱਢਲੀਆਂ ਗੱਲਾਂ ਦੱਸੀਆਂ ਅਤੇ ਸਾਹਿਤ ਪੜਨ ਲਈ ਪ੍ਰੇਰਿਤ ਕੀਤਾ। ਇਨ੍ਹਾਂ ਮੁਕਾਬਲਿਆਂ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਨੌਜਵਾਨਾਂ ਪੀੜ੍ਹੀ ਨੂੰ ਸਾਹਿਤ ਨਾਲ ਜੋੜਨ ਦਾ ਇਹ ਬਹੁਤ ਸੋਹਣਾ ਉਪਰਾਲਾ ਹੈ ਅਤੇ ਅਜਿਹੇ ਉਪਰਾਲੇ ਕਰਨ ਲਈ ਭਾਸ਼ਾ ਵਿਭਾਗ ਵਧਾਈ ਦਾ ਹੱਕਦਾਰ ਹੈ। ਬਲਵੀਰ ਕੁਮਾਰ, ਡਾ। ਕੇਵਲ ਰਾਮ, ਗ਼ਜ਼ਲਗੋ ਕੁਲਵਿੰਦਰ ਕੁੱਲਾ, ਪ੍ਰੋ। ਉਂਕਾਰ ਸਿੰਘ ਨੇ ਵੀ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ।

ਸਮਾਗਮ ਦੇ ਅੰਤ ਉਤੇ ਧੰਨਵਾਦ ਕਰਦਿਆਂ ਜ਼ਿਲ੍ਹਾ ਭਾਸ਼ਾ ਅਫ਼ਸਰ ਸੰਦੀਪ ਸਿੰਘ ਨੇ ਭਾਸ਼ਾ ਵਿਭਾਗ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਭਾਸ਼ਾ ਵਿਭਾਗ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਤਨਸ਼ੀਲ ਹੈ। ਉਨ੍ਹਾਂ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਬਾਕੀ ਵਿਦਿਆਰਥੀਆਂ ਨੂੰ ਅਗਲੇ ਸਾਲ ਲਈ ਡੱਟ ਕੇ ਤਿਆਰੀ ਕਰਨ ਲਈ ਕਿਹਾ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਪ੍ਰੋ. ਬਲਵਿੰਦਰ ਚਹਿਲ ਨੇ ਬਾਖ਼ੂਬੀ ਨਿਭਾਈ। ਇਸ ਸਮਾਗਮ ਨੂੰ ਸਫ਼ਲਤਾਪੂਰਵਕ ਨੇਪਰੇ ਚਾੜਨ ਵਿੱਚ ਪੰਜਾਬੀ ਲਿਟਰੇਰੀ ਸੁਸਾਇਟੀ ਦੇ ਪ੍ਰਧਾਨ ਪ੍ਰੋ. ਸੁਰਿੰਦਰ ਕੌਰ ਜੀ ਯੋਗਦਾਨ ਪਾਇਆ। ਇਸ ਸਮੇਂ ਭਾਸ਼ਾ ਵਿਭਾਗ ਤੋਂ ਅਰਸ਼ਦੀਪ ਸਿੰਘ, ਹਨੀ ਕੁਮਾਰ, ਚਰਨਜੀਤ ਸਿੰਘ ਅਤੇ ਕਾਲਜ ਸਟਾਫ਼ ਅਤੇ ਵਿਦਿਆਰਥੀ ਮੌਜੂਦ ਰਹੇ।

# ਕ੍ਰਿਸ਼ੀ ਵਿਗਿਆਨ ਕੇਂਦਰ ਵਲੋਂ ਗੰਡੋਇਆ ਦੀ ਖਾਦ ਤਿਆਰ ਕਰਨ ਸਬੰਧੀ ਲਗਾਇਆ ਗਿਆ ਸਿਖਲਾਈ ਕੋਰਸ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਸ਼ਹੀਦ ਭਗਤ ਸਿੰਘ ਨਗਰ ਵਲੋਂ ਗੰਡੋਇਆ ਦੀ ਖਾਦ ਤਿਆਰ ਕਰਨ ਸਬੰਧੀ ਸਿਖਲਾਈ ਕੋਰਸ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ 22 ਸਿਖਿਆਰਥੀਆਂ ਨੇ ਭਾਗ ਲਿਆ। ਇਹ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ (ਸਿਖਲਾਈ) ਡਾ। ਪ੍ਰਦੀਪ ਕੁਮਾਰ ਨੇ ਦੱਸਿਆ ਕਿ ਗੰਡੋਏ ਵਾਤਾਵਰਣ ਵਿੱਚ ਮੌਜੂਦ ਜੈਵਿਕ ਮਾਦਾ ਜਿਵੇਂ ਕਿ ਫ਼ਸਲਾਂ ਦੀ ਰਹਿੰਦ–ਖੂਹੰਦ ਅਤੇ ਪਸ਼ੂਆਂ ਦਾ ਗੋਹਾ ਨੂੰ ਭੋਜਨ ਦੇ ਤੌਰ ਤੇ ਵਰਤਦੇ ਹਨ ਓਤੇ ਅਪਣੇ ਮਲ ਦੇ ਰੂਪ ਵਿੱਚ ਖ਼ੁਰਾਕੀ ਤੱਤਾਂ ਨਾਲ ਭਰਭੂਰ ਖਾਦ ਬਾਹਰ ਕੱਢਦੇ ਹਨ।ਜਿਥੇ ਗੰਡੋਏ ਵਾਤਾਵਰਣ ਨੂੰ ਸਾਫ਼ ਰੱਖਣ ਵਿੱਚ ਸਹਾਇਕ ਹਨ, ਉਥੇ ਗੰਡੋਇਆ ਤੋਂ ਤਿਆਰ ਖਾਦ ਖ਼ੇਤਾਂ ਵਿੱਚ ਵਰਤਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵੱਧਦੀ ਹੈ, ਇਸ ਦੇ ਨਾਲ ਹੀ ਫ਼ਸਲ ਦੀ ਪੈਦਾਵਾਰ ਅਤੇ ਗੁਣਵਤਾ ਵਿੱਚ ਵੀ ਵਾਧਾ ਹੁੰਦਾ ਹੈ।ਉਨ੍ਹਾਂ ਸਿਖਿਆਰਥੀਆਂ ਨੂੰ ਗੰਡੋਇਆ ਦੀ ਖਾਦ ਤਿਆਰ ਕਰਨ ਦੀ ਵਿਧੀ ਨੂੰ ਰੁਜ਼ਗਾਰ ਅਤੇ ਆਮਦਨ ਦੇ ਸਾਧਨ ਵਜੋਂ ਅਪਣਾਉਣ ਲਈ ਪ੍ਰੇਰਿਤ ਕੀਤਾ।




ਸਿਖਲਾਈ ਕੋਰਸ ਦੌਰਾਨ ਸਹਾਇਕ ਪ੍ਰੋਫ਼ੈਸਰ ਡਾ। ਜਸਵਿੰਦਰ ਕੁਮਾਰ ਨੇ ਗੰਡੋਇਆ ਤੋਂ ਖਾਦ ਤਿਆਰ ਕਰਨ ਦੀ ਵਿਧੀ ਬਾਰੇ ਦੱਸਿਆ ਕਿ ਸਭ ਤੋਂ ਪਹਿਲਾਂ ਪੱਕਾ ਸੀਮੇਂਟ ਦਾ ਬੈਂਡ, ਜਿਸ ਦਾ ਅਕਾਰ 6 ਫੁੱਟ (ਲੰਬਾਈ)× 3 ਫੁੱਟ (ਚੌੜ–ਾਈ)× 2 ਫੁੱਟ (ਉਚਾਈ) ਬਣਾਓ। ਬੈਂਡ ਦਾ ਫ਼ਰਸ਼ ਵੀ ਪੱਕਾ ਹੋਣਾ ਚਾਹੀਦਾ ਹੈ। ਇਸ ਬੈਂਡ ਹੇਠਾਂ 1 ਫੁੱਟ ਤੱਕ ਫ਼ਸਲਾਂ ਦੀ ਰਹਿੰਦ–ਖੂਹੰਦ (ਝੋਨੇ ਦੀ ਪਰਾਲੀ, ਖ਼ਰਾਬ ਮੱਕੀ ਦਾ ਅਚਾਰ) ਨਾਲ ਭਰਨਾ ਚਾਹੀਦਾ ਹੈ, ਇਸ ਨੂੰ ਪਾਣੀ ਛਿੜਕ ਕੇ ਸਲਾਬਾ ਕਰਨਾ ਚਾਹੀਦਾ ਹੈ। ਇਸ ਦੇ ਉਪਰ 1 ਫੁੱਟ ਤੱਕ ਪਸ਼ੂਆਂ ਦਾ ਗੋਹਾ ਪਾਓ, ਗੋਹਾ 5 ਦਿਨ ਪੁਰਾਣਾ ਹੋਵੇ ਕਿਉਕਿ ਤਾਜ਼ੇ ਗੋਹੇ ਦੇ ਉੱਚ ਤਾਪਮਾਨ ਕਰਕੇ ਗੰਡੋਏ ਮਰ ਜਾਂਦੇ ਹਨ।ਇਸ ਤੋਂ ਬਾਅਦ 1 ਕਿਲੋਂ ਗੰਡੋਏ (ਆਈਸੀਨੀਆ ਫਿਉਟਿਡਾ) ਨੂੰ ਬੈਂਡ ਵਿੱਚ ਛੱਡਣਾ ਚਾਹੀਦਾ ਹੈ।ਇਸ ਤੋਂ ਬਾਅਦ ਬੈਂਡ ਨੂੰ ਪਰਾਲੀ ਜਾਂ ਬੋਰੀਆਂ ਨਾਲ ਢੱਕਣਾ ਚਾਹੀਦਾ ਹੈ। ਬੈਂਡ ਅੰਦਰ ਲਗਾਤਾਰ ਨਮੀ ਬਣਾਈ ਰੱਖਣ ਲਈ, ਗਰਮੀਆ ਵਿੱਚ ਪਾਣੀ ਦਾ ਛਿੜਕਾ ਦਿਨ ਵਿੱਚ 2 ਵਾਰ ਕਰਨਾ ਚਾਹੀਦਾ ਹੈ ਅਤੇ ਸਰਦੀਆ ਵਿੱਚ 2–3 ਦਿਨਾਂ ਬਾਅਦ, ਬੈਂਡ ਵਿੱਚ ਹਵਾਖੋਰੀ ਲਈ ਹਫ਼ਤੇ ਬਾਅਦ ਫ਼ਸਲਾਂ ਦੀ ਰਹਿੰਦ–ਖੂਹੰਦ ਅਤੇ ਪਸ਼ੂਆਂ ਦਾ ਗੋਹਾ ਨੂੰ ਹਿਲਾ ਦੇਣਾ ਚਾਹੀਦਾ ਹੈ। ਗੰਡੋਇਆਂ ਨੂੰ ਸਿਧੀ ਧੁੱਪ ਜਾਂ ਬਾਰਿਸ਼ ਤੋਂ ਬਚਾਉਣ ਲਈ ਬੈਂਡਾਂ ਦਾ ਉਪਰ ਸ਼ੈਡ ਬਣਾਉਣਾ ਚਾਹੀਦਾ ਹੈ। ਗੰਡੋਇਆਂ ਤੋਂ ਖਾਦ ਲਗਭਗ 2–2।5 ਮਹੀਨੇ ਵਿੱਚ ਤਿਆਰ ਹੋ ਜਾਂਦੀ ਹੈ, ਜਿਸ ਨੂੰ ਫ਼ਸਲਾਂ, ਫ਼ਲ ਅਤੇ ਸ਼ਬਜ਼ੀਆਂ ਦੀ ਪੈਦਾਵਾਰ ਲਈ ਵਰਤਿਆ ਜਾ ਸਕਦਾ ਹੈ।ਅੰਤ ਵਿੱਚ ਸਾਰੇ ਸਿਖਿਆਰਥੀਆਂ ਨੇ ਗੰਡੋਇਆ ਖਾਦ ਤਿਆਰ ਕਰਨ ਦੀ ਵਿਧੀ ਨੂੰ ਆਮਦਨ ਦੇ ਸਾਧਨ ਵਜੋਂ ਅਪਣਾਉਣ ਲਈ ਵਿਸ਼ਵਾਸ ਦੁਆਇਆ।

## ਜਲਦ ਛਪ ਕੇ ਆ ਰਹੀ ਹੈ ਨਾਮਦੇਵ ਭੁਟਾ.ਲ ਨੂੰ ਸਮਰਪਿਤ ਪੁਸਤਕ 'ਯਾਦਗਾਰੀ ਹਰਫ਼'

**ਲਹਿਰਾਗਾਗਾ (ਦਲਜੀਤ ਕੌਰ)** ਪਿਛਲੇ ਸਾਲ ਸਦੀਵੀ ਵਿਛੋੜਾ ਦੇ ਗਏ ਸਾਥੀ ਨਾਮਦੇਵ ਭੁਟਾ.ਲ ਦੀਆਂ ਯਾਦਾਂ ਨੂੰ ਸਮਰਪਿਤ ਪੁਸਤਕ ਜਲਦੀ ਛਪ ਕੇ ਆ ਰਹੀ ਹੈ। ਇਹ ਜਾਣਕਾਰੀ ਪ੍ਰੈੱਸ ਨਾ.ਲ ਸਾਂਝੀ ਕਰਦਿਆਂ ਸੰਪਾਦਕ ਗੁਰਮੇਲ ਭੁਟਾ.ਲ ਨੇ ਦੱਸਿਆ ਹੈ ਕਿ ਮਰਹੂਮ ਸਾਥੀ ਨਾਮਦੇਵ ਭੁਟਾ.ਲ, ਚੜ੍ਹਦੀ ਉਮਰੇ 'ਪੰਜਾਬ ਸਟੂਡੈਂਟਸ ਯੂਨੀਅਨ' ਅਤੇ 'ਨੌਜਵਾਨ ਭਾਰਤ ਸਭਾ' ਤੋਂ ਇੱਕ ਧੜੱਲੇਦਾਰ ਆਗੂ ਵਜੋਂ ਆਪਣਾ ਜੱਥੇਬੰਦਕ ਸਫ਼ਰ ਸ਼ੁਰੂ ਕਰ ਕੇ 'ਜਮਹੂਰੀ ਅਧਿਕਾਰ ਸਭਾ' ਦੇ ਸੂਬਾਈ ਆਗੂ ਵਜੋਂ ਆਖ਼ਰੀ ਸਮੇਂ ਤੱਕ ਇਨਕਲਾਬੀ ਲਹਿਰ ਦਾ ਇੱਕ ਪ੍ਰਤੀਬੱਧ ਕਾਰਕੁੰਨ ਸੀ, ਜਿਸ ਦੀ ਜ਼ਿੰਦਗੀ ਦੇ ਸੂਖ਼ਮ ਤਜ਼ਰਬੇ ਅਤੇ ਯਾਦਾਂ ਨੂੰ ਵੱਖ ਵੱਖ ਵਿਅਕਤੀਆਂ ਨੇ ਆਪਣੀਆਂ ਲਿਖ਼ਤਾਂ ਵਿੱਚ ਪਰੋਇਆ ਹੈ।



ਦੱਸਣਯੋਗ ਹੈ ਕਿ ਪੁਸਤਕ ਜਾਰੀ ਕਰਨ ਦਾ ਕੰਮ ਨੂੰ ਬਾਕਾਇਦਾ ਸਮੂਹਿਕ ਕਾਰਜ ਵਜੋਂ ਨਿਭਾਇਆ ਗਿਆ ਹੈ, ਜਿਸ ਵਿੱਚ ਸੰਪਾਦਕ ਤੋਂ ਇਲਾਵਾ ਇਨਕਲਾਬੀ ਲਹਿਰ ਦੇ ਨਾਮਵਰ ਆਗੂ ਗੁਰਤੇਜ ਸਿੰਘ ਖੋਖਰ, ਜਗਜੀਤ ਭੁਟਾ.ਲ, ਕਰਮ ਸਿੰਘ ਸੱਤ ਛਾਜਲੀ, 'ਨੌਜਵਾਨ ਭਾਰਤ ਸਭਾ' ਦੇ ਸਾਬਕਾ ਸੂਬਾ ਸਕੱਤਰ ਸ਼ਾਦ ਮੁਹੰਮਦ ਭਦੌੜ, ਜਰਨੈਲ ਸਿੰਘ ਕਾਲ੍ਹੇਕੇ ਸ਼ਾਮਲ ਹਨ। ਇਸ ਪੁਸਤਕ ਵਾਸਤੇ ਪਰਿਵਾਰ ਅਤੇ ਦਰਜਨਾਂ ਸ਼ੁੱਭਚਿੰਤਕਾਂ ਵੱਲੋਂ ਆਰਥਿਕ ਪੱਖੋਂ ਦਿਲ ਖੋਲ੍ਹ ਕੇ ਸਹਿਯੋਗ ਦਿੱਤਾ ਜਾ ਰਿਹਾ ਹੈ। ਸੰਪਾਦਕ ਨੇ ਕਿਹਾ ਹੈ ਕਿ ਕੁੱਝ ਨਾ ਟਾਲਣ ਯੋਗ ਕਾਰਨਾਂ ਕਰਕੇ ਪੁਸਤਕ ਦੀ ਛਪਾਈ ਦੇ ਕੰਮ ਵਿੱਚ ਦੇਰੀ ਹੋਈ ਹੈ ਅਤੇ ਹੁਣ ਬਹੁਤ ਜਲਦੀ ਇਸ ਨੂੰ ਪਾਠਕਾਂ ਤੱਕ ਪੁੱਜਦਾ ਕੀਤਾ ਜਾ ਰਿਹਾ ਹੈ।

## ਡਾ. ਰਾਜੇਸ਼ ਕੁਮਾਰ, ਸਹਾਇਕ ਡਾਇਰੈਕਟਰ ਬਾਗਬਾਨੀ ਸ਼ਹੀਦ ਭਗਤ ਸਿੰਘ ਨਗਰ ਦਾ ਸੰਭਾਲਿਆ ਚਾਰਜ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਡਾ. ਰਾਜੇਸ਼ ਕੁਮਾਰ ਵੱਲੋਂ ਸਹਾਇਕ ਡਾਇਰੈਕਟਰ ਬਾਗਬਾਨੀ ਸ਼ਹੀਦ ਭਗਤ ਸਿੰਘ ਨਗਰ ਦਾ ਅਹੁੱਦਾ ਸੰਭਾਲਿਆ ਗਿਆ ਹੈ। ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਸ਼੍ਰੀ ਨਵਜੋਤ ਪਾਲ ਸਿੰਘ ਰੰਧਾਵਾ ਨੇ ਵਧਾਈ ਦਿੱਤੀ ਅਤੇ ਬਾਗਬਾਨੀ ਵਿਕਾਸ ਨੂੰ ਪ੍ਰਫੁੱਲਤ ਕਰਨ ਲਈ, ਕਿਸਾਨ ਦੀ ਆਮਦਨ ਵਿੱਚ ਵਾਧਾ ਕਰਨ ਲਈ ਅਤੇ ਡਿਵਰਸੀਫਿਕੇਸ਼ਨ ਭਾਵ ਕਿਸਾਨਾਂ ਨੂੰ ਕਣਕ, ਝੋਨੇ ਦੇ ਫਸਲੀ ਚੱਕਰ ਵਿੱਚੋਂ ਕੱਢਣ ਲਈ ਸ਼ਹੀਦ ਭਗਤ ਸਿੰਘ ਨਗਰ ਨੂੰ ਪੰਜਾਬ ਦਾ ਮੋਹਰੀ ਜ਼ਿਲ੍ਹਾ ਬਣਾਉਣ ਲਈ ਕਿਹਾ ਗਿਆ। ਡਾ।ਪਰਮਜੀਤ ਸਿੰਘ ਬਾਗਬਾਨੀ ਵਿਕਾਸ ਅਫਸਰ–ਕਮ–ਨੋਡਲ ਅਫਸਰ (ਆਲੂ) ਵੱਲੋ ਉਨ੍ਹਾਂ ਦਾ ਸਵਾਗਤ ਕੀਤਾ ਗਿਆ ਅਤੇ ਡਾ। ਰਾਜੇਸ਼ ਕੁਮਾਰ ਨੂੰ ਜੀ ਆਇਆ ਕਿਹਾ ਗਿਆ । ਡਾ. ਰਾਜੇਸ਼ ਕੁਮਾਰ ਨੇ ਡਿਪਟੀ ਕਮਿਸ਼ਨਰ, ਨੂੰ ਭਰੋਸਾ ਦਿੱਤਾ ਕਿ ਉਹ ਕਿਸਾਨਾਂ ਨੂੰ ਖੇਤੀ ਦੀਆਂ ਨਵੀਆਂ ਤਕਨੀਕਾਂ ਤੋਂ ਜਾਣੂ ਕਰਵਾਉਂਣਗੇ, ਉਹਨਾਂ ਦੀ ਆਮਦਨ ਵਧਾਉਣ ਦੇ ਭਰਪੂਰ ਯਤਨ ਕਰਨਗੇ।

## ਕਿਸੇ ਦੀ ਹਨੇਰੀ ਜ਼ਿੰਦਗੀ ਨੂੰ ਰੌਸ਼ਨੀ ਦੇਣਾ ਸਭ ਤੋਂ ਵੱਡਾ ਗੁਣ - ਗੁਰਵਿੰਦਰ ਬਾਹਰਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਰੋਟਰੀ ਆਈ ਬੈਂਕ ਅਤੇ ਕੋਰਨੀਆ ਟਰਾਂਸਪਲਾਂਟ ਸੁਸਾਇਟੀ ਦੀ ਤਰਫੋਂ ਪ੍ਰਧਾਨ ਅਤੇ ਉੱਘੇ ਸਮਾਜ ਸੇਵੀ ਸੰਜੀਵ ਅਰੋੜਾ ਦੀ ਅਗਵਾਈ ਹੇਠ ਸੁਸਾਇਟੀ ਦੇ ਅਧਿਕਾਰੀਆਂ ਨੇ ਰਿਆਤ ਬਾਹਰਾ ਗਰੁੱਪ ਆਫ਼ ਇੰਸਟੀਚਿਊਟ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਨਾਲ ਮੁਲਾਕਾਤ ਕੀਤੀ। ਇਸ ਮੌਕੇ ਸਾਬਕਾ ਰਾਜ ਸਭਾ ਮੈਂਬਰ ਅਵਿਨਾਸ਼ ਰਾਏ ਖੰਨਾ ਅਤੇ ਸੁਸਾਇਟੀ ਦੇ ਚੇਅਰਮੈਨ ਜੇ।ਬੀ ਬਹਿਲ ਵੀ ਹਾਜ਼ਰ ਸਨ। ਇਸ ਮੌਕੇ ਪ੍ਰਿੰਸੀਪਲ ਸੰਜੀਵ ਅਰੋੜਾ ਨੇ ਗੁਰਵਿੰਦਰ ਸਿੰਘ ਬਾਹਰਾ ਨੂੰ ਅੱਖਾਂ ਦਾਨ ਕਰਨ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੱਕ ਸੋਸਾਇਟੀ ਵੱਲੋਂ ਕੋਰਨੀਅਲ ਨੇਤਰ–ਹੀਣਤਾ ਤੋਂ ਪੀੜ੍ਹਤ 4100 ਤੋਂ ਵੱਧ ਲੋਕਾਂ ਨੂੰ ਨਵੀਆਂ ਅੱਖਾਂ ਮੁਹੱਈਆ ਕਰਵਾਈਆਂ ਜਾ ਚੁੱਕੀਆਂ ਹਨ ਅਤੇ ਹੁਣ ਉਹ ਇਸ ਸੁੰਦਰ ਸੰਸਾਰ ਨੂੰ ਆਪਣੀਆ ਅੱਖਾਂ ਨਾਲ ਵੇਖ ਸਕਦੇ ਹਨ। ਸ੍ਰੀ ਅਰੋੜਾ ਨੇ ਦੱਸਿਆ ਕਿ ਹੁਣ ਤੱਕ ਸੁਸਾਇਟੀ ਵੱਲੋਂ 24 ਲਾਸ਼ਾਂ ਨੂੰ ਮਰਨ ਉਪਰੰਤ ਵੱਖ–ਵੱਖ ਮੈਡੀਕਲ ਕਾਲਜਾਂ ਨੂੰ ਖੋਜ ਲਈ ਭੇਜਿਆ ਜਾ ਚੁੱਕਾ ਹੈ। ਚੇਅਰਮੈਨ ਜੇ।ਬੀ।ਬਹਿਲ ਨੇ ਦੱਸਿਆ ਕਿ ਸੁਸਾਇਟੀ ਪਿਛਲੇ 15 ਸਾਲਾਂ ਤੋਂ ਕੌਰਨੀਆ ਟਰਾਂਸਪਲਾਂਟ ਦਾ ਕੰਮ ਕਰ ਰਹੀ ਹੈ ਅਤੇ ਕਿਸੇ ਵੀ ਮਰੀਜ਼ ਤੋਂ ਕੋਈ ਪੈਸਾ ਨਹੀਂ ਲਿਆ ਜਾਂਦਾ। ਪਰ ਇਹ ਸਭ ਕੁਝ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹੀ ਸੰਭਵ ਹੋਇਆ ਹੈ ਅਤੇ ਉਨ੍ਹਾਂ ਕਿਹਾ ਕਿ ਸੇਵਾ ਦਾ ਇਹ ਕਾਰਜ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਦੇਸ਼ ਅੰਨ੍ਹੇਪਣ ਤੋਂ ਮੁਕਤ ਨਹੀਂ ਹੋ ਜਾਂਦਾ। ਇਸ ਮੌਕੇ ਗੁਰਵਿੰਦਰ ਸਿੰਘ ਬਾਹਰਾ ਨੇ ਸੁਸਾਇਟੀ ਦੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਰੋਟਰੀ ਆਈ ਬੈਂਕ ਵੱਲੋਂ ਕੋਰਨੀਅਲ ਅੰਨ੍ਹੇਪਣ ਨੂੰ ਦੂਰ ਕਰਨ ਦਾ ਕੰਮ ਬਹੁਤ ਹੀ ਸ਼ਲਾਘਾਯੋਗ ਹੈ।



ਜਿਸ ਨੂੰ ਉਹ ਅਖਬਾਰਾਂ ਰਾਹੀਂ ਪੜ੍ਹਦੇ ਰਹਿੰਦੇ ਹਨ ਅਤੇ ਉਨ੍ਹਾਂ ਕਿਹਾ ਕਿ ਅੱਜ ਰੋਟਰੀ ਆਈ ਬੈਂਕ ਵਰਗੀਆਂ ਸੰਸਥਾਵਾਂ ਦੇ ਬਲਬੂਤੇ ਹੀ ਸਾਡਾ ਸਮਾਜ ਤਰੱਕੀ ਕਰ ਰਿਹਾ ਹੈ ਅਤੇ ਉਨ੍ਹਾਂ ਕਿਹਾ ਕਿ ਕਿਸੇ ਦੇ ਹਨੇਰੇ ਜੀਵਨ ਨੂੰ ਰੌਸ਼ਨੀ ਪ੍ਰਦਾਨ ਕਰਨਾ ਸਭ ਤੋਂ ਵੱਡਾ ਪੁੰਨ ਹੈ। ਉਨ੍ਹਾਂ ਸੁਸਾਇਟੀ ਨੂੰ ਪੂਰਨ ਸਹਿਯੋਗ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਕੈਂਪਸ ਡਾਇਰੈਕਟਰ ਚੰਦਰ ਮੋਹਨ, ਮਦਨ ਲਾਲ ਮਹਾਜਨ, ਜਸਵੀਰ ਕੰਵਰ ਆਦਿ ਹਾਜ਼ਰ ਸਨ।

# ਖੇਡਾਂ, ਪੰਜਾਬ ਅਤੇ ਸਿਆਸਤ



ਗੁਰਮੀਤ ਪਲਾਹੀ
91-98158-02070

ਖੇਡਾਂ, ਖੇਡਣੀਆਂ ਪੰਜਾਬੀਆਂ ਦਾ ਸੁਭਾਅ ਹੈ। ਖੇਡ,ਖੇਡ ਦੇ ਮੈਦਾਨ ਦੀ ਹੋਵੇ, ਖੇਡ ਸਿਆਸਤ ਦੀ ਹੋਵੇ, ਖੇਡ ਪੰਜਾਬੀ ਗ੍ਰਹਿਸਥੀ ਜੀਵਨ ਦੀ ਹੋਵੇ। ਪੰਜਾਬੀਆਂ ਦੀ ਖੇਡ ਨਿਰਾਲੀ ਹੈ, ਨਿਵੇਕਲੀ ਹੈ, ਕਿਧਰੇ ਦਿਲ-ਮਨ ਨੂੰ ਛੂਹ ਲੈਣ ਵਾਲੀ ਹੈ, ਕਿਧਰੇ ਜਾਨ ਲੇਵਾ ਹੈ, ਅਤੇ ਕਿਧਰੇ ਦੂਸਰਿਆਂ ਨੂੰ ਸਬਕ ਸਿਖਾਉਣ ਵਾਲੀ ਹੈ। ਕਿਧਰੇ ਆਪਣਾ ਉਜਾੜਾ ਆਪ ਪਾਉਣ ਵਾਲੀ ਹੈ।

ਸਿਆਸਤ ਦੀਆਂ ਅੰਦਰਲੀਆਂ ਪੇਚਦਗੀਆਂ ਜਾਂ ਗੁੰਝਲਾਂ ਤੋਂ ਅਨਜਾਣ,ਕਿਸੇ ਦੂਜੇ ਦੀ ਗੱਲ ਨੂੰ ਸਹਿਜ-ਸੁਭਾਅ ਮੰਨ ਲੈਣ ਵਾਲੇ ਪੰਜਾਬੀ, ਖੇਡ ਖੇਤਰ 'ਚ ਮੱਲਾਂ ਮਾਰਨ ਲਈ ਮਸ਼ਹੂਰ ਤਾਂ ਹੋਏ ਹੀ ,ਦੇਸੀਂ-ਪ੍ਰਦੇਸੀਂ ਜੁਸਿਆਂ ਦੇ ਬੱਲ 'ਤੇ, ਸੋਚ ਦੇ ਜ਼ੋਰ ਨਾਲ, ਤਰਕੀਬਾਂ ਅਤੇ ਮਿਲਾਪੜੇ ਸੁਭਾਅ ਨਾਲ ਆਪਣੇ ਕੱਦ ਕਾਠ ਵਧਾਉਣ 'ਚ ਸਫ਼ਲ ਹੋਏ। ਇੰਜ ਵਿਸ਼ਵ ਪੱਧਰ 'ਤੇ ਵਿਚਰਦਿਆਂ ਉਹਨਾ ਨਾ ਆਪਣੀ ਮਾਂ-ਬੋਲੀ ਛੱਡੀ, ਨਾ ਆਪਣੀ ਮਾਂ-ਖੇਡ ਕਬੱਡੀ ਨੂੰ ਤੱਜਿਆ, ਨਾ ਪਹਿਲਵਾਨੀ ਤੋਂ ਮੂੰਹ ਮੋੜਿਆ, ਨਾ ਆਪਣੇ ਰੰਗਲੇ ਸਭਿਆਚਾਰ ਨੂੰ ਤਲਾਜ਼ਲੀ ਦਿੱਤੀ। ਆਪਣੇ ਸਭਿਆਚਾਰ,ਆਪਣੀ ਨਿੱਜੀ ਧਰਮ ਨੂੰ ਤਾਂ ਉਸ ਆਪਣੀ ਜ਼ਿੰਦਗੀ 'ਤੋਂ ਬਾਹਰ ਹੋਣ ਹੀ ਨਹੀਂ ਸੀ ਦੇਣਾ!

ਪੰਜਾਬੀਆਂ ਦਾ ਖੇਡਾਂ ਨਾਲ ਮੋਹ, ਆਪਣੇ ਖੇਤਾਂ ਨਾਲ ਮੋਹ ਜਿਹਾ ਹੈ। ਖੇਤ ਵੱਟ ਲਈ ਸ਼ਰੀਕਾਂ ਨਾਲ ਵੱਢ-ਟੁੱਕ ਮਾਰ-ਵੱਢ, ਗਾਲੀ ਗਲੋਚ, ਆਪਣੇ ਹੱਕ ਲਈ ਲੜਾਈ ਉਹਦੇ ਕਣ-ਕਣ 'ਚ ਵਸੀ ਹੋਣ ਕਰਕੇ ਜੁੱਸਿਆਂ ਦੀ ਤਾਕਤ ਵਧਾਉਣਾ, ਸਰੀਰਾਂ ਨੂੰ ਪਾਲਣਾ ਤਾਕਤ ਦਾ ਦਿਖਾਵਾ ਕਰਨਾ ਅਤੇ ਫਿਰ ਉਸੇ ਤਾਕਤ ਨੂੰ ਕਿਸੇ ਥਾਂ ਸਿਰ ਕਰਨਾ ਪੰਜਾਬੀਆਂ ਦਾ ਸ਼ੌਕ ਹੈ। ਬੱਦਲਾਂ ਦੀ ਗਰਜਣ, ਬਿਜਲੀ ਦੀ ਗੜਕਣ ਅਤੇ ਲਿਸ਼ਕਣ ਦਾ ਕਦੇ ਉਹਨਾ ਦੇ ਮਨ 'ਚ ਡਰ ਨਹੀਂ ਰਿਹਾ। ਉਹ ਜਦੋਂ ਲੜਦੇ ਹਨ, ਭਿੜਦੇ ਹਨ, ਕਬੱਡੀ ਦੇ ਮੈਦਾਨ ਵਿੱਚ, ਪਹਿਲਵਾਨੀ ਅਖਾੜੇ ਵਿੱਚ, ਸ਼ੈਲ-ਛਬੀਲੇ ਗੱਭਰੂ, ਦਹਾੜਦੇ ਹਨ, ਤਾਂ ਮੋਰ ਦੀ ਪੈਲਾਂ ਵੀ ਫਿੱਕੀਆਂ ਪੈ ਜਾਂਦੀਆਂ ਹਨ, ਸ਼ੇਰਾਂ ਦੀ ਗਰਜਨਾ ਵੀ ਲੋਕਾਂ ਨੂੰ ਭੁੱਲ ਜਾਂਦੀ ਹੈ। ਖੇਡ, ਤਾਂ ਪੰਜਾਬੀਆਂ ਲਈ ਉਹਨਾ ਦਾ ਵਿਰਸਾ ਹੈ, ਬਾਬੇ ਨਾਨਕ ਦੀ ਬਾਣੀ ਦਾ ਸੱਚ ਹੈ, ਜਿਹਨੂੰ ਉਹ ਪੱਲੇ ਬੰਨ ਜ਼ਿੰਦਗੀ 'ਚ ਵਿਚਰਦਾ ਹੈ, ਪ੍ਰਾਪਤੀਆਂ ਕਰਦਾ ਹੈ,ਉਹਦੇ ਗੁਣ ਗਾਉਂਦਾ ਹੈ, ਉਹਦਾ ਲੱਖ-ਲੱਖ ਸ਼ੁਕਰ ਮਨਾਉਂਦਾ ਹੈ।

ਪਿੰਡ ਦੀ ਸ਼ਾਮ ਵੇਖ ਲਓ, ਭਾਵੇਂ ਸਵੇਰ! ਖੇਡਾਂ ਦਾ ਝਲਕਾਰਾ ਪਿੰਡਾਂ ਦੀ ਬਰੂਹਾਂ 'ਚ ਦਿਸਦਾ ਹੈ। ਬਿਨ੍ਹਾਂ ਸ਼ੱਕ ਪੰਜਾਬੀ ਜੁਸਿਆਂ ਤੇ ਸੁਭਾਅ ਨੂੰ ਉਜਾੜਨ ਦੇ ਨਸ਼ਿਆਂ ਦੇ ਸਾਜ਼ਿਸ਼ੀ ਹਮਲਿਆਂ ਨੇ ਪੰਜਾਬੀ ਨੌਜਵਾਨਾਂ, ਬੱਚਿਆਂ, ਮੁਟਿਆਰਾਂ ਦੇ ਰਾਹ ਔਝੜੇ ਕੀਤੇ ਹਨ। ਮੁੰਡੇ, ਮੋਟਰਸਾਈਕਲ, ਮੋਬਾਇਲ,ਵਿਦੇਸ਼ੀ ਰਾਹ ਪਾਉਣ ਦੇ ਰਾਹ ਪਾ ਦਿਤੇ ਗਏ ਹਨ,ਮੁਟਿਆਰਾਂ ਵੀ ਕਿਸੇ ਤਰ੍ਹਾਂ ਰੀਸੋ-ਰੀਸੀ ਉਹ ਹਰ ਸ਼ੌਕ ਪਾਲ ਰਹੀਆਂ ਹਨ, ਜੋ ਮੁੰਡੇ ਹੰਢਾਉਂਦੇ ਹਨ,ਪਰ ਖੇਡਾਂ ਹਾਲੇ ਵੀ ਪੰਜਾਬੀਆਂ ਲਈ ਜੀਵਨ-ਜਾਚ ਹਨ। ਖੇਡਾਂ ਹਾਲੇ ਵੀ ਉਹਨਾ ਦੇ ਖ਼ੂਨ 'ਚ ਰਚੀਆਂ ਹੋਈਆਂ ਹਨ। ਖੇਡਾਂ ਅਤੇ ਭੰਗੜੇ ਦੀ ਤਾਲ-ਸੁਰ, ਗਿੱਧੇ ਦੀ ਧਮਾਲ ਤੇ ਬੋਲੀਆਂ ਨੂੰ, ਬਾਬੇ ਦੀ ਬਾਣੀ ਨੂੰ, ਕਿਹੜਾ ਸਿਆਸੀ ਦਲਾਲ, ਕਿਹੜਾ ਸਿਆਸੀ ਭਗਵਾਂਪਨ, ਕਿਹੜਾ ਸਿਆਸੀ ਡਿਕਟੇਟਰ, ਪੰਜਾਬੀਆਂ ਤੋਂ ਖੋਹ ਸਕਦਾ ਹੈ, ਜਾਂ ਖੋਹ ਸਕਿਆ ਹੈ? ਭਾਵੇਂ ਇਹ ਖੋਹਣ ਦੇ ਯਤਨ '47 'ਚ ਵੀ ਹੋਏ, '84 'ਚ ਵੀ ਹੋਏ, ਨਸ਼ਿਆਂ ਦੀ ਮਾਰ ਅਤੇ ਖਾੜਕੂਵਾਦ ਸਮੇਂ ਸ਼ਰੇਆਮ ਹਜ਼ਾਰਾਂ ਨੌਜਵਾਨਾਂ ਦੇ ਮਾਰਨ, ਲਾਪਤਾ ਕਰਨ ਦੇ ਯਤਨਾਂ ਨਾਲ ਵੀ ਹੋਏ ਅਤੇ ਹੁਣ ਕਿਸਾਨਾਂ ਵਿਰੁੱਧ ਕਾਲੇ ਕਾਨੂੰਨ ਪਾਸ ਕਰਕੇ, ਉਹਨਾ ਦੀ ਜ਼ਮੀਨ ਨੂੰ, ਉਹਨਾ ਦੀ ਹੋਂਦ ਨੂੰ, ਉਹਨਾ ਦੀ ਅਣਖ਼ ਨੂੰ ਖ਼ਤਰਾ ਪੈਦਾ ਕਰਕੇ ਵੀ ਹੋਏ! ਪਰ, ਪੰਜਾਬੀ, ਪ੍ਰੋ: ਪੂਰਨ ਸਿੰਘ ਦੇ ਸ਼ਬਦਾਂ 'ਚ "ਟੈਂਅ ਨਾ ਮੰਨਣ ਕਿਸੇ ਦੀ" ਪੰਜਾਬ ਦਾ ਪਿੰਡ ਕਦੇ ਉਦਾਸ ਹੁੰਦਾ ਹੈ, ਕਦੇ ਹੁਲਾਸ ਨਾਲ ਭਰਦਾ ਹੈ। ਉਦਾਸ ਹੁੰਦਾ ਹੈ ਉਦੋਂ ਜਦੋਂ ਕੋਈ ਜੁਆਨ ਨਸ਼ੇ ਦੀ ਬਲੀ ਚੜ੍ਹਦਾ ਹੈ, ਜਦੋਂ ਕੋਈ ਕਿਸਾਨ ਸ਼ਤੀਰਾਂ ਨਾਲ ਲਟਕ ਜਾਂਦਾ ਹੈ, ਖ਼ੁਦਕੁਸ਼ੀ ਕਰ ਜਾਂਦਾ ਹੈ, ਪਰ ਖ਼ੁਸ਼ ਹੁੰਦਾ ਹੈ ਉਦੋਂ ਜਦੋਂ ਹਾਕੀ ਜਿੱਤ ਪੰਜਾਬੀ ਖਿਡਾਰੀ ਵਰ੍ਹਿਆਂ ਬਾਅਦ ਦੇਸ਼ ਨੂੰ ਖ਼ੁਸ਼ੀ ਦਿੰਦੇ ਹਨ। ਪੰਜਾਬ ਦਾ ਪਿੰਡ ਉਦਾਸ ਹੁੰਦਾ ਹੈ ਉਦੋਂ ਜਦੋਂ ਧੀਆਂ ਦਾ ਕੁੱਖ 'ਚ ਕਤਲ ਕੀਤਾ ਜਾਂਦਾ ਹੈ, ਖੁਸ਼ ਹੁੰਦਾ ਹੈ ਉਦੋਂ ਜਦੋਂ ਧੀਆਂ ਖੇਡਾਂ, ਪੜ੍ਹਾਈ ਦੇ ਖੇਤਰ 'ਚ ਵੱਡੀਆਂ ਪ੍ਰਾਪਤੀਆਂ ਕਰਦੀਆਂ ਹਨ ਅਤੇ ਮਾਪਿਆਂ ਤੇ ਸਮਾਜ ਦੀ ਖੁਸ਼ੀ ਦਾ ਬਾਰੋਬਰ ਦਾ ਹਿੱਸਾ ਬਣਦੀਆਂ ਹਨ।

ਪੰਜਾਬ ਦੇ ਪਿੰਡਾਂ ਦੇ ਪਹਿਲਵਾਨੀ ਅਤੇ ਕਬੱਡੀ ਦੇ ਅਖ਼ਾੜੇ, ਫੁੱਟਬਾਲ, ਬਾਲੀਵਾਲ ਦੇ ਮੈਦਾਨ, ਪਿੰਡ ਦਾ ਸ਼ਿੰਗਾਰ ਹਨ। ਸਵੇਰੇ, ਸ਼ਾਮੀ ਬੱਚੇ, ਨੌਜਵਾਨ ਜਦੋਂ ਖੇਡ ਮੈਦਾਨ 'ਚ ਬੁੱਕਦੇ ਹਨ, ਪ੍ਰੈਕਟਿਸ ਕਰਦੇ ਹਨ, ਜੁੱਸਿਆਂ ਨੂੰ ਤਕੜਾ ਸੁਡੋਲ ਕਰਦੇ ਹਨ ਅਤੇ ਫਿਰ ਕਬੱਡੀ, ਫੁੱਟਬਾਲ, ਮੁਕਾਬਲਿਆਂ 'ਚ ਹਿੱਸਾ ਲੈਂਦੇ ਹਨ ਤਾਂ ਨਜ਼ਾਰਾ ਵੇਖਿਆਂ ਹੀ ਬਣਦਾ ਹੈ। ਖੁਸ਼ੀ ਦੇ ਪਲ ਤਾਂ ਖੇਡ ਮੈਦਾਨ ਉਦੋਂ ਹੰਡਾਉਂਦਾ ਹੈ, ਜਦੋਂ ਪਿੰਡਾਂ 'ਚ ਫੁੱਟਬਾਲ ਟੂਰਨਾਮੈਂਟ, ਵੇਟ ਲਿਫਟਿੰਗ ਮੁਕਾਬਲੇ ਅਤੇ ਕਬੱਡੀ ਦੇ ਵਿਸ਼ਵ-ਪੱਧਰੀ ਮੁਕਾਬਲੇ ਪ੍ਰਵਾਸੀ ਵੀਰਾਂ ਦੇ ਸਹਿਯੋਗ ਨਾਲ ਪਿੰਡਾਂ 'ਚ ਕਰਵਾਏ ਜਾਂਦੇ ਹਨ। ਨੌਜਵਾਨਾਂ ਨੂੰ ਖੇਡਾਂ 'ਚ ਰੁਚਿਤ ਹੋਣ ਦਾ ਹੁਲਾਰਾ ਦਿੰਦੇ ਹਨ। ਇਹ ਹੁਲਾਸ ਵਰ੍ਹੇ ਭਰ ਅਗਲੇ ਸਾਲ 'ਚ ਇੱਕ ਨਵੀਂ ਆਸ ਨਾਲ ਜੀਉਂਦਾ ਜਾਗਦਾ ਹੈ, ਪਿੰਡ ਦੇ ਜਾਗਣ ਵਾਂਗਰ, ਜੋ ਕਦੇ ਸੌਂਦਾ ਨਹੀਂ, ਖ਼ਬਰਦਾਰ ਰਹਿੰਦਾ ਹੈ, ਆਪਣੇ ਬੱਚਿਆਂ ਲਈ, ਆਪਣੇ ਪੁੱਤਾਂ, ਧੀਆਂ ਲਈ, ਆਪਣੇ ਵਿਰਸੇ-ਸਭਿਆਚਾਰ ਲਈ ਅਤੇ ਸਭ ਤੋਂ ਵੱਧ ਮਾੜੇ-ਭੈੜੇ ਉਹਨਾ ਲੋਕਾਂ ਤੋਂ ਆਪਣੇ ਭਵਿੱਖ ਨੂੰ ਬਚਾਉਣ ਲਈ, ਜਿਹੜੇ ਉਹਨਾ ਪੱਲੇ ਭ੍ਰਿਸ਼ਟਾਚਾਰ ਪਾ ਰਹੇ ਹਨ, ਉਹਨਾ 'ਚ ਧੜੇ-ਬੰਦੀ ਦੇ ਬੀਅ ਬੀਜ ਰਹੇ ਹਨ, ਜਿਹੜੇ ਨਫ਼ਰਤ-ਸਾੜੇ ਦੀ ਸਿਆਸਤ ਕਰਕੇ ਧਰਮ-ਜਾਤ ਦੀ ਵੰਡ ਦਾ ਵਖਰੇਵਾਂ ਪਾਕੇ, ਵੋਟ ਰਾਜੀਨੀਤੀ ਦੀ ਖਾਤਰ ਸਭੋ ਕੁਝ ਹਥਿਆਉਣਾ ਚਾਹੁੰਦੇ ਹਨ, ਪਿੰਡ ਵੀ, ਖੇਤ ਵੀ, ਖੇਡ ਵੀ ਅਤੇ ਮਨੁੱਖੀ ਜ਼ਿੰਦਗੀ ਵੀ।



ਪੰਜਾਬੀਆਂ ਦੀ ਪਹਿਲੀ ਕਿਲਕਾਰੀ ਖੇਡ ਹੈ। ਬਚਪਨ, ਜੁਆਨੀ, ਬੁਢਾਪਾ ਉਹਨਾ ਨੂੰ ਕਿਸੇ ਹੀਲੇ ਵੀ ਖੇਡ ਤੋਂ ਵੱਖ ਨਹੀਂ ਹੋਣ ਦਿੰਦਾ। ਇਹੋ ਖੇਡ ਦਾ ਰੰਗ, ਉਹਨਾ ਨੂੰ ਸਰਹੱਦਾਂ ਦੀ ਰਾਖੀ ਲਈ ਭੇਜਦਾ ਹੈ, ਇਹੋ ਖੇਡ ਦਾ ਰੰਗ ਉਹਨਾ ਨੂੰ ਨਿਹੱਕਿਆਂ ਦੇ ਹੱਕ 'ਚ ਖੜਨ, ਉਹਨਾਂ ਲਈ ਜਾਨ ਵਾਰਨ ਅਤੇ ਆਪਣੀ ਹੱਕ ਪ੍ਰਾਪਤੀ ਦੇ ਸੰਘਰਸ਼ ਲਈ ਪ੍ਰੇਰਦਾ ਹੈ। ਖੇਡ, ਖੇਡ 'ਚ ਪੰਜਾਬੀ ਵੱਡੀਆਂ ਪ੍ਰਾਪਤੀਆਂ ਕਰਦੇ ਹਨ। ਪਰ ਖੇਡ, ਖੇਡ 'ਚ ਅਤੀਤ 'ਚ ਉਹਨਾ ਬਹੁਤ ਕੁਝ ਗੁਆਇਆ ਹੈ। ਸਿਆਸੀ ਖੇਡਾਂ 'ਚ ਦਿੱਲੀ ਹੱਥੋਂ ਪੰਜਾਬੀ ਮਾਤ ਖਾਂਦੇ ਰਹੇ ਹਨ, ਪਰ ਕਦੇ ਝੁਕੇ ਨਹੀਂ, ਅੜੇ ਰਹੇ, ਖੜੇ ਰਹੇ, ਬੜਾ ਕੁਝ ਗੁਆਇਆ ਧਨ, ਦੌਲਤ, ਸਰੀਰ, ਮਨ ਦਾ ਚੈਨ ਪਰ ਬੜਾ ਕੁਝ ਪਾਇਆ ਅਣਖ਼, ਸੰਤੁਸ਼ਟੀ ਅਤੇ ਟੌਹਰ-ਟੱਪਾ। ਬਿਨ੍ਹਾਂ ਸ਼ੱਕ ਅਫਗਾਨੇ-ਕਸ਼ਮੀਰੇ-ਦਿੱਲੀ ਤੱਕ ਰਾਜ ਕੀਤਾ, ਪਰ ਇਮਾਨਦਾਰ ਖੇਡ ਦੀ ਕਰਾਮਾਤ ਹੀ ਕਹਾਂਗੇ, ਸਭੋ ਕੁਝ ਸਿਮਟ ਪੰਜ ਦਰਿਆਵਾਂ ਨੂੰ ਸੰਭਾਲ ਲਿਆ। ਪਰ ਸਿਆਸੀ ਰੰਗ ਢੰਗ ਦੀ ਖੇਡ ਨੇ, ਉਹਦੇ ਢਾਈ ਦਰਿਆ ਹੀ ਪੱਲੇ ਰਹਿਣ ਦਿੱਤੇ।

ਰਾਜਧਾਨੀ ਤੇ ਪੰਜਾਬੀ ਬੋਲਦੇ ਇਲਾਕੇ ਤਾਂ ਸਾਜ਼ਿਸ਼ਨ ਉਹਨਾ ਹਥਿਆਉਣੇ ਹੀ ਸਨ, ਪੰਜਾਬ ਦੇ ਦਰਿਆਵਾਂ ਦਾ ਪਾਣੀ ਵੀ ਖੋਹ ਲਿਆ। ਪੰਜਾਬੀ, ਜਿਹੜੇ ਅਧਾਰ 'ਤੇ ਸੂਬਾ ਪੰਜਾਬ ਬਣਿਆ ਸੀ, ਸਿਆਸਤਦਾਨਾਂ ਦੀ ਬੇਰੁਖ਼ੀ ਕਾਰਨ ਪੰਜਾਬੀ ਮਾਂ ਬੋਲੀ, ਮਤਰੇਈ ਮਾਂ ਵਾਲਾ ਸਲੂਕ ਹੰਢਾ ਰਹੀ ਹੈ। ਇਹ ਖੇਡਾਂ, ਇਹ ਚਾਲਾਂ ਇਹ ਸਾਜ਼ਿਸ਼ਾਂ ਹੰਢਾਉਣ ਲਈ ਆਦੀ ਹੋ ਚੁੱਕੇ ਪੰਜਾਬੀ ਫਿਰ ਵੀ ਖੇਡਾਂ ਨਹੀਂ ਭੁਲੇ, ਮੇਲੇ ਨਹੀਂ ਭੁਲੇ, ਸਭਿਆਚਾਰ ਨਹੀਂ ਭੁਲੇ! ਆਪਣਾ ਵਿਰਸਾ ਉਹਨਾ ਦੀ ਕੁੱਖ 'ਚ ਪਲ ਰਿਹਾ।

ਪਰ ਸਰਕਾਰਾਂ ਖੇਡਾਂ ਨਾਲ ਮਜ਼ਾਕ ਕਰ ਰਹੀਆਂ ਹਨ। ਕਦੇ ਕਦਾਈ ਖੇਡਾਂ ਨੂੰ ਸਿਆਸਤ ਲਈ ਵਰਤਦੀਆਂ ਨਜ਼ਰ ਆਉਂਦੀਆਂ ਹਨ। ਪਿਛਲੇ ਵਰ੍ਹਿਆਂ 'ਚ ਵਿਸ਼ਵ ਕਬੱਡੀ ਟੂਰਨਾਮੈਂਟ ਕਿਸੇ ਸਿਆਸੀ ਧਿਰ ਵਾਲੀ ਸਰਕਾਰ ਨੇ ਕਰਵਾਏ,ਆਪਣੀ ਸਿਆਸੀ ਹਿੱਤਾਂ ਦੀ ਪੂਰਤੀ ਲਈ, ਉਵੇਂ ਹੀ ਜਿਵੇਂ ਵਰ੍ਹਿਆਂ-ਬੱਧੀ ਪੰਜਾਬੀ 'ਚ ਪ੍ਰਵਾਸੀ ਸੰਮੇਲਨ ਕਰਵਾਏ ਵੋਟਾਂ ਦੀ ਪ੍ਰਾਪਤੀ ਲਈ! ਪਰ ਪੰਜਾਬੀਆਂ ਕੀ ਖੱਟਿਆ?

ਪੰਜਾਬ ਸਰਕਾਰਾਂ ਕਦੇ ਖੇਡਾਂ ਨੂੰ ਉਤਸ਼ਾਹਿਤ ਕਰਨ ਵੱਲ ਨਜ਼ਰ ਸਵੱਲੀ ਨਹੀਂ ਕੀਤੀ। ਕਿਥੇ ਗਏ ਹਰ ਵਰ੍ਹੇ ਪੰਚਾਇਤਾਂ, ਪਿੰਡਾਂ 'ਚ ਕਰਵਾਏ ਜਾਣ ਵਾਲੇ ਬਲਾਕ, ਜ਼ਿਲਾ, ਸੂਬਾ ਪੱਧਰੀ ਖੇਡ ਮੁਕਾਬਲੇ? ਸਿਰਫ਼ ਸਕੂਲਾਂ 'ਚ ਸਿਮਟਕੇ ਰਹਿ ਗਏ ਹਨ ਇਹ ਖੇਡ ਮੁਕਾਬਲੇ, ਖੋਹ-ਖੋਹ, ਕਬੱਡੀ, ਫੁੱਟਬਾਲ, ਵਾਲੀਬਾਲ ਟੇਬਲ ਟੈਨਿਸ ਦੇ ਮੁਕਾਬਲਿਆਂ ਤੱਕ ਸੀਮਤ, ਉਹ ਵੀ ਖ਼ਾਨਾ ਪੂਰਤੀ ਲਈ। ਕਿੰਨੇ ਸਟੇਡੀਅਮ ਹਨ ਸਰਕਾਰ ਦੇ ਸੂਬੇ 'ਚ? ਕਿੰਨੀਆਂ ਜਿੰਮਾਂ ਹਨ, ਪੰਜਾਬ 'ਚ? ਕਿੰਨੇ ਕੋਚ ਭਰਤੀ ਕੀਤੇ ਹਨ ਖੇਡ ਵਿਭਾਗ 'ਚ? ਕਿੰਨੇ ਪੀ.ਟੀ.ਆਈ., ਡੀ.ਪੀ.ਆਈ. ਸਿੱਖਿਆ ਵਿਭਾਗ 'ਚ ਤਾਇਨਾਤ ਹਨ? ਕਿੰਨਾ ਬਜ਼ਟ ਹੈ ਖੇਡ ਵਿਭਾਗ ਦਾ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ?

ਪਰ ਤਸੱਲੀ ਵਾਲੀ ਗੱਲ ਹੈ ਪਿੰਡ ਸੰਸਾਰਪੁਰ 'ਚ ਹਾਕੀ ਮੈਦਾਨ ਦਾ ਅੰਤਰਰਾਸ਼ਟਰੀ ਪੱਧਰ ਦਾ ਮੈਦਾਨ ਹੈ। ਇਹ ਵੀ ਤਸੱਲੀ ਵਾਲੀ ਗੱਲ ਹੈ ਕਿ ਵੱਡੀ ਗਿਣਤੀ ਪੰਜਾਬੀ ਖਿਡਾਰੀ, ਭਾਰਤੀ ਹਾਕੀ ਟੀਮ ਦਾ ਹਿੱਸਾ ਹਨ। ਇਹ ਉਹਨਾ ਦੀ ਲਗਨ, ਮਿਹਨਤ, ਸਿਰੜ ਦਾ ਸਿੱਟਾ ਹੈ। ਇਹ ਵੀ ਤਸੱਲੀ ਵਾਲੀ ਗੱਲ ਹੈ ਕਿ ਜੇਤੂ ਖਿਡਾਰੀਆਂ ਦਾ ਪੰਜਾਬ ਸਰਕਾਰ 'ਤੇ ਪੰਜਾਬੀਆਂ ਮਾਣ-ਸਨਮਾਨ ਕੀਤਾ ਹੈ। ਬਹੁਤ ਸਾਰੇ ਪਿੰਡਾਂ 'ਚ ਖੇਡਾਂ ਸਟੇਡੀਅਮ ਹਨ, ਜਿੰਮਾਂ ਹਨ, ਪਹਿਲਵਾਨਾਂ ਦੇ ਅਖਾੜੇ ਹਨ। ਰਾਏਕੋਟ 'ਚ ਲੋਕ-ਖੇਡਾਂ ਹੁੰਦੀਆਂ ਹਨ। ਜਲੰਧਰ 'ਚ ਹਾਕੀ ਟੂਰਨਾਮੈਂਟ ਹੁੰਦੇ ਹਨ।

ਪਰ ਪੰਜਾਬ ਸਰਕਾਰ ਦੀ ਖੇਡ ਪਾਲਿਸੀ ਕਿਥੇ ਹੈ? ਸੂਬੇ ਦਾ ਖੇਡ ਵਿਭਾਗ ਕਾਗਜ਼ਾਂ 'ਚ ਹੋਏਗਾ, ਅਮਲਾਂ 'ਚ ਪੰਜਾਬ 'ਚ ਕਿਧਰੇ ਵਿਖਾਈ ਨਹੀਂ ਦੇਂਦਾ। ਪਿੰਡਾਂ ਦੀਆਂ ਬਰੂਹਾਂ 'ਚ ਤਾਂ ਉਸਦੀ ਦਸਤਕ ਨਾ-ਮਾਤਰ ਹੈ। ਇੰਜ ਕਿਵੇਂ ਚੱਲੇਗਾ ਪੰਜਾਬ ਦਾ ਖੇਡ ਸਭਿਆਚਾਰ? ਇੰਜ ਕਿਵੇਂ ਬਚੇਗਾ ਪੰਜਾਬ? ਇਕੱਲੀ ਸਰਕਾਰ ਹੀ ਕਿਉਂ, ਸਾਡੇ ਪੰਜਾਬੀ ਧੁਰੰਤਰ, ਪੰਜਾਬੀ-ਬੁੱਧੀਜੀਵੀ, ਸੁਚੇਤ ਪੰਜਾਬੀ ਆਪਣੇ ਮਾਮਲਿਆਂ, ਆਪਣੇ ਨਾਲ ਹੁੰਦੇ ਧੱਕਿਆਂ, ਪੰਜਾਬੀਆਂ ਦੀ ਰੂਹ ਖੇਡਾਂ ਨਾਲ ਹੋ ਰਹੇ ਵਿਤਕਰੇ ਸਬੰਧੀ ਚੁੱਪ ਕਿਉਂ ਧਾਰੀ ਬੈਠੇ ਹਨ? ਅਸੀਂ ਜਿਹੜੇ ਢੁੱਠਾਂ ਵਾਲੇ, ਵੱਡੇ ਉੱਦਮੀ, ਬਾਬੇ ਨਾਨਕ ਦੇ ਪੈਰੋਕਾਰ ਕਹਾ ਖੁਸ਼ੀ 'ਚ ਫੁੱਲੇ ਨਹੀਂ ਸਮਾਂ ਰਹੇ, ਆਖ਼ਿਰ ਆਪਣੀ ਹਾਲਤ ਕ੍ਰਾਂਤੀਕਾਰੀ ਕਵੀ ਲਾਲ ਸਿੰਘ ਦਿਲ ਦੀ ਕਵਿਤਾ "ਅਸੀਂ ਵੱਡੇ ਵੱਡੇ ਪਹਿਲਵਾਨ" ਵਾਲੀ ਕਿਉਂ ਬਣਾ ਬੈਠੇ ਹਾਂ? ਲਉ ਪੜ੍ਹੋ ਕਵੀ ਦੇ ਬੋਲ:-

"ਅਸੀਂ ਵੱਡੇ ਵੱਡੇ ਪਹਿਲਵਾਨ
ਸਵੇਰੇ ਹੀ ਕੱਸ ਲੈਂਦੇ ਹਾਂ ਲੰਗੋਟੇ
ਲੜਨ ਲਈ ਭੁੱਖ ਨੰਗ ਨਾਲ
ਜੋੜ ਤੋੜ ਜੋੜ ਤੋੜ ਕਰਦੇ ਰਹਿਣਾ ਸਾਡੀ ਕਸਰਤ ਹੈ
ਦਾਅ ਬਹੁਤ ਡਾਢੇ ਨੇ
ਬੋਲਣ ਦੀ ਥਾਂ ਚੁੱਪ ਕਰ ਜਾਣਾ
ਪੀਣ ਦੀ ਥਾਂ ਪਿਆਸੇ ਮਰ ਜਾਣਾ
ਖਾਣ ਦੀ ਥਾਂ ਕਸਮ ਖਾਣੀ ਲੜਦੇ ਰਹਿਣ ਦੀ
ਪਛਾੜਦੇ ਹਾਂ ਵੱਡੇ ਵੱਡੇ ਪਹਿਲਵਾਨ
ਗਰਦਨ 'ਤੇ ਗੋਡਾ ਧਰ ਕੇ
ਖੇਤ ਪਏ ਗਧੇ ਵਾਲੀ ਜੂਨ ਭੋਗਦੇ ਹਾਂ
ਪਰ ਤਾਂ ਵੀ ਅਸੀਂ ਵੱਡੇ ਵੱਡੇ ਪਹਿਲਵਾਨ
ਸਵੇਰੇ ਹੀ ਲੰਗੋਟੇ ਕੱਸ ਲੈਂਦੇ ਹਨ"।

****

# ਸ ਸ ਸ ਸ ਸਕੂਲ ਕੋਟ ਫਤੂਹੀ ਵਿਚ ਬਹੁਤ ਜਿਆਦਾ ਪੋਸਟਾਂ ਖਾਲੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਸਾਡੇ ਸੰਵਿਧਾਨ ਦਾ ਉਪਦੇਸ਼ ਸੱਚਾਈ ਦੀ ਹਮੇਸ਼ਾਂ ਜਿੱਤ ਹੁੰਦੀ ਹੈ। ਪਰ ਸਿੱਖਿਆ ਦੇ ਪ੍ਰਤੀ ਆਮ ਆਦਮੀ ਪਾਰਟੀ ਦੇ ਝੂਠ ਅਤੇ ਗੱਪਾਂ ਨੇ ਐਲੀਮੈਂਟਰੀ ਸਕੂਲਾਂ ਤੋਂ ਲੈ ਕੇ ਸੀਨੀਅਰ ਸੈਕੰਡਰੀ ਸਕੂਲਾਂ ਤੱਕ ਦੀ ਸਿੱਖਿਆ ਦੇ ਕੇਂਦਰਾਂ ਵਿਚੋਂ ਝੂਠ ਦੇ ਅਧਾਰ ਤੇ ਬੱਚਿਆਂ ਨਾਲ ਸੰਵਿਧਾਨਕ ਵਿਤਕਰਾ ਕਰਕੇ ਜਿਹੜਾ ਗੈਰ ਸੰਵਿਧਾਨਕ ਕੰਮ ਕੀਤਾ ਹੈ। ਉਸ ਦਾ ਖਮਿਆਜਾ ਦੇਸ਼ ਦਾ ਭੱਵਿਖ ਕਹਾਉਣ ਵਾਲੇ ਬੱਚਿਆਂ ਨੂੰ ਭੁਗਤਣਾ ਪੈ ਰਿਹਾ ਹੈ। ਇਹ ਸੱਚ ਹੈ ਕਿ ਰੇਤ ਦੇ ਟਿੱਬਿਆਂ ਉਤੇ ਮਹਿਲ ਨਹੀਂ ਉਸਾਰੇ ਜਾ ਸਕਦੇ। ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕੋਟ ਫਤੂਹੀ ਵਿਚੋਂ ਸੂਚਨਾ ਦੇ ਅਧਿਕਾਰ ਦੀ ਵਰਤੋਂ ਕਰਦਿਆਂ ਸਮਾਰਟ ਸਕੂਲ ਦੀ ਅਸਲ ਸਥਿਤੀ ਦਾ ਖੁਲਾਸਾ ਕਰਦਿਆਂ ਦੱਸਿਆ ਕਿ 50 ਪ੍ਰਤੀਸ਼ਤ ਦੇ ਲਗਭਗ ਸਕੂਲ ਵਿਚ ਅਧਿਆਪਕਾਂ, ਲੈਕਚਰਾਰਾਂ ਅਤੇ ਹੋਰ ਸਟਾਫ ਦੀਆ ਪੋਸਟਾਂ ਖਾਲੀ ਰੱਖ ਕੇ ਪੰਜਾਬ ਸਰਕਾਰ ਬੱਚਿਆਂ ਦੇ ਭੱਵਿਖ ਨਾਲ ਖਿਲਵਾੜ ਕਰ ਰਹੀ ਹੈ।ਉਨ੍ਹਾਂ ਦਸਿਆ ਕਿ ਸਕੂਲ ਵਿਚ ਕੁੱਲ 363 ਬੱਚੇ ਪੜ੍ਹਦੇ ਹਨ। ਜਿਨ੍ਹਾਂ ਵਿਚ 153 ਲੜਕੀਆਂ ਅਤੇ 210 ਲੜਕੇ ਹਨ। ਜਿਨ੍ਹਾਂ ਵਿਚ 6ਵੀਂ ਕਲਾਸ ਵਿਚ 28 ਬੱਚੇ, 7ਵੀਂ ਕਲਾਸ ਵਿਚ 22 ਬੱਚੇ, 8ਵੀਂ ਕਲਾਸ ਵਿਚ 38 ਬੱਚੇ, 9ਵੀਂ ਕਲਾਸ ਵਿਚ 38 ਬੱਚੇ ਤੇ 10ਵੀਂ ਵਿਚ 48 ਬੱਚੇ ਹਨ।ਇਸੇ ਤਰ੍ਹਾਂ 11ਵੀਂ ਵਿਚ ਕੁਲ 93 ਬੱਚੇ ਹਨ ਤੇ ਜਿਨ੍ਹਾਂ ਵਿਚੋਂ 52 ਬੱਚੇ ਆਰਟਸ, 21 ਕਮਰਸ ਅਤੇ 20 ਸਾਇੰਸ ਵਿਸ਼ੇ ਨਾਲ ਸਬੰਧਤ ਹਨ।ਪਲੱਸ ਟੂ ਵਿਚ ਕੁਲ 96 ਬੱਚੇ ਹਨ ਤੇ ਜਿਨ੍ਹਾਂ ਵਿਚ 65 ਆਰਟਸ,13 ਕਮਰਸ ਅਤੇ 18 ਸਾਇੰਸ ਦੇ ਵਿਸ਼ੇ ਨਾਲ ਸਬੰਧਤ ਹਨ। ਧੀਮਾਨ ਨੇ ਦੱਸਿਆ ਕਿ ਸਕੂਲ ਵਿਚ ਆਰਟੀਐਕਟ — 2009 ਅਧੀਨ 6ਵੀਂ ਤੋਂ 8ਵੀਂ ਕਲਾਸ ਤੱਕ ਦੇ ਬੱਚਿਆਂ ਤੋਂ ਕੋਈ ਫੀਸ ਨਹੀਂ ਲਈ ਜਾਂਦੀ। ਪਰ 9ਵੀਂ ਕਲਾਸ ਦੇ ਪ੍ਰਤੀ ਬੱਚੇ ਤੋਂ ਸਲਾਨਾ ਕੁਲ 860 ਰੁ:, ਜਿਸ ਵਿਚ 240 ਰੁ: ਅਮਲਗਾਮੇਟਿਡ ਫੰਡ,180 ਰੁ: ਸਪੋਰਟਸ ਫੰਡ,180 ਪੀਟੀਏ ਫੰਡ, 60 ਰੁ: ਸੀਐਫ, 200 ਰੁ: ਰਜਿਸਟ੍ਰੇਸ਼ ਫੀਸ ਲਈ ਜਾਂਦੀ ਹੈ। 10 ਵੀਂ ਕਲਾਸ ਦੇ ਪ੍ਰਤੀ ਬੱਚੇ ਤੋਂ ਕੁਲ 810 ਰੁ:, ਜਿਨ੍ਹਾਂ ਵਿਚ 240ਰੁ: ਅਮਲਗਾਮੇਟਿਡ ਫੰਡ, 240 ਰੁ:ਸਪੋਰਟਸ ਫੰਡ, 180 ਰੁ: ਪ੍ਰਤੀ ਵਿਦਿਆਰਥੀ, ਪੀਟੀਏ ਫੰਡ 180 ਰੁ:, ਸੀਐਫ 60 ਰੁ:, ਰਸਿਟ੍ਰੇਸ਼ਨ ਫੀਸ 150 ਰੁ: ਪ੍ਰਤੀ ਵਿਦਿਆਰਥੀ ਲਈ ਜਾਂਦੀ ਹੈ। ਉਨ੍ਹਾਂ ਦੱਸਿਆ ਕਿ 11ਵੀਂ ਦੇ ਆਰਟਸ ਪੜ੍ਹਣ ਵਾਲੇ ਬੱਚਿਆਂ ਤੋਂ ਕੁਲ 3070 ਰੁ: ਸਲਾਨਾ, ਪ੍ਰਤੀ ਵਿਦਿਆਰਥੀ। ਜਿਸ ਵਿਚ 300 ਰੁ: ਅਮਲਗਾਮੇਟਿਡ ਫੰਡ, 240 ਰੁ:, ਸੀਐਫ 96 ਰੁ:,,240 ਰੁ:ਸਪੋਰਟਸਫੰਡ ,ਪੀਟੀਏ 240 ਰੁ:, ਰਜਿਸਟ੍ਰੇਸ਼ ਨਫੀਸ 210 ਰੁ: ਅਤੇ ਬੋਰਡ ਦੀ ਪੇਪਰ ਫੀਸ 1900 ਰੁ: ਪ੍ਰਤੀ ਵਿਦਿਆਰਥੀ ਆਦਿ ਲਈ ਜਾਂਦੀ ਹੈ। ਕਮਰਸ ਵਾਲੇ ਬੱਚਿਆਂ ਤੋਂ ਕੁਲ 3070 ਰੁ: ਸਲਾਨਾ ਲਏ ਜਾਂਦੇ ਹਨ। ਇਸੇ ਤਰ੍ਹਾਂ 11ਵੀਂ ਵਾਲੇ ਸਾਇੰਸ ਵਿਦਿਆਰਥੀਆਂ ਤੋਂ ਪ੍ਰਤੀ ਵਿਦਿਆਰਥੀ 3370 ਰੁ: ਸਮੇਤ 2200 ਰੁ: ਐਗਜਾਮੀਨੇਸ਼ਨ ਫੀਸ ਅਤੇ 12ਵੀਂ ਵਾਲੇ ਮੈਡੀਕਲ ਵਾਲੇ ਵਿਦਿਆਰਥੀਆਂ ਤੋਂ 3220 ਰੁ: ਪ੍ਰਤੀ ਵਿਦਿਆਰਥੀ ਸਮੇਤ 2050 ਰੁ: ਬੋਰਡ ਦੀ ਐਗਜਾਮੀਨੇਸ਼ਨ ਫੀਸ। ਧੀਮਾਨ ਨੇ ਦੱਸਿਆ ਕਿ ਸਕੂਲ ਵਿਚ ਪ੍ਰਿੰਸੀਪਲ ਦੀ ਪੋਸਟ ਖਾਲੀ, ਲੈਕਚਰਾਰ ਅੰਗਰੇਜੀ ਖਾਲੀ 1 ਵਿਚੋਂ 1, ਲੈਕਚਰਾਰ ਹਿੰਦੀ 1 ਵਿਚੋਂ 1 ਖਾਲੀ, ਲੈਕਚਰਾਰ ਅਰਥ ਸਾਸ਼ਤਰੀ 1 ਵਿਚੋਂ 1 ਖਾਲੀ, ਲੈਕਚਰਾਰ ਹਿਸਟਰੀ ਇਕ ਵਿਚੋਂ 1 ਖਾਲੀ, ਲੈਕਚਰਾਰ ਇਕਨੋਮਿਕਸ 1 ਵਿਚੋਂ 1 ਖਾਲੀ, ਲੈਕਚਰਾਰ ਕਮਰਸ 1 ਵਿਚੋਂ 1 ਖਾਲੀ, ਕਮਿਸਟਰੀ 1 ਵਿਚੋਂ 1 ਖਾਲੀ ਹਨ। ਇਸੇ ਤਰ੍ਹਾਂ ਮਾਸਟਰ



ਕੈਡਰ ਸੋਸ਼ਲ ਸਾਇੰਸ 1 ਵਿਚੋਂ 1 ਖਾਲੀ, ਡੀਪੀਈ 1 ਵਿਚੋਂ 1 ਖਾਲੀ, ਮੈਥ 2 ਵਿਚੋਂ 1 ਖਾਲੀ, ਸਾਇੰਸ ਦੀ 2 ਵਿਚੋਂ 1 ਖਾਲੀ, ਵੋਕੇਸਨਲ ਮਾਸਟਰ (ਐਗਰੀਕਲਚਰ ਵਿਜਿਨਸ) 2 ਵਿਚੋਂ 2 ਖਾਲੀ, ਵੋਕੇਸ਼ਨਲ ਮਾਸਟਰ (ਮੇਨਟੀਨੈਂਸ ਐਂਡ ਰੀਪੇਅਰ ਆਫ ਇਲੈਕਟ੍ਰੀਕਲ ਡੋਮੇਸਟਿਕ ਅਪਲਾਇੰਸ) 2 ਵਿਚੋਂ 2 ਖਾਲੀ, ਵੋਕਸ਼ਨਲ ਮਾਸਟਰ (ਮਕੈਨੀਕਲ ਸਰਵਿਸਿੰਗ ਜਨਰਲ) 1 ਵਿਚੋਂ 1 ਖਾਲੀ, ਲਾਇਬ੍ਰੇਰੀਅਨ 1 ਵਿਚੋਂ 1 ਖਾਲੀ, ਲਾਇਬ੍ਰੇਰੀ ਅਟੈਂਡਿੰਟ 1 ਵਿਚੋਂ 1 ਖਾਲੀ, ਸੇਵਾਦਾਰ 3 ਵਿਚੋਂ 2 ਪੋਸਟਾਂ ਖਾਲੀ ਹਨ। ਧੀਮਾਨ ਨੇ ਕਿਹਾ ਕਿ ਸਿੱਖਿਆ ਦੇ ਨਾਮ ਉਤੇ ਸੱਤਾ ਵਿਚ ਆਈ ਆਮ ਆਦਮੀ ਪਾਰਟੀ ਵਲੋਂ ਵੋਕੇਸ਼ਨਲ ਗਰੁੱਪ ਦੀਆਂ ਤਾਂ 100 ਪ੍ਰਤੀਸ਼ਤ ਹੀ ਖਾਲੀ ਪੋਸਟਾਂ ਰਖੀਆਂ ਗਈਆਂ ਹਨ। ਹੋਰ ਤੇ ਹੋਰ ਸਾਇੰਸ ਤੇ ਮੈਡੀਕਲ ਦੇ ਵਿਦਿਆਰਥੀਆਂ ਤੋਂ ਫੀਸਾਂ ਲੈਣ ਦੇ ਬਾਵਜੂਦ ਵੀ ਸਾਇੰਸ ਲੈਬੋਰੈਟਰੀਆਂ ਲਈ 2010 ਤੋਂ ਲੈ ਕੇ 19 ਜੁਲਾਈ 2024 ਤੱਕ ਇਕ ਨਿੱਕੇ ਪੈਸੇ ਦੀ ਵੀ ਗ੍ਰਾਂਟ ਨਹੀਂ ਦਿਤੀ ਗਈ। ਸਕੂਲ ਵਿਚ ਸਾਇੰਸ ਦੇ ਵਿਦਿਆਰਥੀ ਪ੍ਰੈਕਟੀਕਲਾਂ ਤੋਂ ਵੀ ਵਾਂਝੇ ਹਨ। ਸਰਕਾਰੀ ਸਕੂਲਾਂ ਵਿਚ ਵਰਦੀਆਂ ਦੇ ਮਾਮਲੇ ਵਿਚ ਜਨਰਲ ਕੈਟਾਗਰੀ ਦੇ ਬੱਚਿਆਂ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਵੱਡਾ ਭੇਦ ਭਾਵ ਕਰ ਰਹੀ ਹੈ ਤੇ ਕਿਸੇ ਵੀ ਜਨਰਲ ਕਲਾਸ ਦੇ ਬੱਚੇ ਨੂੰ ਵਰਦੀ ਵੀ ਨਹੀਂ ਦਿਤੀ ਜਾਂਦੀ। ਧੀਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆ ਸਿੱਖਿਆ ਨੀਤੀਆਂ ਸਰਕਾਰੀ ਸਕੂਲਾਂ ਵਿਚ ਪੜ੍ਹਣ ਵਾਲੇ ਬੱਚਿਆਂ ਨਾਲ ਖਿਲਵਾੜ ਕਰ ਰਹੀਆਂ ਹਨ ਤੇ ਬੱਚਿਆਂ ਨੂੰ ਇਹ ਨੀਤੀਆਂ ਅੰਧਕਾਰ ਵੱਲ ਧੱਕ ਰਹੀਆਂ ਹਨ।


## ਜਨਮ ਦਿਨ ਮੁਬਾਰਕ



ਪਰਵਾਜ
ਪਿਤਾ ਸੁਖਿਵਿੰਦਰ ਸਿੰਘ
ਮਾਤਾ ਕਰਮਜੀਤ ਕੌਰ
ਲਤਾਲਾ (ਲੁਧਿਆਣਾ)

### 6 ਸਤੰਬਰ ਸ਼ਹੀਦੀ ਦਿਨ 'ਤੇ ਵਿਸ਼ੇਸ਼

# ਸ਼ਹੀਦ ਭਾਈ ਭਾਗ ਸਿੰਘ ਭਿੱਖੀਵਿੰਡ



ਭਾਈ ਭਾਗ ਸਿੰਘ (ਭਿੱਖੀਵਿੰਡ)

**Bhai Bhag Singh (Bekhiwind)**
Born in Village Bekhiwind, Distt. Lahore. Organised Indians for revolution. He established Gurudwara at Vancouver. British agent Bela Singh shot him dead while he was in deep prayers in Gurudwara on 05.09.1914.

ਭਾਈ ਭਾਗ ਸਿੰਘ ਦਾ ਜਨਮ 1872 ਈ. ਵਿੱਚ ਪਿੰਡ ਭਿੱਖੀਵਿੰਡ ਜੋ ਕਿ ਹੁਣ ਤਰਨਤਾਰਨ ਜ਼ਿਲ੍ਹੇ ਵਿੱਚ ਹੈ ਤੇ ਉਸ ਸਮੇਂ ਲਾਹੌਰ ਜ਼ਿਲ੍ਹੇ ਵਿੱਚ ਹੁੰਦਾ ਸੀ, ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਂ ਸ. ਨਰਾਇਣ ਸਿੰਘ ਸੰਧੂ ਤੇ ਮਾਤਾ ਦਾ ਨਾਂ ਬੀਬੀ ਮਾਨ ਕੌਰ ਸੀ।20 ਸਾਲ ਦੀ ਉਮਰ ਵਿੱਚ ਆਪ ਦਸਵੀਂ ਬੰਗਾਲ ਲੈਂਸਰ ਰਜਮੈਂਟ ਵਿੱਚ ਭਰਤੀ ਹੋ ਗਏ ਪਰ ਪੰਜ ਸਾਲ ਪਿੱਛੋਂ ਅਸਤੀਫਾ ਦੇ ਦਿੱਤਾ। ਕੁਝ ਸਮੇਂ ਪਿੱਛੋਂ ਹਾਂਗਕਾਂਗ ਚਲੇ ਗਏ ਤੇ ਉੱਥੇ ਪੁਲੀਸ ਵਿੱਚ ਭਰਤੀ ਹੋ ਗਏ। ਡੇਢ ਸਾਲ ਨੌਕਰੀ ਕਰਨ ਪਿੱਛੋਂ ਆਪ ਹਾਂਗਕਾਂਗ ਤੋਂ ਚੀਨ ਦੇ ਸ਼ਹਿਰ ਸ਼ੰਘਾਈ ਜਾ ਕੇ ਉੱਥੋਂ ਦੀ ਮਿਉਂਸਿਪਲ ਪੁਲੀਸ ਵਿੱਚ ਭਰਤੀ ਹੋ ਗਏ। 1906 ਈ. ਵਿੱਚ ਨੌਕਰੀ ਛੱਡ ਕੇ ਕਨੇਡਾ ਰਵਾਨਾ ਹੋ ਗਏ।

ਵੈਨਕੂਅਰ ਆ ਕੇ ਆਪ ਨੂੰ ਨਸਲੀ ਵਿਤਕਰੇ ਦਾ ਸ਼ਿਕਾਰ ਹੋਣਾ ਪਿਆ। ਸੋਹਣ ਸਿੰਘ ਪੂੰਨੀ ਨੇ ਆਪਣੀ ਪੁਸਤਕ 'ਕਨੇਡਾ ਦੇ ਗਦਰੀ ਯੋਧੇ ' ਵਿਚ ਇਸ ਬਾਰੇ ਬੜੇ ਵਿਸਥਾਰ ਨਾਲ ਲਿਖਿਆ ਹੈ ਕਿ ਗੋਰੇ ਬੱਚੇ ਭਾਰਤੀਆਂ ਨੂੰ ਉਹੈਲੋ ਇੰਡੀਅਨ ਸਾਲੇਵ" ਭਾਵ ਕਿ ਹੈਲੋ ਭਾਰਤੀ ਗੁਲਾਮੋਂ ਕਹਿ ਕੇ ਬੁਲਾਉਂਦੇ ਸਨ। ਵੋਟਾਂ ਦੇ ਲਾਲਚ ਵਿੱਚ ਗੋਰੇ ਹਿੰਦੁਸਤਾਨੀਆਂ ਵਿਰੁੱਧ ਜ਼ਹਿਰ ਉਗਲ ਰਹੇ ਸਨ। ਹਿੰਦੁਸਤਾਨੀ ਆਵਾਸੀ ਕਨੇਡਾ ਵਿੱਚ ਤਿੰਨ ਸਾਲ ਰਹਿਣ ਤੋਂ ਪਿੱਛੋਂ ਕਨੇਡਾ ਦੇ ਵਸਨੀਕ ਬਣ ਜਾਂਦੇ ਸਨ ਤੇ ਉਨ੍ਹਾਂ ਨੂੰ ਵੋਟ ਪਾਉਣ ਦਾ ਹੱਕ ਮਿਲ ਜਾਂਦਾ ਸੀ। ਪਰ ਬ੍ਰਿਟਿਸ਼ ਕੋਲੰਬੀਆਂ ਦੀ ਕਨਜ਼ਰਵੇਟਿਵ ਸਰਕਾਰ ਨੇ 27 ਮਾਰਚ 1907 ਨੂੰ ਬਿੱਲ ਪਾਸ ਕਰਕੇ ਵੋਟ ਪਾਉਣ ਦਾ ਅਧਿਕਾਰ ਖੋਹ ਲਿਆ। ਏਥੇ ਹੀ ਬੱਸ ਨਹੀਂ ਨਸਲ ਪ੍ਰਸਤ ਗੋਰਿਆਂ ਨੇ ਏਸ਼ੀਆਈਆਂ ਨੂੰ ਬਾਹਰ ਰੱਖਣ ਲਈ ਲੀਗ ਬਣਾ ਲਈ।



**ਡਾ. ਚਰਨਜੀਤ ਸਿੰਘ ਗੁਮਟਾਲਾ**
**0019375739812 (ਅਮਰੀਕਾ),**
**ਵਟਸਐਪ 919417533060**

ਸਤੰਬਰ 1907 ਵਿੱਚ ਅਮਰੀਕਾ ਦੇ ਸ਼ਹਿਰ ਬੈਲਿੰਗਹੈਮ ਵਿੱਚ ਨਸਲ ਪ੍ਰਸਤ ਗੋਰਿਆਂ ਨੇ ਹਿੰਦੁਸਤਾਨੀਆਂ ਨੂੰ ਕੁੱਟਿਆ ਮਾਰਿਆ ਤੇ ਉਹ ਮਜ਼ਬੂਰ ਹੋ ਕੇ ਉਹ ਵੈਨਕੂਅਰ ਆ ਗਏ । ਇੱਥੇ ਵੀ ਨਸਲੀ ਦੰਗੇ ਭੜਕ ਉੱਠੇ। ਇਹ ਮਾਹੌਲ ਵੇਖ ਕੇ ਭਾਈ ਜੀ ਦੀ ਰੂਹ ਕੰਬ ਉੱਠੀ।ਵੈਨਕੂਅਰ ਵਿੱਚ ਆਪ ਦੀ ਨੇੜਤਾ ਬੰਗਾਲੀ ਇਨਕਲਾਬੀ ਬਾਬੂ ਤਾਰਕਨਾਥ ਨਾਲ ਹੋਈ ਤੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਇਸ ਵਿਤਕਰੇ ਭਰੇ ਮਾਹੌਲ ਲਈ ਗੁਲਾਮੀ ਜ਼ੁੰਮੇਵਾਰ ਹੈ ਤੇ ਉਨ੍ਹਾਂ ਨੇ ਹਿੰਦੁਸਤਾਨੀਆਂ ਨੂੰ ਦੇਸ਼ ਨੂੰ ਗੁਲਾਮੀ ਤੋਂ ਮੁਕਤ ਕਰਨ ਦਾ ਹੋਕਾ ਦੇਣਾ ਸ਼ੁਰੂ ਕਰ ਦਿੱਤਾ।

ਭਾਈ ਭਾਗ ਸਿੰਘ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਕਨੇਡਾ ਦਾ ਸਭ ਤੋਂ ਪਹਿਲਾ ਗੁਰਦੁਆਰਾ ਬਣਾਇਆ। ਇਹ ਗੁਰਦੁਆਰਾ 19 ਜਨਵਰੀ 1908 ਈ. ਨੂੰ ਖੁੱਲ੍ਹਾ ਜੋ ਕਿ ਧਾਰਮਿਕ ਸਰਗਰਮੀਆਂ ਦੇ ਨਾਲ ਸਮਾਜਿਕ ਤੇ ਰਾਜਨੀਤਕ ਗਤੀਵਿਧੀਆਂ ਦਾ ਕੇਂਦਰ ਵੀ ਬਣ ਗਿਆ।ਗੁਰਦੁਆਰਾ ਬਨਾਉਣ ਲਈ 22 ਜੁਲਾਈ 1906 ਨੂੰ ਮਤਾ ਪਾਸ ਕੀਤਾ ਗਿਆ ਤੇ ਕਮੇਟੀ ਬਣਾਈ ਗਈ ਜੋ ਕਿ 13 ਮਾਰਚ 1909 ਨੂੰ 'ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਅਰ' ਦੇ ਨਾਂ ਹੇਠ ਰਜਿਸਟਰ ਕਰਵਾਈ ਗਈ। ਭਾਈ ਭਾਗ ਸਿੰਘ ਇਸ ਸੁਸਾਇਟੀ ਦੇ ਮਾਰਚ 1909 ਤੋਂ ਮਾਰਚ 1910 ਤੀਕ ਖਜ਼ਾਨਚੀ ਤੇ ਮੁੱਖ ਸਕੱਤਰ ਰਹੇ ਤੇ ਮਾਰਚ 1910 ਤੋਂ ਬਾਅਦ ਪ੍ਰਧਾਨ ਰਹੇ।

ਆਪ ਕਨੇਡਾ ਵਿੱਚ ਬਣੀਆਂ ਸੋਸ਼ਿਲਿਟ ਜਥੇਬੰਦੀਆਂ ਦੇ ਵੀ ਆਹੁਦੇਦਾਰ ਰਹੇ। ਆਪ ਨੇ ਭਾਈ ਬਲਵੰਤ ਸਿੰਘ, ਖਾਲਸਾ ਦੀਵਾਨ ਸੁਸਾਇਟੀ ਦੇ ਕਾਰਜਕਾਰਨੀ ਦੇ ਆਹੁਦੇਦਾਰਾਂ ਨੇ ਹੁਸੈਨ ਰਹੀਮ ਨਾਲ ਰਲ ਕੇ ਵੈਨਕੂਅਰ ਵਿੱਚ ਸੋਸ਼ਲਿਸਟ ਪਾਰਟੀ ਆਫ਼ਓਮਪ; ਕੈਨੇਡਾ ਦੀ ਇੱਕ ਵਿਸ਼ੇਸ਼ ਸ਼ਾਖਾ ਕਾਇਮ ਕੀਤੀ। ਹਿੰਦੁਸਤਾਨੀਆਂ ਨੇ ਮਹਿਸੂਸ ਕੀਤਾ ਕਿ ਉਹ ਕੰਮ ਕਰਨ ਵਿੱਚ ਗੋਰਿਆਂ ਨਾਲੋਂ ਘੱਟ ਨਹੀਂ ਪਰ ਉਨ੍ਹਾਂ ਨੂੰ ਉਹ ਮਾਣ ਸਤਿਕਾਰ ਨਹੀਂ ਮਿਲਦਾ ਜੋ ਕਿ ਗੋਰਿਆਂ ਨੂੰ ਮਿਲਦਾ ਹੈ। ਇਸ ਦਾ ਕਾਰਨ ਹਿੰਦੁਸਤਾਨ ਦਾ ਗੁਲਾਮ ਹੋਣਾ ਹੈ। ਰਾਜਨੀਤਕ ਚੇਤਨਾ ਨੂੰ ਵੱਧਦਾ ਹੋਇਆ ਵੇਖਕੇ ਕਨੇਡੀਅਨ ਸਰਕਾਰ ਨੇ ਹਿੰਦੁਸਤਾਨੀਆਂ ਦੇ ਕਨੇਡਾ ਵਿੱਚ ਦਾਖਲੇ ਨੂੰ ਰੋਕਣ ਲਈ ਕਈ ਤਰ੍ਹਾਂ ਦੇ ਯਤਨ ਕਰਨੇ ਸ਼ੁਰੂ ਕਰ ਦਿੱਤੇ। 1908 ਵਿੱਚ ਇਹ ਕਾਨੂੰਨ ਬਣਾਇਆ ਗਿਆ ਕਿ ਕਨੇਡਾ ਉਹੋ ਹੀ ਆ ਸਕਦਾ ਹੈ ਜਿਸ ਪਾਸ 200 ਡਾਲਰ ਨਕਦ ਹੋਣ ਤੇ ਉਹ ਹਿੰਦੁਸਤਾਨ ਤੋਂ ਸਿੱਧਾ ਕਨੇਡਾ ਆਵੇ। ਉਸ ਸਮੇਂ ਕੋਈ ਵੀ ਜਹਾਜ਼ ਸਿੱਧਾ ਨਹੀਂ ਸੀ ਆਉਂਦਾ। ਇਸ ਤਰ੍ਹਾਂ ਹਿੰਦੁਸਤਾਨੀਆਂ ਦਾ ਇਕ ਤਰ੍ਹਾਂ ਨਾਲ ਦਾਖਲਾ ਬੰਦ ਹੋ ਗਿਆ।

ਬਰਤਾਨੀਆਂ ਦੀਆਂ ਗੋਰੀ ਕਲੋਨੀਆਂ ਨੇ ਭਾਰਤੀਆਂ ਦੇ ਦਾਖਲੇ ਰੋਕਣ ਲਈ ਹਰ ਤਰੀਕਾ ਵਰਤਿਆ। ਅਸਟ੍ਰੇਲੀਆ ਦੀ ਫੈਡਰਲ ਸਰਕਾਰ ਨੇ 1901 ਵਿੱਚ 'ਇਮੀਗ੍ਰੇਸ਼ਨ ਰਿਸਟ੍ਰਿਕਸ਼ਨ ਐਕਟ' ਅਤੇ 1901 ਦਾ 'ਲੇਬਰ ਰੈਕਰੂਟਮੈਂਟ ਐਕਟ' ਪਾਸ ਕਰਕੇ ਹਿੰਦੁਸਤਾਨੀਆਂ ਦਾ ਜਾਣਾ ਬੰਦ ਕਰ ਦਿੱਤਾ ਸੀ। ਨਿਊਜ਼ੀਲੈਂਡ ਨੇ ਵੀ ਅਜਿਹੇ ਕਾਨੂੰਨ ਪਾਸ ਕਰਕੇ ਦਾਖਲਾ ਬੰਦ ਕਰ ਦਿੱਤਾ ਸੀ। 1908 ਵਿੱਚ ਕਨੇਡਾ ਦੇ ਸਾਰੇ ਦੇ ਸਾਰੇ ਹਿੰਦੁਸਤਾਨੀਆਂ ਨੂੰ ਕਨੇਡਾ ਵਿੱਚੋਂ ਕੱਢ ਕੇ ਸੈਂਟਰਲ ਅਮਰੀਕਾ ਦੀ ਬ੍ਰਿਟਿਸ਼ ਕਲੋਨੀ ਹਾਂਡੂਰਾਸ ਭੇਜਣ ਦੀ ਯੋਜਨਾ ਬਣਾਈ ਪਰ ਇਸ ਯੋਜਨਾ ਨੂੰ ਭਾਈ ਭਾਗ ਸਿੰਘ, ਭਾਈ ਤੇਜਾ ਸਿੰਘ ਤੇ ਭਾਈ ਬਲਵੰਤ ਸਿੰਘ ਵਰਗੇ ਭਾਈਚਾਰਕ ਆਗੂਆਂ ਨੇ ਸਿਰੇ ਨਾ ਲੱਗਣ ਦਿੱਤਾ।

ਇਸ ਦਾ ਸਿੱਟਾ ਇਹ ਨਿਕਲਿਆ ਕਿ ਉਨ੍ਹਾਂ ਨੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦਾ ਮਨ ਬਣਾ ਲਿਆ। ਇਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਸਾਬਕਾ ਫ਼ੌਜੀਆਂ ਦੀ ਸੀ, ਜਿਨ੍ਹਾਂ ਨੇ ਭਾਰਤ ਨੂੰ ਗੁਲਾਮ ਬਣਾਈ ਰੱਖਣ ਲਈ ਅੰਗਰੇਜ਼ਾਂ ਦੀ ਮਦਦ ਕੀਤੀ ਸੀ । ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਉਨ੍ਹਾਂ ਨੂੰ ਜਿਹੜੇ ਬਹਾਦਰੀ ਦੇ ਮੈਡਲ ਮਿਲੇ ਹਨ ਇਹ ਅਸਲ ਵਿੱਚ ਗੁਲਾਮੀ ਦੇ ਮੈਡਲ ਹਨ। ਇਸ ਸਮੇਂ ਇੱਕ ਘਟਨਾ 3 ਅਕਤੂਬਰ 1909 ਨੂੰ ਵੈਨਕੂਅਰ ਦੇ ਗੁਰਦੁਆਰੇ ਵਾਪਰੀ। ਭਾਈ ਨੱਥਾ ਸਿੰਘ ਬਿਲਗਾ ਜੋ ਕਿ ਭਾਈ ਭਾਗ ਸਿੰਘ ਦਾ ਦੋਸਤ ਤੇ 'ਹਿੰਦੁਸਤਾਨ ਐਸੋਸੀਏਸ਼ਨ' ਦਾ ਸਰਗਰਮ ਮੈਂਬਰ ਸੀ ਨੇ ਸੰਗਤ ਵਿੱਚ ਖੜ੍ਹੇ ਹੋ ਕੇ ਬਰਤਾਨੀਆ ਦੀਆਂ ਬਸਤੀਆਂ ਵਿੱਚ ਹਿੰਦੁਸਤਾਨੀਆਂ ਦੀ ਮਾੜੀ ਦਸ਼ਾ ਬਾਰੇ ਭਾਸ਼ਨ ਦਿੱਤਾ। ਭਾਸ਼ਨ ਤੋਂ ਬਾਅਦ ਮਤਾ ਰੱਖਿਆ ਗਿਆ ਕਿ 'ਗੁਰਦੁਆਰੇ ਦੀ ਕਾਰਜਕਾਰਨੀ ਦਾ ਕੋਈ ਵੀ ਮੈਂਬਰ ਕੋਈ ਵੀ ਐਸਾ ਤਗ਼ਮਾ, ਵਰਦੀ ਜਾਂ ਇਨਸਿਗਨਿਆ ਨਹੀਂ ਪਾਵੇਗਾ ਜਿਸ ਤੋਂ ਪਤਾ ਲੱਗੇ ਕਿ ਪਹਿਨਣਵਾਲਾ ਅੰਗਰੇਜ਼ਾਂ ਦੇ ਇੱਕ ਗੁਲਾਮ ਤੋਂ ਵੱਧ ਕੁਝ ਨਹੀਂ। ਇਹ ਮਤਾ ਜੈਕਾਰਿਆਂ ਦੀ ਗੂੰਜ ਵਿੱਚ ਪਾਸ ਹੋ ਗਿਆ।

ਖਾਲਸਾ ਦੀਵਾਨ ਸੁਸਾਇਟੀ ਨੇ ਉਪ-ਪ੍ਰਧਾਨ ਚੌਦ੍ਹਵੀਂ ਸਿੱਖ ਰਜ਼ਮੈਂਟ ਦੇ ਸਾਬਕਾ ਫ਼ੌਜੀ ਮੋਗੇ ਲਾਗੇ ਫੂਲਾ ਸਿੰਘ ਵਾਲੀ ਕੋਕਰੀ ਦੇ ਭਾਈ ਗਰੀਬ ਸਿੰਘ ਨੇ ਚੀਨ ਵਿੱਚ ਬੌਕਸਰ ਵਿਦਰੋਹ ਵਿਚ ਵਿਖਾਈ ਬਹਾਦਰੀ ਕਾਰਨ ਮਿਲਿਆ ਤਗਮਾ ਲਾਹ ਦਿੱਤਾ ਅਤੇ ਸਕੱਤਰ ਭਾਈ ਭਾਗ ਸਿੰਘ ਭਿੱਖੀ ਵਿੰਡ ਨੇ ਆਪਣੀ ਵਰਦੀ ਤੇ ਆਨਰੇਬਲ ਡਿਸਚਾਰਜ ਸਰਟੀਫਿਕੇਟ ਨੂੰ ਅੱਗ ਲਾ ਦਿੱਤੀ। ਬਹੁਤ ਸਾਰੇ ਹੋਰ ਸਾਬਕਾ ਸਿੱਖ ਫ਼ੌਜੀਆਂ ਨੇ ਵੀ ਆਪਣੇ ਮੈਡਲ, ਵਰਦੀਆਂ, ਫੋਟੋਆਂ ਅਤੇ ਸਰਟੀਫਿਕੇਟ ਅਗਨੀ ਭੇਟ ਕਰ ਦਿੱਤੇ।

ਬਾਦਸ਼ਾਹ ਜਾਰਜ ਪੰਜਵੇਂ ਦੀ ਤਾਜਪੋਸ਼ੀ ਦੇ ਜਸ਼ਨ 19 ਸਤੰਬਰ 1912 ਨੂੰ ਵੈਨਕੂਅਰ ਵਿੱਚ ਮਨਾਏ ਜਾਣੇ ਸਨ ਜਿਸ ਵਿੱਚ ਕਨੇਡਾ ਦੇ ਗਵਰਨਰ ਜਨਰਲ ਬੀ.ਸੀ. ਨੇ ਮੁੱਖ ਮਹਿਮਾਨ ਹੋਣਾ ਸੀ। ਵੈਨਕੂਅਰ ਦੇ ਮੇਅਰ ਵੱਲੋਂ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਨੂੰ ਸਾਬਕਾ ਸਿੱਖ ਫ਼ੌਜੀਆਂ ਸਮੇਤ ਜਸ਼ਨ ਅਤੇ ਫ਼ੌਜੀ ਪ੍ਰੇਡ ਵਿੱਚ ਸ਼ਾਮਲ ਹੋਣ ਦਾ ਸੱਦਾ ਪੱਤਰ ਭੇਜਿਆ ਗਿਆ। ਭਾਈ ਭਾਗ ਸਿੰਘ ਨੇ ਖਾਲਸਾ ਦੀਵਾਨ ਸੁਸਾਇਟੀ ਦੇ ਅਹੁਦੇਦਾਰਾਂ ਨਾਲ ਸਲਾਹ ਕਰਕੇ ਇਹ ਸੱਦਾ-ਪੱਤਰ ਲੈਣੋਂ ਨਾਂਹ ਕਰ ਦਿੱਤੀ।

ਅਪ੍ਰੈਲ 1913 ਵਿੱਚ ਜਦ ਅਮਰੀਕਾ ਵਿੱਚ ਗਦਰ ਪਾਰਟੀ ਬਣੀ ਤਾਂ ਭਾਈ ਭਾਗ ਸਿੰਘ ਇਸ ਦੇ ਮੈਂਬਰ ਬਣ ਗਏ। ਜਦ ਗ਼ਦਰ ਪਾਰਟੀ ਨੇ 1 ਨਵੰਬਰ 1913 ਨੂੰ ਸਾਂਨਫਰਾਂਸਿਸਕੋ ਤੋਂ ਉਰਦੂ ਵਿੱਚ ਹਫਤਾਵਾਰੀ ਗ਼ਦਰ ਅਖ਼ਬਾਰ ਕੱਢਿਆ ਤਾਂ ਭਾਈ ਭਾਗ ਸਿੰਘ ਨੇ ਅਖਬਾਰ ਮੰਗਵਾਉਣਾ ਸ਼ੁਰੂ ਕਰ ਦਿੱਤਾ। ਇਹ ਅਖ਼ਬਾਰ ਗੁਰਦੁਆਰੇ ਦੀਆਂ ਮੀਟਿੰਗਾਂ ਵਿੱਚ ਪੜ੍ਹਿਆ ਜਾਂਦਾ। ਆਪ ਦੀ ਪ੍ਰੇਰਨਾ ਸਦਕਾ ਸੈਂਕੜੇ ਹਿੰਦੁਸਤਾਨੀ ਗ਼ਦਰ ਪਾਰਟੀ ਦੇ ਮੈਂਬਰ ਬਣ ਗਏ ਤੇ ਹਜ਼ਾਰਾਂ ਡਾਲਰ ਚੰਦਾ ਇਕੱਠਾ ਕਰਕੇ ਗ਼ਦਰ ਪਾਰਟੀ ਦੇ ਮੁੱਖ-ਦਫ਼ਤਰ ਸਾਂਨਫਰਾਂਸਿਸਕੋ ਭੇਜਿਆ।

ਆਪ ਦੀ ਪਤਨੀ ਬੀਬੀ ਹਰਨਾਮ ਕੌਰ ਨੇ 21 ਜਨਵਰੀ 1914 ਨੂੰ ਧੀ ਨੂੰ ਜਨਮ ਦਿੱਤਾ। ਜਣੇਪੇ ਸਮੇਂ ਪਈਆਂ ਕਈ ਗੁੰਝਲਾਂ ਕਾਰਨ 30 ਜਨਵਰੀ 1914 ਨੂੰ 28 ਸਾਲ ਦੀ ਉਮਰ ਵਿੱਚ ਉਨ੍ਹਾਂ ਦੀ ਮੌਤ ਹੋ ਗਈ ਤੇ ਬੱਚਿਆਂ ਦੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਆਪ ਸਿਰ ਆ ਪਈ। ਕਾਮਾਗਾਟਾਮਾਰੂ ਦਾ ਜਹਾਜ਼ 23 ਮਈ 1914 ਨੂੰ 376 ਮੁਸਾਫਰਾਂ ਸਮੇਤ ਵੈਨਕੂਅਰ ਆਣ ਪੁੱਜਾ। ਇਮੀਗਰੇਸ਼ਨ ਅਧਿਕਾਰੀਆਂ ਨੇ ਮੁਸਾਫਰਾਂ ਨੂੰ ਉਤਰਨ ਨਾ ਦਿੱਤਾ। ਭਾਈ ਭਾਗ ਸਿੰਘ ਨੇ ਯੂਨਾਈਟਿਡ ਇੰਡੀਆ ਲੀਗ ਦੇ ਪ੍ਰਧਾਨ ਹੁਸੈਨ ਰਹੀਮ ਨੂੰ ਨਾਲ ਲੈ ਕੇ ਮੁਸਾਫਰਾਂ ਦੀ ਸਹਾਇਤਾ ਲਈ 15 ਮੈਂਬਰੀ ਕਮੇਟੀ ਬਣਾਈ। ਕਮੇਟੀ ਨੇ ਚੰਦਾ ਇਕੱਠਾ ਕਰਕੇ ਲੋੜੀਂਦੀ ਕਾਨੂੰਨੀ ਕਾਰਵਾਈ ਕੀਤੀ ਪਰ ਕਨੇਡਾ ਸਰਕਾਰ ਆਪਣੇ ਹੀ ਕਾਨੂੰਨਾਂ ਦੀ ਉਲੰਘਣਾਂ ਕਰਕੇ ਕਾਮਾਗਾਟਾਮਾਰੂ ਜਹਾਜ਼ ਨੂੰ ਵਾਪਸ ਭੇਜ ਦਿੱਤਾ। ਭਾਈ ਭਾਗ ਸਿੰਘ ਤੇ ਉਨ੍ਹਾਂ ਦੇ ਸਾਰੇ ਸਾਥੀ ਚਾਹੁੰਦੇ ਸਨ ਕਿ ਕਾਮਾਗਾਟਾਮਾਰੂ ਦੇ ਜਹਾਜ਼ ਰਾਹੀਂ ਅਸੀਂ ਹਥਿਆਰ ਭੇਜੀਏ ਤਾਂ ਜੋ ਅਮਰੀਕਾ ਨਾਲ ਹਥਿਆਰਬੰਦ ਲੜਾਈ ਹੋ ਸਕੇ। ਉਹ ਕਨੇਡਾ ਵਿੱਚੋਂ ਹਥਿਆਰ ਖ੍ਰੀਦਣ ਵਿੱਚ ਸਫ਼ਲ ਨਾ ਹੋ ਸਕੇ। ਭਾਈ ਭਾਗ ਸਿੰਘ 16 ਜੁਲਾਈ 1914 ਨੂੰ ਆਪਣੇ ਸਾਥੀ ਭਾਈ ਬਲਵੰਤ ਸਿੰਘ, ਭਾਈ ਮੇਵਾ ਸਿੰਘ ਅਤੇ ਬਾਬੂ ਹਰਨਾਮ ਸਿੰਘ ਸਾਹਰੀ ਨਾਲ ਐਸਟਸਫੋਰਡ ਲਾਗਿਉਂ ਸਰਹੱਦ ਪਾਰ ਕਰਕੇ ਅਮਰੀਕਾ ਦੇ ਸ਼ਹਿਰ ਸੁਮਾਸ ਤੋਂ ਹਥਿਆਰ ਲੈਣ ਗਏ। ਅਮਰੀਕੀ ਪੁਲੀਸ ਨੇ 17 ਜੁਲਾਈ ਨੂੰ ਭਾਈ ਬਲਵੰਤ ਸਿੰਘ ਅਤੇ ਬਾਬੂ ਹਰਨਾਮ ਦਾਸ ਸਾਹਰੀ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿੱਚ ਭੇਜ ਦਿੱਤਾ। ਭਾਈ ਭਾਗ ਸਿੰਘ ਦਾ 32 ਮਹੀਨਿਆਂ ਦਾ ਪੁੱਤਰ ਵੀ ਜੇਲ੍ਹ ਵਿੱਚ ਬੰਦ ਸੀ।ਅਮਰੀਕਾ ਵਿੱਚ ਹਥਿਆਰ ਖ੍ਰੀਦਣੇ ਅਤੇ ਰੱਖਣੇ ਜ਼ੁਰਮ ਨਹੀਂ ਸੀ, ਇਸ ਲਈ ਕਾਮਾਗਾਟਾ ਮਾਰੂ ਦੇ ਵੈਨਕੂਅਰ ਤੋਂ ਤੁਰ ਜਾਣ ਪਿੱਛੋਂ 30 ਜੁਲਾਈ 1914 ਨੂੰ ਭਾਈ ਭਾਗ ਸਿੰਘ ਹੋਰਾਂ ਨੂੰ ਰਿਹਾਅ ਕਰ ਦਿੱਤਾ ਗਿਆ।

ਪਹਿਲਾ ਵਿਸ਼ਵ ਯੁੱਧ 4 ਅਗਸਤ 1914 ਨੂੰ ਸ਼ੁਰੂ ਹੋ ਗਿਆ। ਵੱਡੀ ਗਿਣਤੀ ਵਿੱਚ ਦੇਸ਼ ਭਗਤ ਗਦਰੀ ਯੋਧੇ ਕਨੇਡਾ ਅਤੇ ਅਮਰੀਕਾ ਤੋਂ ਹਿੰਦੁਸਤਾਨ ਵੱਲ ਨੂੰ ਕੂਚ ਕਰ ਗਏ। ਭਾਈ ਭਾਗ ਸਿੰਘ ਵੀ ਜਾਣਾ ਚਾਹੁੰਦੇ ਸਨ ਪਰ ਪੌਣੇ ਤਿੰਨ ਸਾਲ ਦੇ ਪੁੱਤਰ ਜੁਗਿੰਦਰ ਸਿੰਘ ਅਤੇ ਛੇ ਮਹੀਨੇ ਦੀ ਧੀ ਕਰਮ ਕੌਰ ਦੀ ਸੰਭਾਲ ਵਿੱਚ ਦੇਰ ਹੋਣ ਕਰਕੇ ਉਹ ਜਾ ਨਾ ਸਕੇ। ਉਧਰ ਵੈਨਕੂਅਰ ਵਿੱਚ ਗ਼ਦਾਰ ਟੋਲਾ ਪੂਰਾ ਜੋਰ ਲਾ ਰਿਹਾ ਸੀ ਕਿ ਕੋਈ ਵੀ ਹਿੰਦੁਸਤਾਨ ਨਾ ਜਾਵੇ। ਬੇਲਾ ਸਿੰਘ ਜਿਆਣ ਨੇ 22 ਅਤੇ 25 ਅਗਸਤ 1914 ਨੂੰ ਵੈਨਕੂਅਰ ਅਤੇ ਵਿਕਟੋਰੀਆ ਦੇ ਘਾਟਾਂ ਤੋਂ ਜਹਾਜ਼ਾਂ 'ਤੇ ਚੜ੍ਹਨ ਵਾਲੇ ਹਿੰਦੁਸਤਾਨੀਆਂ ਨੂੰ ਡਰਾਇਆ ਧਮਕਾਇਆ ਪਰ ਹਿੰਦੁਸਤਾਨੀਆਂ ਨੇ ਉਸ ਦੀ ਕੋਈ ਪ੍ਰਵਾਹ ਨਾ ਕੀਤੀ।

ਬੇਲਾ ਸਿੰਘ ਜਿਆਣ ਧੜੇ ਦੇ ਅਰਜਨ ਸਿੰਘ ਦੀ ਤਿੰਨ ਸਤੰਬਰ ਨੂੰ ਗੋਲੀ ਲੱਗਣ ਨਾਲ ਮੌਤ ਹੋ ਗਈ। ਬਹੁਤੇ ਲੋਕ ਇਸ ਨੂੰ ਦੁਰਘਟਨਾ ਸਮਝਦੇ ਸਨ ਪਰ ਬੇਲਾ ਸਿੰਘ ਦਾ ਖਿਆਲ ਸੀ ਕਿ ਅਰਜਨ ਸਿੰਘ ਦਾ ਕਤਲ ਹੋਇਆ ਹੈ। ਅਰਜਨ ਸਿੰਘ ਦੇ ਸਸਕਾਰ ਤੋਂ ਬਾਅਦ 5 ਸਤੰਬਰ 1914 ਨੂੰ ਸ਼ਾਮ ਨੂੰ ਵੈਨਕੂਅਰ ਦੇ ਗੁਰਦੁਆਰੇ ਵਿੱਚ ਸੰਗਤ ਜੁੜੀ ਹੋਈ ਸੀ। ਭਾਈ ਬਲਵੰਤ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਹੋਏ ਸਨ। ਭਾਈ ਭਾਗ ਸਿੰਘ ਵੀ ਗੁਰੂ ਗ੍ਰੰਥ ਸਾਹਿਬ ਵਾਲੇ ਤਖ਼ਤ ਪੋਸ਼ ਦੇ ਕੋਲ ਹੀ ਬੈਠੇ ਸਨ।

ਬੇਲਾ ਸਿੰਘ ਸੱਤ ਵੱਜਣ ਵਿੱਚ ਕੁਝ ਮਿੰਟ ਰਹਿੰਦਿਆਂ ਗੁਰਦੁਆਰੇ ਅੰਦਰ ਆਇਆ ਤੇ ਮੱਥਾ ਟੇਕ ਕੇ ਭਾਈ ਭਾਗ ਸਿੰਘ ਦੇ ਪਿੱਛੇ ਚਾਰ-ਪੰਜ ਫੁੱਟ ਦੀ ਦੂਰੀ 'ਤੇ ਬੈਠ ਗਿਆ। 20-25 ਮਿੰਟ ਬਾਅਦ ਜਦੋਂ ਅਰਦਾਸ ਹੋਣ ਲੱਗੀ ਤਾਂ ਬੇਲਾ ਸਿੰਘ ਨੇ ਕਾਹਲੀ ਨਾਲ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਸਭ ਤੋਂ ਪਹਿਲਾਂ ਉਸ ਨੇ ਭਾਈ ਭਾਗ ਸਿੰਘ ਦੇ ਪਿੱਛਿਉਂ ਗੋਲੀਆਂ ਚਲਾਈਆਂ। ਉਹ ਦੋਹਾਂ ਹੱਥਾਂ ਵਿੱਚ ਪਿਸਤੌਲ ਫੜ੍ਹਕੇ ਗੋਲੀਆਂ ਚਲਾਈ ਜਾ ਰਿਹਾ ਸੀ। ਸਾਰਾ ਹਾਲ ਧੂੰਏ ਨਾਲ ਭਰ ਗਿਆ। ਕੁਝ ਵੀ ਵਿਖਾਈ ਨਹੀਂ ਸੀ ਦੇ ਰਿਹਾ। ਸਾਰੇ ਹਾਲ ਵਿੱਚ ਭਗਦੜ ਮੱਚ ਗਈ। ਬੇਲਾ ਸਿੰਘ ਧੂੰਏ ਦਾ ਲਾਭ ਉਠਾ ਕੇ ਗੁਰਦੁਆਰੇ ਵਿੱਚੋਂ ਭੱਜ ਗਿਆ।

ਸਾਰਾ ਹਾਲ ਲਹੂ ਲੁਆਨ ਹੋਇਆ ਸੀ। ਬਹੁਤ ਸਾਰੇ ਬੰਦੇ ਜ਼ਖ਼ਮੀ ਹੋ ਗਏ। ਭਾਈ ਭਾਗ ਸਿੰਘ ਦੇ ਕਮਰ ਤੋਂ ਉਪਰ ਅਤੇ ਮੌਰਾਂ ਵਿਚਕਾਰ ਕਈ ਗੋਲੀਆਂ ਲੱਗੀਆਂ ਹੋਈਆਂ ਸਨ। ਇੱਕ ਗੋਲੀ ਪਿੱਠ ਵਿੱਚੋਂ ਦੀ ਹੋ ਕੇ ਫੇਫੜਿਆਂ ਵਿੱਚ ਜਾ ਫਸੀ। ਡਾਕਟਰਾਂ ਨੇ ਰਾਤ ਨੂੰ ਸਰਜਰੀ ਕੀਤੀ। ਅਗਲੇ ਦਿਨ ਪੁਲੀਸ ਬੇਲਾ ਸਿੰਘ ਨੂੰ ਲੈ ਕੇ ਦੁਪਹਿਰ ਇੱਕ ਵਜ੍ਹੇ ਹਸਪਤਾਲ ਪੁੱਜੀ। ਭਾਈ ਭਾਗ ਸਿੰਘ ਨੇ ਬੇਲਾ ਸਿੰਘ ਵੱਲ ਵੇਖਦਿਆਂ ਕਿਹਾ ਕਿ ਉਨ੍ਹਾਂ ਦੇ ਗੋਲੀਆਂ ਮਾਰਨ ਵਾਲਾ ਬੇਲਾ ਸਿੰਘ ਹੀ ਹੈ। ਭਾਈ ਭਾਗ ਸਿੰਘ ਦੇ ਮਿੱਤਰ ਉਨ੍ਹਾਂ ਨੂੰ ਹਸਪਤਾਲ ਮਿਲੇ। ਭਾਈ ਭਾਗ ਸਿੰਘ ਦਾ ਕਹਿਣਾ ਸੀ ਉਮਨ ਦੀ ਚਾਹ ਸੀ ਕਿ ਆਜ਼ਾਦੀ ਦੇ ਮੈਦਾਨੇ ਜੰਗ ਵਿੱਚ ਜੂਝ ਕੇ ਸ਼ਹੀਦ ਹੁੰਦਾ ਪਰ ਭਾਣਾ ਅਮਿੱਟ ਹੈ, ਅੱਜ ਇਸ ਬਿਸਤਰ ਪਰ ਸਰੀਰ ਛੱਡਣਾ ਪੈ ਰਿਹਾ ਹੈ"। 6 ਸਤੰਬਰ 1914 ਨੂੰ ਲੌਢੇ ਵੇਲੇ ਉਹ ਵੈਨਕੂਅਰ ਦੇ ਹਸਪਤਾਲ ਵਿੱਚ ਅਕਾਲ ਚਲਾਣਾ ਕਰ ਗਏ।

# ਨੈਸ਼ਨਲ ਲਾਈਵਸਟਾਕ ਮਿਸ਼ਨ ਅਧੀਨ ਪਸ਼ੂਆਂ ਦੇ ਬੀਮੇ ਦੀ ਰਾਸ਼ੀ ਤੇ 70 ਫੀਸਦੀ ਤੱਕ ਸਬਸਿਡੀ ਉਪਲੱਬਧ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਸੰਯੁਕਤ ਡਾਇਰੈਕਟਰ ਡੇਅਰੀ ਵਿਕਾਸ, ਮੋਹਾਲੀ ਕਸ਼ਮੀਰ ਸਿੰਘ ਨੇ ਦੱਸਿਆ ਕਿ ਪਸ਼ੂਆਂ ਨੂੰ ਹੋਣ ਵਾਲੀਆਂ ਬੀਮਾਰੀਆਂ ਮੂੰਹ ਖੁਰ, ਲੰਪੀ ਸਕਿੰਨ, ਗੱਲਘੋਟੂ ਆਦਿ ਕਾਰਨ ਕਈ ਵਾਰ ਪਸੂਆਂ ਦੀ ਮੋਤ ਹੋ ਜਾਂਦੀ ਹੈ। ਇਨ੍ਹਾਂ ਮੋਤਾਂ ਨਾਲ ਛੋਟੇ ਅਤੇ ਦਰਮਿਆਣੇ ਡੇਅਰੀ ਫਾਰਮਰਾਂ ਦਾ ਆਰਥਿਕ ਨੁਕਸਾਨ ਹੋ ਜਾਂਦਾ ਹੈ, ਭਾਵੇ ਕਿ ਇਨ੍ਹਾਂ ਬੀਮਾਰੀਆਂ ਦੀ ਰੋਕਥਾਮ ਲਈ ਸਰਕਾਰ ਵੱਲੋ ਪਸ਼ੂਆਂ ਦਾ ਸਮੇਂ ਸਮੇਂ ਤੇ ਟੀਕਾਕਰਨ ਕੀਤਾ ਜਾਂਦਾ ਹੈ, ਪਰ ਫਿਰ ਵੀ ਸਰਕਾਰ ਵੱਲੋ ਪਸ਼ੂ-ਧਨ ਦੇ ਵਿੱਤੀ ਨੁਕਸਾਨ ਨੂੰ ਘੱਟ ਕਰਨ ਲਈ ਬੀਮੇ ਦੀ ਰਾਸ਼ੀ ਤੇ ਸਬਸਿਡੀ ਦੀ ਸਹੂਲਤ ਵੀ ਦੇ ਦਿੱਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਪਸ਼ੂਆਂ ਦੇ ਆਰਥਿਕ ਨੁਕਸਾਨ ਨੂੰ ਘੱਟ ਕਰਨ ਲਈ ਡੇਅਰੀ ਵਿਕਾਸ ਵਿਭਾਗ, ਪੰਜਾਬ ਵੱਲੋ ਨੈਸ਼ਨਲ ਲਾਈਵਸਟਾਕ ਮਿਸ਼ਨ ਸਕੀਮ ਅਧੀਨ ਮੱਝਾਂ ਅਤੇ ਗਾਵਾਂ ਦੇ ਬੀਮੇ ਦੀ ਰਾਸ਼ੀ ਤੇ ਅਨੁਸੂਚਿਤ ਜਾਤੀ ਲਾਭਪਾਤਰੀਆਂ ਨੂੰ 70 ਪ੍ਰਤੀਸ਼ਤ ਸਬਸਿਡੀ ਅਤੇ ਜਨਰਲ ਜਾਤੀ ਲਾਭਪਾਤਰੀਆਂ ਨੂੰ 50 ਪ੍ਰਤੀਸ਼ਤ ਸਬਸਿਡੀ ਦਿੱਤੀ ਜਾ ਰਹੀ ਹੈ। ਇਸ ਸਕੀਮ ਤਹਿਤ ਫਾਰਮਰ 1 ਤੋ 5 ਪਸ਼ੂਆਂ ਦਾ ਬੀਮਾ ਕਰਵਾ ਸਕਦਾ ਹੈ। ਇਸ ਸਕੀਮ ਤਹਿਤ ਪ੍ਰਤੀ ਪਸੂ ਦੀ ਕੀਮਤ 70 ਹਜਾਰ ਰੁਪਏ ਨਿਰਧਾਰਿਤ ਕੀਤੀ ਗਈ ਹੈ। ਇਸ ਸਕੀਮ ਅਧੀਨ 1 ਸਾਲ ਦਾ ਬੀਮਾਂ ਐਸ।ਸੀ ਅਤੇ ਐਸ।ਟੀ ਫਾਰਮਰਾਂ ਦੇ ਪਸੂਆਂ ਲਈ 672 ਰੁਪਏ ਵਿੱਚ, 2 ਸਾਲ ਦਾ ਬੀਮਾਂ 1260 ਰੁਪਏ ਵਿੱਚ ਅਤੇ 3 ਸਾਲ ਦਾ ਬੀਮਾਂ 1680 ਰੁਪਏ ਪ੍ਰਤੀ ਪਸ਼ੂ ਅਦਾ ਕਰਕੇ ਕਰਵਾ ਸਕਦਾ ਹੈ। ਜਨਰਲ ਜਾਤੀ ਦੇ ਫਾਰਮਰਾਂ ਦੇ ਪਸੂਆਂ ਦਾ ਬੀਮਾਂ 1 ਸਾਲ ਲਈ 1120 ਰੁਪਏ ਵਿੱਚ, 2 ਸਾਲ ਦਾ ਬੀਮਾਂ 2100/- ਰੁਪਏ ਵਿੱਚ ਅਤੇ 3 ਸਾਲ ਦਾ ਬੀਮਾਂ 2800/- ਰੁਪਏ ਪ੍ਰਤੀ ਪਸ਼ੂ ਅਦਾ ਕਰਕੇ ਕਰਵਾ ਸਕਦਾ ਹੈ।



ਉਨ੍ਹਾਂ ਦੱਸਿਆ ਕਿ ਇਸ ਸਕੀਮ ਦਾ ਲਾਭ ਕੋਈ ਵੀ ਦੁੱਧ ਉਤਪਾਦਕ ਜਿਸ ਨੇ ਬੈਂਕ ਤੋਂ ਡੇਅਰੀ ਕਰਜਾ ਲਿਆ ਹੈ ਜਾ ਨਹੀਂ ਲਿਆ ਹੈ, ਕਿਸਾਨ ਕ੍ਰੈਡਿਟ ਕਾਰਡ ਸਕੀਮ ਲਈ ਹੈ ਜਾ ਨਹੀਂ ਲਈ ਹੈ, ਸਕੀਮ ਦਾ ਲਾਭ ਲੈ ਸਕਦਾ ਹੈ। ਇਸ ਤੋਂ ਇਲਾਵਾ ਸਿੱਧੇ ਤੌਰ ਤੇ ਡੇਅਰੀ ਕਿੱਤਾ ਕਰਨ ਵਾਲੇ ਕਿਸਾਨ ਵੀ ਇਸ ਸਕੀਮ ਦਾ ਲਾਭ ਲੈ ਸਕਦੇ ਹਨ। ਜਿਲ੍ਹਾ ਪਠਾਨਕੋਟ ਦੇ ਸਮੂਹ ਦੁੱਧ ਉਤਪਾਦਕ ਇਸ ਸਕੀਮ ਦਾ ਵੱਧ ਤੋ ਵੱਧ ਲਾਭ ਲੈਣ ਦੀ ਅਪੀਲ ਕੀਤੀ। ਜਿਲ੍ਹਾ ਪਠਾਨਕੋਟ ਨਾਲ ਸਬੰਧਤ ਦੁੱਧ ਉਤਪਾਦਕ ਵਧੇਰੇ ਜਾਣਕਾਰੀ ਲਈ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਪਠਾਨਕੋਟ, ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਦੂਜੀ ਮੰਜਿਲ, ਕਮਰਾ ਨੰ: 345-ਏ ਵਿਖੇ ਅਤੇ ਫੋਨ ਨੰਬਰ 9878528364, 8284968878, 9876260243 ਤੇ ਸੰਪਰਕ ਕਰ ਸਕਦੇ ਹਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

### ਅਧਿਆਪਕ ਦਿਵਸ 'ਤੇ ਵਿਸ਼ੇਸ਼

# ਅਧਿਆਪਕ ਆਪ ਭਾਵੇਂ ਡੀਸੀ ਨਾ ਬਣ ਸਕੇ ਪਰ ਕਈ ਡੀਸੀ ਬਣਾਉਣ ਦੇ ਕਾਬਲ



**ਡਾ. ਸੰਦੀਪ ਘੰਡ**
**94782-31000**

ਆਪਣੇ ਲੈਖ ਦੀ ਸ਼ੁਰੂਆਤ ਸਮੂਹ ਅਧਿਆਪਕਾਂ (ਗੁਰੂਆਂ) ਨੂੰ ਪ੍ਰਨਾਮ ਕਰਨ ਨਾਲ ਕਰਦਾਂ ਜਿੰਨਾਂ ਦੇ ਮਿੱਲੇ ਅਸ਼ੀਰਵਾਦ ਪਿਆਰ ਅਤੇ ਸਿੱਖਿਆ ਕਾਰਣ ਅੱਜ ਮੈਂ ਉਸ ਵਰਗ ਬਾਰੇ ਲਿੱਖ ਰਿਹਾ ਹਾਂ। ਦੇਸ਼ ਦੇ ਦੂਜੇ ਰਾਸ਼ਟਰਪਤੀ ਸਰਵਪਾਲੀ ਰਾਧਾਕ੍ਰਿਸ਼ਨਨ ਜੀ ਦਾ ਜਨਮ ਦਿਨ ਦੇਸ਼ ਭਰ ਵਿੱਚ ਅਧਿਆਪਕ ਦਿਵਸ ਦੇ ਤੋਰ ਤੇ ਮਨਾਇਆ ਜਾਦਾਂ।ਅਧਿਆਪਕ ਦਿਵਸ ਵਾਲੇ ਦਿਨ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਚੰਗਾਂ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਅਵਾਰਡ ਦਿੱਤੇ ਜਾਦੇ ਅਤੇ ਸਮਾਜ ਸੇਵੀ ਸੰਸਥਾਵਾਂ ਅਤੇ ਵਿਦਿਆਰਥੀਆਂ ਵੱਲੋਂ ਵੀ ਇਸ ਦਿਨ ਅਧਿਆਪਕਾਂ ਦਾ ਮਾਣ-ਸਨਮਾਨ ਕੀਤਾ ਜਾਦਾਂ ਹੈ। ਮਿੱਤੀ 5 ਸਤੰਬਰ 2024 ਨੂੰ ਮਨਾਏ ਜਾ ਰਹੇ ਅਧਿਆਪਕ ਦਿਵਸ ਦਾ ਥੀਮ " ਅਧਿਆਪਕਾਂ ਦੀ ਮੁੱਲਵਾਨ ਭੂਮਿਕਾ ਰੱਖਿਆ ਗਿਆ ਹੈ।

ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਸਮਝਣ ਅਤੇ ਉਸ ਦੇ ਨਿਸ਼ਾਨੇ ਦੀ ਪੂਰਤੀ ਅਤੇ ਉਸ ਦੇ ਚਰੱਤਿਰ ਨਿਰਮਾਣ ਵਿੱਚ ਅਹਿਮ ਭੂਮਿਕਾ ਅਦਾ ਕਰਦਾ ਹੈ।ਅਧਿਆਪਕ ਜਿਸ ਉਪਰ ਸਮਾਜ ਦੇ ਨਿਰਮਾਣ ਦੀ ਜਿੰਮੇਵਾਰੀ ਹੁੰਦੀ।ਉਹ ਵਿਦਿਆਰਥੀ ਦੇ ਬੋਧਿਕ ਅਤੇ ਸਿਰਜਨਾਤਿਮਕ ਮਨਾਂ ਨੂੰ ਅਕਾਰ ਦੇਣ ਦਾ ਕੰਮ ਕਰਦੇ ਜਿਸ ਨਾਲ ਉਹ ਸਮਾਜ ਦਾ ਭਵਿੱਖ ਬਣਦੇ ਹਨ।ਅਸੀ ਭਾਵੇਂ ਕਿੰਨੇ ਵੀ ਵੱਡੇ ਹੋ ਜਾਈਏ ਕੁਝ ਅਧਿਆਪਕ ਅਜਿਹੇ ਹੁੰਦੇ ਹਨ ਜਿੰਨਾਂ ਨਾਲ ਅਸੀ ਜਿੰਦਗੀ ਵਿੱਚ ਕੀਤੀ ਤਰੱਕੀ ਨੂੰ ਸਾਝਾਂ ਕਰਨਾ ਚਾਹੁੰਦੇ ਹਾਂ।ਕੁਝ ਅਧਿਆਪਕ ਅਜਿਹੇ ਹੁੰਦੇ ਜੋ ਸਾਡੇ ਮਾਪਿਆਂ ਨਾਲੋਂ ਵੀ ਸਾਨੂੰ ਜਿਆਦਾ ਸਮਝਦੇ ਹਨ।

ਅਧਿਆਪਕ ਆਪਣੇ ਨਿੱਜੀ ਹਿੱਤ ਤੋਂ ਉੱਪਰ ਉੱਠ ਕੇ ਬੱਚੇ ਦੀ ਪ੍ਰਾਇਮਰੀ ਸਿੱਖਿਆ ਤੋਂ ਸਕੂਲੀ, ਕਾਲਜ ਅਤੇ ਯੂਨੀਵਰਸਿਟੀ ਪੱਧਰ ਦੀ ਸਿੱਖਿਆ ਦਿੰਦਾ ਹੈ। 5-6 ਸਾਲ ਤੋਂ ਲੇਕੇ 18-20 ਸਾਲ ਤੱਕ ਉਹ ਉਸ ਬੱਚੇ ਦਾ ਧਿਆਨ ਰੱਖਦਾ।ਇਸ ਲਈ ਕਿਹਾ ਜਾਦਾਂ ਕਿ ਅਧਿਆਪਕ ਆਪ ਭਾਵੇ ਡੀਸੀ ਨਹੀ ਬਣ ਸਕਿਆ ਪਰ ਕਈ ਡੀਸੀ ਬਣਾਉਣ ਵਿੱਚ ਉਸ ਦਾ ਵੱਡਾ ਯੋਗਦਾਨ ਹੁੰਦਾ।

ਗੁਰੁ ਨਾਨਕ ਦੇਵ ਜੀ ਜਿੰਨਾਂ ਨੂੰ ਸਿੱਖ ਧਰਮ ਦੀ ਨੀਹ ਰੱਖੀ ਉਹ ਸਾਡੇ ਪਹਿਲੇ ਧਾਰਿਮਕ ਗੁਰੁ ਸਨ । ਉਹਨਾਂ ਦੀਆਂ ਸਿਖਆਵਾਂ ਦਾ ਜਿਕਰ ਗੁਰੁ ਗ੍ਰੰਥ ਸਾਹਿਬ ਵਿੱਚ ਕੀਤਾ ਗਿਆ ਜਿੰਨਾ ਨੇ ਕਿਹਾ ਸੀ ਕਿ ਰੱਬ ਇੱਕ ਹੈ। ਉਹਨਾਂ ਦੀਆਂ ਸਿੱਖਿਆਵਾਂ ਅੱਜ ਦੇ ਸਮੇਂ ਜਦੋਂ ਮਨੁੱਖਤਾ ਵਿਰੋਧਾਭਾਸ ਵਿੱਚੋਂ ਨਿਕਲ ਰਹੀ ਉਹ ਸਾਡੇ ਲਈ ਰਾਹ ਦਸੇਰਾ ਹਨ। ਗੁਰੁ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਕਿਰਤ ਕਰੋ ਭਾਵ ਆਪਣੇ, ਆਪਣੇ ਪ੍ਰੀਵਾਰ ਅਤੇ ਸਾਮਜ ਲਈ ਮਿਹਨਤ ਕਰੋ ਅਤੇ ਆਪਣੇ ਆਪ ਵਿੱਚ ਇਮਨਦਾਰੀ ਅਤੇ ਬਿੰਨਾ ਕਿਸੇ ਰਿਸ਼ਵਤ ਜਾਂ ਲਾਲਚ ਤੋਂ ਕੰਮ ਕਰਨਾ ਚਾਹੀਦਾ।

ਸੰਤ ਕਬੀਰ ਜੀ ਅਧਿਆਪਕ ਬਾਰੇ ਦੱਸਦੇ ਹੋਏ ਕਹਿੰਦੇ ਹਨ ਕਿ ਅਧਿਆਪਕ ਹਮੇਸ਼ਾ ਮਾਂ-ਬਾਪ ਭੈਣ-ਭਰਾ,ਦੋਸਤ ਤੋਂ ਵੀ ਵੱਧ ਕੇ ਆਪਣੇ ਨਾਲੋਂ ਚੰਗਾ ਬਣਾਉਣਾ ਚਾਹੁੰਦਾ ਹੈ। ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ,ਦ੍ਰਿੜ ਇਰਾਦਾ, ਸ਼ਖਸ਼ੀਅਤ ਉਸਾਰੀ ਅਤੇ ਉਸ ਦੇ ਚਰੱਤਰ ਨਿਰਮਾਣ ਵਿੱਚ ਅਧਿਆਪਕ ਦੀ ਅਹਿਮ ਭੂਮਿਕਾ ਹੁੰਦੀ ਹੈ। ਅਧਿਆਪਕ ਵਿਦਿਆਰਥੀਆਂ ਨੂੰ ਮਨੁੱਖਤਾਂ ਦੇ ਸਿਧਾਂਤ ਦੀ ਪਾਲਣਾ ਕਰਨ ਲਈ ਪ੍ਰਰੇਤਿ ਕਰਦਾ ਹੈ। ਇਹ ਸਮਾਜ ਵਿੱਚ ਅਧਿਆਪਕਾਂ ਦੀ ਮਹੱਤਵਪੂਰਨ ਭੂਮਿਕਾ ਹੈ। ਪਰ ਅਸੀਂ ਦੇਖ ਰਹੇ ਹਾਂ ਕਿ ਅਧਿਆਪਕਾਂ ਦੇ ਸਬੰਧਾਂ ਵਿੱਚ ਪਿਛਲੇ ਕੁਝ ਵਰਿਆਂ ਵਿੱਚ ਬਹੁਤ ਵੱਡਾ ਬਦਲਾਅ ਆਇਆ ਹੈ। ਇਸ ਬਦਲਾਅ ਦੇ ਕਈ ਕਾਰਨ ਹਨ ਜਿਵੇਂ ਕਿ ਸਮਾਜਿਕ, ਆਰਿਥਕ, ਸਿੱਖਿਆ ਪ੍ਰਣਾਲੀ ਵਿੱਚ ਤਬਦੀਲੀਆਂ ਅਤੇ ਆਧੁਨਿਕ ਤਕਨੀਕ ਦਾ ਪ੍ਰਭਾਵ।ਕੁਝ ਅਧਿਆਪਕਾਂ ਦੀ ਨੇਤਿਕਤਾ ਅਤੇ ਪੇਸ਼ਾਵਰ ਜਿੰਮੇਵਾਰੀ ਤੇ ਸਵਾਲ ਉੱਠ ਰਹੇ ਹਨ।

ਇੱਕ ਅਧਿਆਪਕ ਕੌਮ ਦਾ ਸਰਮਾਇਆ ਹੈ ਜਿਹਨਾਂ ਤਿੰਨ ਵਿਅਕਤੀਆਂ ਦੇ ਮੋਢੇ ਤੇ ਵਿਕਾਸ ਦੀ ਜਿੰਮੇਵਾਰੀ ਬਾਰੇ ਕਿਹਾ ਜਾਦਾਂ ਉਹਨਾਂ ਵਿੱਚੋਂ ਪਿੰਡ ਦਾ ਮੁੱਖੀ ਸਰਪੰਚ,ਪਿੰਡ ਦੀ ਸਵੈਸੇਵੀ ਜਥੇਬੰਦੀ ਦਾ ਆਗੂ ਤੋਂ ਇਲਾਵਾ ਅਧਿਆਪਕ ਨੂੰ ਮੰਨਿਆ ਜਾਦਾਂ ਜਿਸ ਨੇ ਸਮੈ ਦੀ ਤਬਦੀਲੀ ਅੁਨਸਾਰ ਬੱਚਿਆਂ ਨੂੰ ਬੋਧਿਕ ਸਿੱਖਿਆ ਦੇ ਨਾਲ ਨਾਲ ਸਹੀ ਅਤੇ ਗਲਤ ਦੀ ਪਹਿਚਾਣ ਕਰਵਾਉਣੀ ਹੁੰਦੀ ਹੇ।ਇਸ ਕਾਰਣ ਹੀ ਕਿਹਾ ਜਾਦਾਂ ਕਿ ਅਧਿਆਪਕ ਸਰਕਾਰ ਦੇ ਆਮ ਅਧਿਕਾਰੀਆਂ ਜਾਂ ਕਰਮਚਾਰੀਆਂ ਵਾਂਗ ਨਹੀ ਹੁੰਦਾਂ ਉਹ ਕੋਮ ਦਾ ਨਿਰਮਾਤਾ ਹੈ ਇਸ ਲਈ ਜਿਥੇ ਉਸ ਦੀਆਂ ਜਿੰਮੇਵਾਰੀਆਂ ਵੱਧਦੀਆਂ ਹਨ ਉਥੇ ਹੀ ਸਮਾਜ ਵਿੱਚ ਉਸ ਨੂੰ ਵੱਖਰੀ ਇੱਜਤ ਮਿੱਲਣੀ ਚਾਹੀਦੀ ਹੈ।




ਅੱਜ ਅਸੀਂ ਦੇਖਦੇ ਹਾਂ ਕਿ ਕਿਸੇ ਇੱਕ ਜਾਂ ਦੋ ਅਧਿਆਪਕਾਂ ਵੱਲੋਂ ਕੀਤੇ ਗਲਤ ਕੰਮਾਂ ਨੂੰ ਮੀਡੀਆ ਵਿੱਚ ਜਿਆਦਾ ਪ੍ਰਚਾਰ ਕੀਤਾ ਜਾਦਾਂ ਜਿਸ ਨਾਲ ਸਮਾਜ ਵਿੱਚ ਨਾ ਕਦਰੀ ਵੱਧ ਜਾਦੀ । ਬੱਚਿਆਂ ਤੇ ਵੀ ਇਸ ਦਾ ਬੁਰਾ ਪ੍ਰਭਾਵ ਪੈਂਦਾਂ ਅਤੇ ਉਹ ਅਧਿਆਪਕ ਦੀ ਇੱਜਤ ਕਰਨਾ ਬੰਦ ਕਰ ਦਿੰਦੇ ਹਨ। ਵਿਦਿਆਰਥੀ ਅਧਿਆਪਕ ਸਬੰਧਾਂ ਨੂੰ ਸੁਧਾਰਣ ਅਤੇ ਇੱਕ ਆਰਦਸ਼ ਅਧਿਆਪਕ ਦੀ ਭੂਮਿਕਾ ਸਬੰਧੀ ਗੁਰੁ ਨਾਨਕ ਦੇਵ ਜੀ ਨੇ ਕਿਹਾ ਸੀ "ਮੂਲ ਪੜੇ ਸੋ ਸਿੱਖ ਮਾਝ ਪੜੇ ਸੇ ਵਾਦੁ, ਭਾਵ ਕਿ ਅਧਿਆਪਕ ਦਾ ਫਰਜ ਕੇਵਲ ਵਿਦਿਆਰਥੀ ਨੂੰ ਸਿਰਫ ਪਾਠ ਪੜਾਉਣਾ ਹੀ ਕਾਫੀ ਨਹੀ ਸਗੋਂ ਉਸ ਨੂੰ ਆਦਰਸ਼ ਜਿੰਦਗੀ ਜਿਉਣ ਲਈ ਵੀ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਜੋ ਨਸੀਹਤ ਉਹ ਆਪਣੇ ਵਿਦਿਆਰਥੀਆ ਨੂੰ ਦਿੰਦਾ ਉਹਨਾਂ ਨੂੰ ਪਹਿਲਾਂ ਆਪਣੇ ਤੇ ਲਾਗੂ ਕਰਨਾ ਚਾਹੀਦਾ ਹੈ। ਜਦੋਂ ਕਿਸੇ ਅਧਿਆਪਕ ਦੁਆਰਾ ਵਿਦਿਆਰਥੀ ਦੇ ਸ਼ੋਸ਼ਣ ਜਾਂ ਨੈਤਿਕ ਅਪਰਾਧ ਦਾ ਮਾਮਲਾ ਸਾਹਮਣੇ ਆਉਦਾ ਤਾਂ ਉਸ ਵਿਰੁੱਧ ਕੜੀ ਕਾਰਵਈ ਕੀਤੀ ਜਾਣੀ ਚਾਹੀਦੀ ਹੈ। ਅਜਿਹੇ ਮਾਮਲਿਆਂ ਨੂੰ ਅੱਣਡਿੱਠ ਕਰਨਾ ਵਿਦਿਆਰਥੀਆਂ ਵਿੱਚ ਅਧਿਆਪਕਾਂ ਪ੍ਰਤੀ ਆਦਰ ਨੂੰ ਠੇਸ ਪਹੁੰਚਾਉਣਾ ਹੈ। ਸਿੱਖਿਆ ਪ੍ਰਣਾਲੀ ਅਤੇ ਸਮਾਜ ਨੂੰ ਵੀ ਇਸ ਮੁੱਦੇ ਤੇ ਗੰਭੀਰਤਾ ਨਾਲ ਕੰਮ ਕਰਨਾ ਚਾਹੀਦਾ ਹੈ।

ਅਸੀ ਦੇਖਦੇ ਹਾਂ ਕਿ ਕਈ ਅਧਿਆਪਕ ਸਕੂਲ ਸਮੇਂ ਤੋਂ ਬਾਅਦ ਸਕੂਲ ਵਿੱਚ ਸ਼ਰਾਬ ਪੀਦੇਂ ਅਤੇ ਕਈ ਵਾਰ ਇਸ ਕੰਮ ਲਈ ਬੱਚਿਆਂ ਨੂੰ ਛੁੱਟੀ ਤੋਂ ਬਾਅਦ ਰਹਿਣ ਲਈ ਕਹਿ ਦਿੰਦੇ ਹਨ ਜਿਸ ਨਾਲ ਜਿਥੇ ਅਧਿਆਪਕਾਂ ਅਤੇ ਵਿਦਿਆਰਥੀਆ ਦੇ ਮਨ ਵਿੱਚ ਇੱਜਤ ਨਹੀ ਰਹਿੰਦੀ ਅਤੇ ਸਭ ਤੋਂ ਖਤਰਨਾਕ ਕਿ ਉਹਨਾਂ ਨੂੰ ਦੇਖੇ ਕੇ ਬੱਚੇ ਵੀ ਵਿਗੜ ਜਾਦੇਂ ਹਨ। ਜਿਥੇ ਕਈ ਅਧਿਆਪਕ ਅਜਿਹੇ ਹਨ ਜੋ ਬੱਚਿਆਂ ਦੀ ਪੜਾਈ ਦਾ ਬੋਝ ਆਪਣੇ ਤੇ ਲੈਂਦੇ ਹਨ। ਮੈਂ ਅਜਿਹੇ ਕਈ ਅੀਧਆਪਕ ਦੇਖੇ ਜੋ ਪ੍ਰੀਖਿਆਵਾਂ ਦੇ ਸਮੇਂ ਬੱਚਿਆਂ ਨੂੰ ਫੋਨ ਕਰਕੇ ਉਠਾਉਂਦੇ ਹਨ ਜਾਂ ਆਪ ਨਿੱਜੀ ਤੌਰ ਤੇ ਬੱਚਿਆਂ ਦੇ ਘਰਾਂ ਵਿੱਚ ਜਾਕੇ ਉਹਨਾਂ ਦੀ ਮਦਦ ਕਰਦੇ ਹਨ। ਇੱਕ ਅਧਿਆਪਕ ਅਜਿਹਾ ਵੀ ਸੀ ਜਿਸ ਦਾ ਅਚਾਨਕ ਐਕਸੀਡੈਂਟ ਹੋ ਗਿਆ ਉਹ ਮੰਜੇ ਤੇ ਪੇ ਗਿਆ ਸਕੂਲ ਤੋਂ ਛੁੱਟੀ ਲੈਣੀ ਪਈ। ਪਰ ਉਸ ਨੇ ਉਸ ਸਮੇਂ ਵੀ ਬੱਚਿਆਂ ਨੂੰ ਆਪਣੇ ਘਰੇ ਬੁਲਾਕੇ ਪੜਾਉਣਾ ਸ਼ੁਰੂ ਕਰ ਦਿੱਤਾ ਤਾਂ ਜੋ ਬੱਚਿਆਂ ਦਾ ਨੁਕਸਾਨ ਨਾ ਹੋਵੇ। ਪਰ ਕਈ ਅਧਿਆਪਕ ਅਜਿਹੇ ਵੀ ਹਨ ਜੋ ਤਰੱਕੀ ਲੈਣ ਜਾਂ ਫੋਕੀ ਸ਼ੋਹਰਤ ਲਈ ਪ੍ਰਾਈਵੇਟ ਆਪ ਪੜਨਾ ਸ਼ੁਰੂ ਕਰ ਦਿੰਦੇ ਜਿਸ ਨਾਲ ਉਹਨਾਂ ਦਾ ਸਾਰਾ ਧਿਆਨ ਉਧਰ ਚਲਾ ਜਾਦਾਂ ਅਤੇ ਉਹ ਬੱਚਿਆਂ ਦੀ ਪੜਾਈ ਵੱਲ ਧਿਆਨ ਨਹੀ ਦਿੰਦੇ। ਮੈਂ ਦੇਖਿਆ ਕਿ ਇੱਕ ਅਧਿਆਪਕ ਨੇ ਆਪਣੀ ਵਾਹ ਵਾਹ ਲਈ 15 ਐਮ.ਏ, ਕੀਤੀਆਂ ਉਹ ਵੀ ਨੋਕਰੀ ਦੋਰਾਨ ਹੁਣ ਜਾਂ ਤਾਂ ਉਸ ਨੇ ਕਾਗਜਾਂ ਵਿੱਚ ਹੀ ਪ੍ਰੀਖੀਆ ਦੇਕੇ ਡਿਗਰੀਆਂ ਲੈ ਲਈਆਂ ਜੇਕਰ ਇਸ ਤਰਾਂ ਹੈ ਤਾਂ ਉਹ ਬੱਚਿਆਂ ਲਈ ਰੋਲ ਮਾਡਲ ਨਹੀ ਬਣ ਸਕਦਾ ਅਤੇ ਜੇਕਰ ਪੜ ਕੇ ਕਰੀਆ ਹਨ ਤਾਂ ਉਹ ਬੱਚਿਆਂ ਨੂੰ ਪੜਾ ਨਹੀ ਸਕਿਆ ਉਸ ਨੇ ਕਿੰਨੇ ਬੱਚਿਆਂ ਦਾ ਭਵਿੱਖ ਖਰਾਬ ਕਰ ਦਿੱਤਾ। ਇਸ ਤਰਾਂ ਬਹੁਤ ਅਧਿਆਪਕ ਅਜਿਹੇ ਵੀ ਹਨ ਜੋ ਆਪਣਾ ਜਿਆਦਾ ਸਮਾਂ ਕਵੀ ਸੰਮੇਲਨਾਂ ਜਾਂ ਨਾਟਕ ਖੇਡਣ ਵਿੱਚ ਬਿਤਾ ਦਿੰਦੇ। ਅਜਿਹੇ ਅਧਿਆਪਕ ਆਪਣੇ ਕਿੱਤੇ ਪ੍ਰਤੀ ਨਿਆਂ ਨਹੀ ਕਰ ਰਹੇ ਅਤੇ ਕਲਾਸਾਂ ਨਾ ਲੈਣ ਜਾਂ ਬਿੰਨਾਂ ਤਿਆਰੀ ਤੋਂ ਕਲਾਸਾਂ ਲੈਣ ਨਾਲ ਬੱਚਿਆਂ ਦਾ ਭਵਿੱਖ ਖਰਾਬ ਕਰ ਦਿੰਦੇ ਹਨ।

ਅਧਿਆਪਕ ਦਿਵਸ ਤੇ ਕੀ ਗਿਫਟ ਦਿੱਤਾ ਜਾ ਸਕਦਾ ਬਾਰੇ ਕਿਹਾ ਜਾਦਾਂ ਕਿ ਵਿਦਿਆਰਥੀਆਂ ਨੂੰ ਆਪਣੇ ਹੱਥ ਨਾਲ ਕੋਈ ਪੇਟਿੰਗ ਜਾਂ ਹੱਥ ਲਿਖਤ ਕੋਈ ਵਧਾਈ ਸੁਨੇਹਾ ਲਿਖ ਕੇ ਦਿੱਤਾ ਜਾ ਸਕਦਾ ਹੈ। ਡਾ ਸਰਵਪਾਲੀ ਰਾਧਾ ਕ੍ਰਿਸ਼ਨਨ ਜਿੰਨਾਂ ਦੀ ਯਾਦ ਵਿੱਚ ਅਧਿਆਪਕ ਦਿਵਸ ਮਨਾਇਆ ਜਾਦਾਂ ਉਹਨਾਂ ਦਾ ਕਹਿਣਾ ਸੀ ਕਿ ਜਿਸ ਵਿਅਕਤੀ ਕੋਲ ਸਿੱਖਿਆ ਦਾ ਖਜਾਨਾ ਉਹ ਹੀ ਅਸਲ ਜਿੰਦਗੀ ਦਾ ਆਨੰਦ ਲੇ ਸਕਦਾ। ਉਹਨਾਂ ਦਾ ਮੰਨਣਾ ਸੀ ਕਿ ਦੇਸ਼ ਦੇ ਸਕੂਲਾਂ ਵਿੱਚ ਸਰਬੋਤਮ ਅਧਿਆਪਕ ਹੋਣਾ ਚਾਹੀਦੇ ਹਨ। ਜੋ ਕੋਮਾਂ ਆਪਣੇ ਅਧਿਆਪਕਾਂ ਦਾ ਸਤਿਕਾਰ ਕਰਦੇ ਹਨ ਉਹ ਕੌਮਾਂ ਯਕੀਨਨ ਤਰੱਕੀ ਕਰਦੀਆਂ ਹਨ। ਜਪਾਨ ਦੀ ਓਦਾਹਰਣ ਸਾਡੇ ਸਾਹਮਣੇ ਹੈ ਕਿਹਾ ਜਾਂਦਾ ਜਦੋਂ ਅਮਰੀਕਾ ਨੇ ਆਪਣੀ ਹਾਉਮੇ ਵਿੱਚ ਜਪਾਨ ਤੇ ਐਟਮੀ ਬੰਬਾਂ ਨਾਲ ਹੀਰੋਸ਼ੀਮਾ ਨਾਗਾਸਾਕੀ ਤੇ ਹਮਲਾ ਕੀਤਾ ਅਤੇ ਉਸ ਨੂੰ ਤਬਾਹ ਕਰ ਦਿੱਤਾ ਤਾਂ ਉਸ ਸਮੇ ਜਪਾਨ ਦੀ ਲੀਡਰਸ਼ਿਪ ਨੇ ਆਪਣੇ ਮੁਲਕ ਨੂੰ ਮੁੜ ਲੀਹਾਂ ਤੇ ਲਿਆਉਣ ਲਈ ਸਬ ਤੋਂ ਪਹਿਲਾਂ ਅਧਿਆਪਕ ਵਰਗ ਤੇ ਵਿਸ਼ਵਾਸ ਪ੍ਰਗਟ ਕੀਤਾ ਤਾਂ ਉਹਨਾਂ ਨੇ ਉਥੋਂ ਦੇ ਪ੍ਰਾਇਮਰੀ ਅਧਿਆਪਕਾਂ ਨਾਲ ਮੀਟਿੰਗ ਕੀਤੀ ਅਤੇ ਕਿਹਾ ਕਿ ਹੁਣ ਮੁਲਕ ਨੂੰ ਦੁਬਾਰਾਂ ਲੀਹ ਤੇ ਲਿਆਉਣ ਹਿੱਤ ਤੁਹਾਡੀ ਜਿੰਮੇਵਾਰੀ ਹੈ। ਅਧਿਆਪਕਾਂ ਨੇ ਵੀ ਦੂਰ ਅੰਦੇਸ਼ੀ ਨੇ ਜਪਾਨ ਦੇ ਨੇਤਾਵਾਂ ਦੀ ਪਿੱਠ ਨਹੀ ਲੱਗਣ ਦਿੱਤੀ ਅਤੇ ਅੱਜ ਉਦਾਹਰਣ ਸਾਡੇ ਸਾਹਮਣੇ ਹੈ ਕਿ ਜਪਾਨ ਤਕਨੀਕ ਦੇ ਪੱਖ ਤੋਂ ਅਮਰੀਕਾ ਤੋਂ ਵੀ ਅੱਗੇ ਹੈ। ਇਸੇ ਤਰਾਂ ਨਿੱਜੀ ਤੋਰ ਤੇ ਵੀ ਜਿੰਨਾਂ ਵਿਅਕਤੀਆਂ ਨੇ ਆਪਣੇ ਅਧਿਆਪਕਾਂ ਦੀ ਇੱਜਤ ਕੀਤੀ ਉਸ ਨੇ ਦੁਨੀਆਂ ਵਿੱਚ ਚੰਗਾ ਨਾਮ ਖੱਟਿਆ। ਕਿਹਾ ਜਾਦਾਂ ਕਿ ਅੰਗਰੇਜਾ ਨੇ ਸਾਰੇ ਜਹਾਂ ਸੇ ਅੱਛਾ ਹਿੰਦੂਸਤਾਂ ਹਮਾਰਾ ਗੀਤ ਲਿੱਖਣ ਵਾਲੇ ਪ੍ਰਸਿੱਧ ਸ਼ਾਇਰ ਇਕਬਾਲ ਨੂੰ ਜਦੋਂ ਸਨਮਾਨਿਤ ਕਰਨ ਹਿੱਤ ਸਰ ਦੀ ਉਪਾਧੀ ਦੇਣੀ ਚਾਹੀ ਤਾਂ ਉਹਨਾਂ ਕਿਹਾ ਕਿ ਮੇਰੇ ਤੋਂ ਪਹਿਲਾਂ ਮੇਰੇ ਉਸਤਾਦ ਮੀਰ ਹਸਨ ਦਾ ਸਨਮਾਨ ਕੀਤਾ ਜਾਵੇ। ਜੁਡੀਸ਼ਰੀ ਦੇ ਮੈਬਰਾਂ ਨੇ ਕਿਹਾ ਕਿ ਤੁਸੀ ਮਹਾਨ ਸ਼ਾਇਰ ਹੋ ਕਈ ਰਚਨਾਵਾਂ ਲਿਖੀਆਂ ਹਨ ਪਰ ਤੁਹਾਡੇ ਉਸਤਾਦ ਦੀ ਅਜਿਹੀ ਕੋਈ ਰਚਨਾ ਨਹੀ। ਇਕਬਾਲ ਨੇ ਕਿਹਾ ਮੀਰ ਹਸਨ ਦੀ ਰਚਨਾ ਮੈਂ ਖੁਦ ਹਾਂ। ਇਹ ਸੁਣ ਕੇ ਅੰਗਰੇਜ ਵੀ ਹੈਰਾਨ ਹੋ ਗਏ।

ਇਸੇ ਤਰਾਂ ਸਿੱਖਿਆ ਦੇ ਪ੍ਰਚਾਰ ਪ੍ਰਸਾਰ ਲਈ ਸਮਾਜ ਸੁਧਾਰਕਾਂ ਸਵਿੱਤਰੀ ਬਾਈ ਫੂਲੇ, ਬਾਬੂ ਮੰਗੂ ਰਾਮ ਮੂਗੋਵਾਲੀਆ ਆਦਿ ਨੇ ਵਿਦਿਅਕ ਅਦਾਰੇ ਖੋਲੇ ਅਤੇ ਅਨੇਕਾਂ ਮੁਸ਼ਕਲਾਂ ਦੇ ਬਾਵਜੂਦ ਪਛੜੇ ਵਰਗਾਂ ਨੂੰ ਸ਼ਮੇਂ ਦਾ ਹਾਣੀ ਬਣਾਉਣ ਹਿੱਤ ਉਪਰਾਲੇ ਕੀਤੇ।

ਅਧਿਆਪਕ ਅਤੇ ਵਿਦਿਆਰਥੀਆਂ ਦੇ ਰਿਸ਼ਤੇ ਨੂੰ ਮਜਬੂਤ ਬਣਾਉਣ ਵਿੱਚ ਸਰਕਾਰ ਨੂੰ ਅਜਿਹੀਆਂ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ ਜੋ ਅਧਿਆਕਾਂ ਨੂੰ ਪ੍ਰੋਤਸ਼ਾਹਿਤ ਕਰਨ ਅਤੇ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਦੇਣ ਵਿੱਚ ਮਦਦਗਾਰ ਸਾਬਤ ਹੋਣ। ਸਰਕਾਰ ਨੂੰ ਅਧਿਆਪਕਾਂ ਦੀ ਤਨਖਾਹ ਅਤੇ ਉਹਨਾਂ ਦੇ ਟ੍ਰੇਨਿੰਗ ਪ੍ਰੋਗਰਾਮਾਂ ਤੇ ਧਿਆਨ ਦੇਣ ਚਾਹੀਦਾ ਹੈ ਤਾਂ ਜੋ ਉਹ ਆਪਣੇ ਕੰਮਾਂ ਵਿੱਚ ਸੇਵਾਭਾਵ ਹੋ ਸਕਣ। ਸਰਕਾਰ ਨੂੰ ਵਿਦਿਆਰਥੀਆਂ ਨੂੰ ਆਧੁਨਿਕ ਸਿੱਖਿਆ ਸਹੂਲਤਾਂ ਅਤੇ ਅਧਿਆਪਕਾਂ ਨੂੰ ਨਵੀਆਂ ਨਵੀਆਂ ਤਕਨੀਕਾਂ ਸਿਖਾਉਣੀਆਂ ਚਾਹੀਦੀਆਂ।

ਗੁਰੁ ਨਾਨਕ ਦੇਵ ਜੀ ਨੇ ਦੱਸਿਆ ਕਿ ਸਿੱਖਿਆ ਦਾ ਮੁੱਖ ਮੰਤਵ ਮਨੁੱਖੀ ਜਿੰਦਗੀ ਨੂੰ ਸੁਧਾਰਨਾ ਹੈ। ਅਧਿਆਪਕ ਸਿਰਫ ਸਿਖਾਉਣ ਵਾਲੇ ਨਹੀ ਹੁੰਦੇਂ ਸਗੋਂ ਉਹ ਵਿਦਿਆਰਥੀਆਂ ਦੇ ਜੀਵਨ ਵਿੱਚ ਪ੍ਰੇਰਕ ਅਤੇ ਮਾਰਕਦਰਸ਼ਕ ਦੇ ਤੋਰ ਤੇ ਵੀ ਕੰਮ ਕਰਦੇ ਹਨ। ਵਿਦਿਆਰਥੀਆਂ ਵਿੱਚ ਨੈਤਿਕ ਕਦਰਾਂ ਕੀਮਤਾਂ ਉਹਨਾਂ ਦੇ ਸਵੇ-ਵਿਸ਼ਵਾਸ ਵਿੱਚ ਵਾਧਾ ਕਰਨਾ ਵੀ ਅਧਿਆਪਕ ਦਾ ਫਰਜ ਹੈ। ਇਸ ਲਈ ਅੱਜ ਅਧਿਆਪਕ ਦਿਵਸ ਤੇ ਅਧਿਆਪਕਾਂ ਅਤੇ ਵਿਦਆਰਥੀਆਂ ਨੂੰ ਸੰਕਲਪ ਲੈਣਾ ਚਾਹੀਦਾ ਕਿ ਜਰੂਰਤ ਪੈਣ ਤੇ ਉਹ ਵੀ ਜਪਾਨ ਦੇ ਅਧਿਆਪਕਾਂ ਵਾਂਗ ਆਪਣੀ ਪੂਰੀ ਜਿੰਦ-ਜਾਨ ਨਾਲ ਦੇਸ਼ ਲਈ ਕੰਮ ਕਰਨਗੇ। ਸਮਾਜ ਦੇ ਹਰ ਵਰਗ ਨੂੰ ਉਹਨਾਂ ਦਾ ਬਣਦਾ ਸਹਿਯੋਗ ਦੇਣਾ ਚਾਹੀਦਾ।

# ਦਫ਼ਤਰ ਭਾਸ਼ਾ ਵਿਭਾਗ ਵੱਲੋਂ ਉਰਦੂ ਆਮੋਜ਼ ਕੋਰਸ ਸਰਟੀਫਿਕੇਟ ਵੰਡ ਸਮਾਗਮ




ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਹੁਸ਼ਿਆਰਪੁਰ ਵੱਲੋਂ ਕਰਵਾਏ ਜਾ ਰਹੇ ਛੇ ਮਹੀਨੇ ਦੇ ਉਰਦੂ ਆਮੋਜ਼ ਕੋਰਸ ਦੇ ਬੈਚ ਜਨਵਰੀ-ਜੂਨ 2024 ਦੇ ਵਿਦਿਆਰਥੀਆਂ ਨੂੰ ਇਹ ਕੋਰਸ ਸੰਪੰਨ ਕਰਨ ਉਪਰੰਤ ਸਰਟੀਫਿਕੇਟ ਵੰਡ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਵਧੀਕ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਚਾਬਾ ਹੁਰਾਂ ਨੇ ਬਤੌਰ ਮੁਖ ਮਹਿਮਾਨ ਸ਼ਿਰਕਤ ਕੀਤੀ।ਮੁਖ ਮਹਿਮਾਨ ਨੂੰ ਜੀ ਆਇਆਂ ਸ਼ਬਦ ਆਖਦਿਆਂ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ। ਜਸਵੰਤ ਰਾਏ ਨੇ ਭਾਸ਼ਾ ਵਿਭਾਗ ਵੱਲੋਂ ਕਰਵਾਏ ਜਾ ਰਹੇ ਉਰਦੂ ਆਮੋਜ਼ ਕੋਰਸ ਅਤੇ ਭਾਸ਼ਾ ਵਿਭਾਗ ਦੀਆਂ ਬਾਕੀ ਸਾਹਿਤਕ ਅਤੇ ਸਿਰਜਣਾਤਮਕ ਗਤੀਵਿਧੀਆਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ। ਸ਼੍ਰੀ ਰਾਹੁਲ ਚਾਬਾ ਨੇ ਉਰਦੂ ਆਮੋਜ਼ ਦਾ ਇਮਤਿਹਾਨ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਭਾਰਤ ਦੀ ਪ੍ਰਾਚੀਨ ਬਹੁਤ ਖ਼ੂਬਸੂਰਤ ਜ਼ੁਬਾਨ ਹੈ। ਮੇਰਾ ਇਸ ਜ਼ੁਬਾਨ ਨਾਲ ਅੱਛਾ ਖ਼ਾਸਾ ਰਿਸ਼ਤਾ ਰਿਹਾ ਹੈ। ਸਾਡੀ ਪੰਜਾਬੀ ਭਾਸ਼ਾ ਦਾ ਹਾਜ਼ਮਾ ਦਰੁਸਤ ਹੋਣ ਕਰਕੇ ਅਰਬੀ ਫ਼ਾਰਸੀ ਦੇ ਬਹੁਤ ਸਾਰੇ ਸ਼ਬਦਾਂ ਦਾ ਖ਼ਜ਼ਾਨਾ ਇਸ ਵਿੱਚ ਰਲ਼ ਗਿਆ ਹੈ।ਇਸ ਨਾਲ ਪੰਜਾਬੀ ਭਾਸ਼ਾ ਦੇ ਸ਼ਬਦ ਭੰਡਾਰ ਵਿੱਚ ਸਿਰਫ਼ ਵਾਧਾ ਹੀ ਨਹੀਂ ਹੋਇਆ ਸਗੋਂ ਇਸ ਜ਼ੁਬਾਨ ਵਿੱਚ ਰੌਚਕਤਾ ਅਤੇ ਖ਼ੂਬਸੂਰਤੀ ਵੀ ਵਧੀ ਹੈ। ਭਾਸ਼ਾ ਵਿਭਾਗ ਵੱਲੋਂ ਕਰਵਾਇਆ ਜਾ ਰਿਹਾ ਉਰਦੂ ਆਮੋਜ਼ ਦਾ ਕੋਰਸ ਪੰਜਾਬੀ ਭਾਸ਼ਾ ਦੇ ਲੰਬੇ ਚੌੜੇ ਇਤਿਹਾਸ ਨੂੰ ਟਟੋਲਣ ਅਤੇ ਖੰਘਾਲਣ ਵਿੱਚ ਹੋਰ ਵਾਧਾ ਕਰੇਗਾ। ਇਸ ਕਰਕੇ ਵੱਧ ਤੋਂ ਵੱਧ ਵਿਦਿਆਰਥੀਆਂ ਅਤੇ ਪਾਠਕਾਂ ਨੂੰ ਇਸ ਕੋਰਸ ਨਾਲ ਜੁੜਨ ਦੀ ਲੋੜ ਹੈ। ਉਨ੍ਹਾਂ ਉਰਦੂ ਆਮੋਜ਼ ਦਾ ਇਮਤਿਹਾਨ ਪਾਸ ਕਰਨ ਵਾਲੇ ਵਿਦਆਰਥੀਆਂ ਨੂੰ ਸਰਟੀਫਿਕੇਟ ਤਕਸੀਮ ਕਰਕੇ ਵਧਾਈ ਦਿੱਤੀ। ਇਸ ਮੌਕੇ ਭਾਸ਼ਾ ਵਿਭਾਗ ਵੱਲੋਂ ਸ਼੍ਰੀ ਰਾਹੁਲ ਚਾਬਾ ਦਾ ਭਾਈ ਕਾਹਨ ਸਿੰਘ ਨਾਭਾ ਵੱਲੋਂ ਰਚਿਤ ਕਲਾਸੀਕਲ ਗ੍ਰੰਥ ਮਹਾਨ ਕੋਸ਼ ਦੇ ਕੇ ਸਨਮਾਨ ਕੀਤਾ ਗਿਆ। ਇਸ ਸਮੇਂ ਲਵਪ੍ਰੀਤ, ਲਾਲ ਸਿੰਘ, ਪੁਸ਼ਪਾ ਰਾਣੀ, ਡਾ. ਦਰਸ਼ਨ ਸਿੰਘ, ਐਡਵੋਕੇਟ ਮਨਦੀਪ ਸਿੰਘ ਗਿੱਲ, ਭਾਈ ਗੁਰਜਿੰਦਰ ਸਿੰਘ, ਸੁਰਜੀਤ ਸਿੰਘ, ਲੈਕ. ਸੁਖਜੀਤ ਕੌਰ ਆਦਿ ਹਾਜ਼ਰ ਸਨ। **-ਜਸਪਾਲ ਕੁਮਾਰ**

# 08 ਸਤੰਬਰ ਅੰਤਰਰਾਸ਼ਟਰੀ ਸਾਖਰਤਾ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ, ਐਡਵੋਕੇਟ
91-9417563054

ਕਿਹੜੀ ਚੀਜ਼ ਸਾਨੂੰ ਆਪਣੇ ਅਧਿਕਾਰਾਂ ਨੂੰ ਜਾਣਨ ਅਤੇ ਨਵੀਆਂ ਚੀਜ਼ਾਂ ਸਿੱਖਣ ਦੀ ਸ਼ਕਤੀ ਦਿੰਦੀ ਹੈ, ਕਿਹੜਾ ਮਾਧਿਅਮ ਹੈ ਜੋ ਸਾਨੂੰ ਹੋਰ ਜਾਣਨ ਲਈ ਉਤਸੁਕ ਬਣਾਉਂਦਾ ਹੈ, ਕਿਹੜੀ ਚੀਜ਼ ਸਾਨੂੰ ਨਿਰਣੇ ਅਤੇ ਫੈਸਲੇ ਲੈਣ ਦੀ ਸ਼ਕਤੀ ਦਿੰਦੀ ਹੈ? ਇਨ੍ਹਾਂ ਸਾਰੇ ਸਵਾਲਾਂ ਦਾ ਹਰ ਜਵਾਬ ਸਾਖਰਤਾ ਵੱਲ ਲੈ ਜਾਵੇਗਾ। ਸਾਖਰਤਾ ਲੋਕਾਂ ਦੇ ਜੀਵਨ ਨੂੰ ਸੁਧਾਰਨ ਲਈ ਇੱਕ ਸ਼ਕਤੀਸ਼ਾਲੀ ਸਾਧਨ ਹੈ। ਇਹ ਉਹਨਾਂ ਨੂੰ ਗਰੀਬੀ ਦੇ ਸੰਘਰਸ਼ ਨੂੰ ਦੂਰ ਕਰਨ ਵਿੱਚ ਮੱਦਦ ਕਰਦਾ ਹੈ ਅਤੇ ਉਹਨਾਂ ਨੂੰ ਸੁਤੰਤਰ ਤੌਰ ਤੇ ਖੁਸ਼ਹਾਲ ਹੋਣ ਲਈ ਸ਼ਕਤੀ ਪ੍ਰਦਾਨ ਕਰਦਾ ਹੈ। ਸਾਖਰਤਾ ਕਿਸੇ ਵਿਸ਼ੇਸ਼ ਭਾਸ਼ਾ ਵਿੱਚ ਪੜ੍ਹਨ ਅਤੇ ਲਿਖਣ ਦੀ ਸ਼ਕਤੀ ਹੈ। ਇਹ ਕਿਸੇ ਚੀਜ਼ ਨੂੰ ਸੁਣਨ, ਸਮਝਣ ਅਤੇ ਉਸ ਅਨੁਸਾਰ ਸੰਚਾਰ ਕਰਨ ਦੀ ਸ਼ਕਤੀ ਵੀ ਹੈ। ਸਾਖਰਤਾ ਸਿੱਖਿਆ ਤੋਂ ਮਿਲਦੀ ਹੈ ਜੋ ਅਸੀਂ ਸਕੂਲ, ਘਰ ਅਤੇ ਸਾਡੇ ਆਲੇ ਦੁਆਲੇ ਪ੍ਰਾਪਤ ਕਰਦੇ ਹਾਂ। ਇਹ ਸਾਨੂੰ ਗਿਆਨ ਨੂੰ ਸਮਝਣ ਅਤੇ ਇਕੱਠਾ ਕਰਨ ਦੇ ਯੋਗ ਬਣਾਉਂਦੀ ਹੈ, ਸਾਨੂੰ ਤਰਕ ਨਾਲ ਸੋਚਕੇ ਤਰਕਸੰਗਤ ਫੈਸਲੇ ਲੈਣ ਯੋਗ ਬਣਾਉਂਦੀ ਹੈ। ਜਿੰਨਾ ਜ਼ਿਆਦਾ ਅਸੀਂ ਚੀਜ਼ਾਂ ਨੂੰ ਪੜ੍ਹਦੇ ਅਤੇ ਸਮਝਦੇ ਹਾਂ, ਸਾਡੀ ਸੋਚਣ ਦੀ ਪ੍ਰਕਿਰਿਆ ਓਨੀ ਹੀ ਬਿਹਤਰ ਹੁੰਦੀ ਜਾਵੇਗੀ। ਸਾਖਰਤਾ ਨੂੰ ਜੀਵਨ ਵਿੱਚ ਬਹੁਤ ਸਾਰੀਆਂ ਨਵੀਆਂ ਚੀਜ਼ਾਂ ਲਈ ਪਹਿਲਾ ਕਦਮ ਮੰਨਿਆ ਜਾਂਦਾ ਹੈ। 07 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀ ਜੋ ਕਿਸੇ ਵੀ ਭਾਸ਼ਾ ਨੂੰ ਸਮਝ ਕੇ ਪੜ੍ਹ ਅਤੇ ਲਿਖ ਸਕਦਾ ਹੈ ਨੂੰ ਪੜ੍ਹਿਖ਼ਆ ਲਿਖਿਆ ਮੰਨਿਆ ਜਾਂਦਾ ਹੈ। ਜਿਹੜਾ ਵਿਅਕਤੀ ਸਿਰਫ਼ ਪੜ੍ਹ ਸਕਦਾ ਹੈ ਪਰ ਲਿਖ ਨਹੀਂ ਸਕਦਾ, ਉਹ ਪੜ੍ਹਿਆ-ਲਿਖਿਆ ਨਹੀਂ ਹੈ। ਸਿੱਖਿਆ ਸਮਾਜਿਕ-ਆਰਥਿਕ ਵਿਕਾਸ ਦਾ ਅਧਾਰ ਹੈ ਅਤੇ ਗਰੀਬੀ ਘਟਾਉਣ, ਲਿੰਗ ਅਨੁਪਾਤ ਸੁਧਾਰਨ, ਭ੍ਰਿਸ਼ਟਾਚਾਰ ਅਤੇ ਹੋਰ ਸਮਾਜਿਕ ਸਮੱਸਿਆਵਾਂ ਦੇ ਹੱਲ ਕਰਨ ਵਿੱਚ ਸਹਾਇਕ ਅਤੇ ਸਮਰੱਥ ਕਰਦੀ ਹੈ, ਫਿਰ ਵੀ ਅਜੇ ਤੱਕ ਦੁਨੀਆਂ ਦੇ ਲਗਭੱਗ 35 ਦੇਸ਼ਾਂ ਵਿੱਚ ਸਾਖਰਤਾ ਦਰ 50 ਫਿਸਦੀ ਤੋਂ ਵੀ ਘੱਟ ਹੈ। ਵਿਸ਼ਵ ਪੱਧਰ ਤੇ ਦੇਖੀਏ ਤਾਂ ਦੁਨੀਆਂ ਵਿੱਚ ਕਰੀਬ ਚਾਰ ਅਰਬ ਲੋਕ ਸਾਖਰ ਹਨ ਅਤੇ ਲੱਗਭੱਗ 77.6 ਕਰੋੜ ਲੋਕ ਘੱਟੋ ਘੱਟ ਸਾਖਰਤਾ ਦਰ ਤੋਂ ਵੀ ਹੇਠਾਂ ਹਨ ਜਿਹਨਾਂ ਵਿੱਚੋਂ ਦੋ ਤਿਹਾਈ ਔਰਤਾਂ ਹਨ। ਹਰ ਪੰਜ ਵਿਅਕਤੀਆਂ ਵਿੱਚੋਂ ਇੱਕ ਵਿਅਕਤੀ ਅਨਪੜ੍ਹ ਹੈ। ਦੁਨੀਆਂ ਦੇ ਨਾਰਵੇ, ਫਿਨਲੈਂਡ, ਐਨਡੋਰਾ, ਨੋਰਫੋਲਕ ਆਈਲੈਂਡ, ਗ੍ਰੀਨਲੈਂਡ, ਉਤਰੀ ਕੋਰੀਆ, ਲਗਜ਼ਮਬਰਗ ਵਰਗੇ ਦੇਸ਼ਾਂ ਦੀ ਸਾਖਰਤਾ ਦਰ ਲੱਗਭੱਗ 100 ਫਿਸਦੀ ਹੈ ਅਤੇ ਜ਼ਿਆਦਾਤਰ ਕਈ ਦੇਸ਼ਾਂ ਦੀ ਸਾਖਰਤਾ ਦਰ 98 ਫਿਸਦੀ ਤੋਂ ਵੱਧ ਹੈ। ਸਾਖਰਤਾ ਦਰ ਨੂੰ ਸੁਧਾਰਨ ਅਤੇ ਇਸ ਖੇਤਰ ਵਿੱਚ ਵੱਧ ਕੰਮ ਕਰਨ ਦੇ ਲਈ ਹੀ ਸੰਯੁਕਤ ਰਾਸ਼ਟਰ ਸਿੱਖਿਅਕ, ਵਿਗਿਆਨਕ ਅਤੇ ਸੰਸਕ੍ਰਿਤ ਸੰਗਠਨ (ਯੂਨੇਸਕੋ) ਦੁਆਰਾ ਹਰ ਸਾਲ 08 ਸਤੰਬਰ ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਜਾਂਦਾ ਹੈ। ਇਸਦਾ ਉਦੇਸ਼ ਵਿਅਕਤੀਆਂ, ਸੰਸਥਾਵਾਂ ਅਤੇ ਸਾਰੇ ਭਾਈਚਾਰਿਆਂ ਨੂੰ ਪੜ੍ਹਾਈ ਦੇ ਮਹੱਤਵ ਤੋਂ ਜਾਣੂ ਕਰਵਾਉਂਣਾ ਹੈ। ਜੇਕਰ ਸਾਖਰਤਾ ਦਿਵਸ ਦਾ ਪਿਛੋਕੜ ਵੇਖੀਏ ਤਾਂ 17 ਨਵੰਬਰ 1965 ਨੂੰ ਯੂਨੈਸਕੋ ਵੱਲੋਂ ਫੈਸਲਾ ਕੀਤਾ ਗਿਆ ਕਿ ਹਰ ਸਾਲ 08 ਸਤੰਬਰ ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਦੇ ਤੌਰ ਤੇ ਮਨਾਇਆ ਜਾਵੇਗਾ ਅਤੇ ਪਹਿਲੀ ਵਾਰ 08 ਸਤੰਬਰ 1966 ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਗਿਆ ਸੀ। ਪਿਛਲੇ ਕਈ ਸਾਲਾਂ ਵਾਂਗ ਹੀ ਅੱਜ 08 ਸਤੰਬਰ ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਵੱਖ ਵੱਖ ਥਾਵਾਂ ਤੇ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਸਮਾਰੋਹ ਕਰਵਾਏ ਜਾ ਰਹੇ ਹਨ ਜਿਨ੍ਹਾਂ ਵਿੱਚ ਸਾਖਰਤਾ ਦੇ ਮਹੱਤਵ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਇਸ ਸਾਲ ਅੰਤਰਰਾਸ਼ਟਰੀ ਸਾਖਰਤਾ ਦਿਵਸ ਦਾ ਮੁੱਖ ਵਿਸ਼ਾ"ਬਹੁ-ਭਾਸ਼ਾਈ ਸਿੱਖਿਆ ਨੂੰ ਉਤਸ਼ਾਹਿਤ ਕਰਨਾ: ਆਪਸੀ ਸਮਝ ਅਤੇ ਸ਼ਾਂਤੀ ਲਈ ਸਾਖਰਤਾ" ਹੈ। ਇਹ ਥੀਮ ਵੱਖ-ਵੱਖ ਸਭਿਆਚਾਰਾਂ ਵਿੱਚ ਸੰਚਾਰ ਨੂੰ ਵਧਾਉਣ ਅਤੇ ਆਪਸੀ ਸਮਝ ਨੂੰ ਉਤਸ਼ਾਹਿਤ ਕਰਨ ਲਈ ਕਈ ਭਾਸ਼ਾਵਾਂ ਵਿੱਚ ਸਿੱਖਿਆ ਪ੍ਰਦਾਨ ਕਰਨ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ। ਬਹੁ-ਭਾਸ਼ਾਈ ਸਿੱਖਿਆ ਦਾ ਸਮਰਥਨ ਕਰਕੇ ਅਸੀਂ ਸ਼ਾਂਤੀ ਅਤੇ ਏਕਤਾ ਨੂੰ ਉਤਸ਼ਾਹਿਤ ਕਰਦੇ ਹੋਏ ਵੱਖ-ਵੱਖ ਭਾਸ਼ਾਈ ਅਤੇ ਸੱਭਿਆਚਾਰਕ ਸਮੂਹਾਂ ਵਿਚਕਾਰ ਪਾੜੇ ਨੂੰ ਪੂਰਾ ਕਰ ਸਕਦੇ ਹਾਂ। ਇਹ ਦ੍ਰਿਸ਼ਟੀਕੋਣ ਨਾ ਸਿਰਫ਼ ਵਿਅਕਤੀਆਂ ਨੂੰ ਉਹਨਾਂ ਦੀਆਂ ਮੂਲ ਭਾਸ਼ਾਵਾਂ ਵਿੱਚ ਸਿੱਖਿਆ ਤੱਕ ਪਹੁੰਚ ਕਰਨ ਵਿੱਚ ਮੱਦਦ ਕਰਦਾ ਹੈ ਬਲਕਿ ਵਿਸ਼ਵ ਪੱਧਰ ਤੇ ਸਹਿਯੋਗ ਅਤੇ ਸੱਭਿਆਚਾਰਕ ਵਿਭਿੰਨਤਾ ਲਈ ਸਨਮਾਨ ਨੂੰ ਵੀ ਉਤਸ਼ਾਹਿਤ ਕਰਦਾ ਹੈ। ਇਸ ਸਾਲ ਦਾ ਵਿਸ਼ਾ ਇਹਨਾਂ ਲਾਭਾਂ ਬਾਰੇ ਜਾਗਰੂਕਤਾ ਪੈਦਾ ਕਰਦਾ ਹੈ ਅਤੇ ਵਿਸ਼ਵ ਭਰ ਵਿੱਚ ਵਧੇਰੇ ਸੰਮਲਿਤ ਅਤੇ ਪ੍ਰਭਾਵਸ਼ਾਲੀ ਸਾਖਰਤਾ ਪ੍ਰੋਗਰਾਮਾਂ ਲਈ ਯਤਨਾਂ ਨੂੰ ਪ੍ਰੇਰਿਤ ਕਰਦਾ ਹੈ।ਆਪਸੀ ਸਮਝ, ਸਮਾਜਿਕ ਏਕਤਾ ਅਤੇ ਸ਼ਾਂਤੀ ਨੂੰ ਉਤਸ਼ਾਹਿਤ ਕਰਨ ਲਈ ਸਾਖਰਤਾ ਦੀ ਪਰਿਵਰਤਨਸ਼ੀਲ ਸੰਭਾਵਨਾ ਨੂੰ ਵਰਤਣ ਦੀ ਜ਼ੋਰਦਾਰ ਲੋੜ ਹੈ। ਅਜਿਹੀ ਪਹੁੰਚ ਸੰਪਰਦਾਇਕ ਪਛਾਣਾਂ ਅਤੇ ਸਮੂਹਿਕ ਇਤਿਹਾਸ ਨੂੰ ਮਜ਼ਬੂਤ ਕਰਦੇ ਹੋਏ ਆਪਸੀ ਸਮਝ ਅਤੇ ਸਤਿਕਾਰ ਨੂੰ ਉਤਸ਼ਾਹਿਤ ਕਰਨ ਵਿੱਚ ਮੱਦਦ ਕਰ ਸਕਦੀ ਹੈ। ਅੰਤਰਰਾਸ਼ਟਰੀ ਸਾਖਰਤਾ ਦਿਵਸ ਸਥਾਈ ਸ਼ਾਂਤੀ ਪ੍ਰਾਪਤ ਕਰਨ ਲਈ ਬਹੁ-ਭਾਸ਼ਾਈ ਸੰਦਰਭਾਂ ਵਿੱਚ ਸਾਖਰਤਾ ਨਾਲ ਸਬੰਧਤ ਮੁੱਦਿਆਂ ਨੂੰ ਖੋਲ੍ਹੇਗਾ ਅਤੇ ਨੀਤੀਆਂ, ਜੀਵਨ ਭਰ ਸਿੱਖਣ ਪ੍ਰਣਾਲੀਆਂ, ਸ਼ਾਸਨ, ਪ੍ਰੋਗਰਾਮਾਂ ਅਤੇ ਅਭਿਆਸਾਂ ਨੂੰ ਵਧਾਉਣ ਲਈ ਸੰਭਵ ਹੱਲਾਂ ਦੀ ਖੋਜ ਕਰੇਗਾ। ਅੰਤਰਰਾਸ਼ਟਰੀ ਸਾਖਰਤਾ ਦਿਵਸ ਸਬੰਧੀ ਇਸ ਸਾਲ ਗਲੋਬਲ ਸਮਾਰੋਹ 9 ਅਤੇ 10 ਸਤੰਬਰ ਨੂੰ ਯਾਉਂਡੇ, ਕੈਮਰੂਨ ਵਿੱਚ ਆਯੋਜਿਤ ਕੀਤਾ ਜਾਵੇਗਾ ਜਿਸ ਵਿੱਚ ਇੱਕ ਗਲੋਬਲ ਕਾਨਫਰੰਸ, ਯੂਨੈਸਕੋ ਇੰਟਰਨੈਸ਼ਨਲ ਲਿਟਰੇਸੀ ਪ੍ਰਾਈਜ਼ ਦਾ ਐਵਾਰਡ ਸਮਾਰੋਹ ਅਤੇ ਸਾਈਡ ਇਵੈਂਟ ਸ਼ਾਮਲ ਹੋਣਗੇ ਜਿਵੇਂ ਕਿ ਗਲੋਬਲ ਅਲਾਇੰਸ ਆਫ ਲਿਟਰੇਸੀ ਦੀ ਸਾਲਾਨਾ ਮੀਟਿੰਗ ਲਾਈਫਲੌਂਗ ਲਰਨਿੰਗ ਦਾ ਢਾਂਚਾ ਅਤੇ ਸਾਖਰਤਾ ਅਤੇ ਵਿਕਲਪਕ ਸਿੱਖਿਆ ਅਤੇ ਯੂਨੈਸਕੋ ਗਲੋਬਲ ਨੈੱਟਵਰਕ ਆਫ਼ ਲਰਨਿੰਗ ਸਿਟੀਜ਼ ਨੂੰ ਮਾਪਣ ਤੇ ਐਕਸ਼ਨ ਰਿਸਰਚ ਦੀਆਂ ਮੀਟਿੰਗਾਂ। ਇਹ ਅਫਰੀਕਨ ਯੂਨੀਅਨ ਦੇ ਸਿੱਖਿਆ ਦੇ ਸਾਲ ਅਤੇ ਇਸ ਤੋਂ ਅੱਗੇ ਦੇ ਸੰਦਰਭ ਵਿੱਚ ਕੈਮਰੂਨ ਅਤੇ ਅਫਰੀਕਾ ਵਿੱਚ ਸਾਖਰਤਾ ਏਜੰਡੇ ਤੇ ਰੌਸ਼ਨੀ ਪਾਉਣ ਦਾ ਇੱਕ ਮੌਕਾ ਵੀ ਹੋਵੇਗਾ।ਅੰਕੜੇ ਸਾਬਤ ਕਰਦੇ ਹਨ ਕਿ ਦੁਨੀਆ ਦੇ 86ਗ਼ ਤੋਂ ਵੱਧ ਲੋਕ ਪੜ੍ਹ-ਲਿਖ ਸਕਦੇ ਹਨ ਜੋਕਿ 1979 ਵਿੱਚ 68% ਤੋਂ ਵੱਧ ਹੈ, ਹਾਲਾਂਕਿ ਅਜੇ ਵੀ 765 ਮਿਲੀਅਨ ਬਾਲਗ ਪੜ੍ਹ ਜਾਂ ਲਿਖ ਨਹੀਂ ਸਕਦੇ ਹਨ, ਇਨ੍ਹਾਂ ਵਿੱਚੋਂ ਤੀਜਾ ਹਿੱਸਾ ਔਰਤਾਂ ਹਨ। ਇਸ ਤੋਂ ਇਲਾਵਾ 250 ਮਿਲੀਅਨ ਬੱਚੇ ਪੜ੍ਹਨ ਅਤੇ ਲਿਖਣ ਦੇ ਬੁਨਿਆਦੀ ਹੁਨਰ ਨਹੀਂ ਸਿੱਖ ਰਹੇ ਹਨ। ਦੁਨੀਆਂ ਵਿੱਚ ਸਭ ਤੋਂ ਘੱਟ ਸਾਖਰਤਾ ਦਰ ਅਫਗਾਨਿਸਤਾਨ ਦੀ 28.1 ਫਿਸਦੀ ਹੈ ਜਿਸ ਵਿੱਚੋਂ ਪੁਰਸ਼ਾਂ ਦੀ ਸਾਖਰਤਾ ਦਰ 43.1 ਫਿਸਦੀ ਅਤੇ ਮਹਿਲਾਵਾਂ ਦੀ ਸਾਖਰਤਾ ਦਰ ਸਿਰਫ 12.6 ਫਿਸਦੀ ਹੈ। ਨੇਪਾਲ, ਪਾਕਿਸਤਾਨ ਵਰਗੇ ਸਾਡੇ ਗੁਆਂਢੀ ਦੇਸ਼ਾਂ ਵਿੱਚ ਹਾਲਤ ਸਾਡੇ ਨਾਲੋਂ ਵੀ ਖਰਾਬ ਹੈ ਪਰ ਵਿਸ਼ਵ ਵਿੱਚ ਚੀਨ ਵਰਗੇ ਦੇਸ਼ ਵੀ ਹਨ ਜਿਹਨਾਂ ਦੀ ਸਾਖਰਤਾ ਦਰ 93.3 ਫਿਸਦੀ ਹੈ। ਦੁਨੀਆ ਵਿੱਚ ਲਗਾਤਾਰ ਤਰੱਕੀ ਦੇ ਬਾਵਜੂਦ ਸਾਲ 2020 ਵਿੱਚ ਘੱਟੋ-ਘੱਟ 763 ਮਿਲੀਅਨ ਨੌਜਵਾਨਾਂ ਅਤੇ ਬਾਲਗਾਂ ਵਿੱਚ ਬੁਨਿਆਦੀ ਸਾਖਰਤਾ ਹੁਨਰਾਂ ਦੀ ਘਾਟ ਦੇ ਨਾਲ ਸਾਖਰਤਾ ਚੁਣੌਤੀਆਂ ਬਰਕਰਾਰ ਹਨ। ਸਾਲ 1947 ਵਿੱਚ ਜਦੋਂ ਭਾਰਤ ਨੂੰ ਆਜ਼ਾਦੀ ਮਿਲੀ ਤਾਂ ਸਾਖਰਤਾ ਦਰ ਨਿਰਾਸ਼ਾਜਨਕ ਸੀ। ਕੁੱਲ ਆਬਾਦੀ ਦਾ ਸਿਰਫ਼ 18ਗ਼ ਪੜ੍ਹਿਖ਼ਆ-ਲਿਖਿਆ ਵਰਗ ਸੀ ਅਤੇ ਔਰਤਾਂ ਲਈ ਹੋਰ ਵੀ ਮਾੜ੍ਹਾ ਸਿਰਫ 8.86ਗ਼ ਸੀ। ਜਨਗਣਨਾ 2011 ਅਨੁਸਾਰ ਭਾਰਤ ਵਿੱਚ ਸਾਖਰਤਾ ਦਰ ਦੀ ਸਥਿਤੀ ਵਿੱਚ ਇੱਕ ਸ਼ਾਨਦਾਰ ਸੁਧਾਰ ਹੋਇਆ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਕੇਰਲਾ ਭਾਰਤ ਦਾ ਸਭ ਤੋਂ ਵੱਧ ਪੜ੍ਹਿਆ-ਲਿਖਿਆ ਰਾਜ ਅਤੇ ਬਿਹਾਰ ਸਭ ਤੋਂ ਘੱਟ ਪੜ੍ਹਿਆ-ਲਿਖਿਆ ਰਾਜ ਸੀ। ਸਾਲ 1981 ਤੋਂ ਪਹਿਲਾਂ ਦੀ ਮਰਦਮਸ਼ੁਮਾਰੀ ਵਿੱਚ ਭਾਰਤ ਵਿੱਚ ਸਾਖਰਤਾ ਦਰ ਦੀ ਗਣਨਾ ਪੂਰੀ ਆਬਾਦੀ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾਂਦੀ ਸੀ। ਭਾਰਤ ਵਿੱਚ ਸਾਖਰਤਾ ਦਰ ਦੀ ਗਣਨਾ ਕਰਨ ਦਾ ਇੱਕ ਹੋਰ ਸਟੀਕ ਅਤੇ ਸਹੀ ਤਰੀਕਾ ਲੱਭਣ ਤੋਂ ਬਾਅਦ ਇਸ ਵਿਧੀ ਨੂੰ 1991 ਵਿੱਚ ਸੋਧਿਆ ਗਿਆ ਸੀ। ਇਸ ਵਿੱਚ 0-6 ਸਾਲ ਦੀ ਉਮਰ ਦੇ ਲੋਕਾਂ ਨੂੰ ਇਸ ਤੋਂ ਬਾਹਰ ਰੱਖਣਾ ਸ਼ਾਮਲ ਸੀ। ਸਾਲ 1991 ਤੋਂ 07 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਭਾਰਤ ਵਿੱਚ ਸਾਖਰਤਾ ਦਰ ਦੀ ਗਣਨਾ ਕੀਤੀ ਗਈ। ਭਾਰਤ ਵਿੱਚ ਸਾਖਰਤਾ ਵਿੱਚ ਕਈ ਸਾਲਾਂ ਤੋਂ ਲਿੰਗ ਅਸਮਾਨਤਾ ਦੀ ਸਮੱਸਿਆ ਵੀ ਸ਼ਾਮਲ ਹੈ। ਸਾਡੇ ਸਮਾਜ ਵਿੱਚ ਮਰਦਾਂ ਅਤੇ ਔਰਤਾਂ ਦੋਵਾਂ ਲਈ ਬਰਾਬਰੀ ਨੂੰ ਯਕੀਨੀ ਬਣਾਉਣ ਲਈ ਸਰਕਾਰ ਦੇ ਯਤਨਾਂ ਦੇ ਬਾਵਜੂਦ ਭਾਰਤ ਵਿੱਚ ਖਾਸ ਕਰਕੇ ਪੇਂਡੂ ਖੇਤਰਾਂ ਵਿੱਚ ਔਰਤਾਂ ਦੀ ਸਾਖਰਤਾ ਦਰ ਅਜੇ ਵੀ ਬਹੁਤ ਮਾੜ੍ਹੀ ਹੈ। ਇਸ ਲਈ ਔਰਤਾਂ ਵਿੱਚ ਸਿੱਖਿਆ ਦੀ ਘਾਟ ਅਤੇ ਕੁੱਝ ਸਮਾਜਿਕ ਕੁਰੀਤੀਆਂ ਜੋ ਔਰਤਾਂ ਪ੍ਰਤੀ ਵਿਤਕਰਾ ਕਰਦੀਆਂ ਹਨ ਸ਼ਾਮਿਲ ਹਨ। ਸਾਖਰਤਾ ਦੇ ਮਿਆਰ ਨੂੰ ਸੁਧਾਰਨ ਲਈ ਸਰਕਾਰ ਦੁਆਰਾ ਕਈ ਕਦਮ ਚੁੱਕੇ ਗਏ ਹਨ। ਸਾਲ 1995 ਵਿੱਚ ਸਰਕਾਰ ਦੁਆਰਾ ਵਿਦਿਆਰਥੀਆਂ ਨੂੰ ਮੁਫਤ ਅਨਾਜ ਅਤੇ ਖਾਣਾ ਦੇਣ ਦੀ ਯੋਜਨਾ ਸ਼ੁਰੂ ਕੀਤੀ ਗਈ ਸੀ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਦਾਖਲੇ ਅਤੇ ਹਾਜ਼ਰੀ ਨੂੰ ਬਿਹਤਰ ਬਣਾਇਆ ਜਾ ਸਕੇ। ਸਿੱਖਿਆ ਦੇ ਮਹੱਤਵ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਪੇਂਡੂ ਖੇਤਰਾਂ ਵਿੱਚ ਜਾਗਰੂਕਤਾ ਮੁਹਿੰਮਾਂ ਚਲਾਈਆਂ ਗਈਆਂ ਅਤੇ ਬੱਚਿਆਂ ਨੂੰ ਸਕੂਲਾਂ ਵਿੱਚ ਪੜ੍ਹਨ ਲਈ ਭੇਜਣ ਲਈ ਪ੍ਰੇਰਿਤ ਕੀਤਾ। ਭਾਰਤ ਵਿੱਚ ਲੱਗਭੱਗ 287 ਮਿਲੀਅਨ ਅਨਪੜ੍ਹ ਬਾਲਗ ਰਹਿੰਦੇ ਹਨ ਜੋਕਿ ਵਿਸ਼ਵ ਦਾ ਲੱਗਭੱਗ 37% ਹੈ। ਬਿਹਾਰ, ਝਾਰਖੰਡ ਅਤੇ ਉੱਤਰ ਪ੍ਰਦੇਸ਼ ਭਾਰਤ ਵਿੱਚ ਦਲਿਤਾਂ ਦੀ ਸਾਖਰਤਾ ਦੇ ਮਾਮਲੇ ਵਿੱਚ ਹੇਠਲੇ ਪੰਜ ਰਾਜਾਂ ਵਿੱਚ ਪ੍ਰਮੁੱਖ ਹਨ। ਆਜ਼ਾਦੀ ਤੋਂ ਬਾਅਦ ਭਾਰਤ ਦੀ ਸਾਖਰਤਾ ਦਰ ਲੱਗਭੱਗ ਛੇ ਗੁਣਾ ਵਧੀ ਹੈ ਅਤੇ ਸਾਖਰਤਾ ਦਰ 2011 ਵਿੱਚ 74% ਹੋ ਗਈ ਹੈ। ਭਾਰਤ ਵਿੱਚ ਲੱਗਭੱਗ 60 ਲੱਖ ਬੱਚੇ ਅਜੇ ਵੀ ਸਕੂਲ ਤੋਂ ਬਾਹਰ ਹਨ। ਲੱਗਭੱਗ 92% ਸਰਕਾਰੀ ਸਕੂਲਾਂ ਨੇ ਅਜੇ ਤੱਕ ਸਿੱਖਿਆ ਦੇ ਅਧਿਕਾਰ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਹੈ। ਔਰਤਾਂ ਦੀ ਸਾਖਰਤਾ ਦਰ ਵਿੱਚ ਭਾਰਤ 135 ਦੇਸ਼ਾਂ ਵਿੱਚੋਂ 123ਵੇਂ ਸਥਾਨ ਤੇ ਹੈ। ਸਾਖਰਤਾ ਸੰਯੁਕਤ ਰਾਸ਼ਟਰ ਦੇ ਸਥਾਈ ਵਿਕਾਸ ਦੇ ਟੀਚਿਆਂ ਅਤੇ ਸੰਯੁਕਤ ਰਾਸ਼ਟਰ ਦੇ ਨਿਰੰਤਰ ਵਿਕਾਸ 2030 ਦੇ ਏਜੰਡੇ ਦਾ ਮੁੱਖ ਹਿੱਸਾ ਹੈ। ਅੰਤਰਰਾਸ਼ਟਰੀ ਸਾਖਰਤਾ ਦਿਵਸ ਤਰੱਕੀ ਦਾ ਮੁਲੰਕਣ ਕਰਨ ਦਾ ਇੱਕ ਮੌਕਾ ਹੈ ਅਤੇ ਸਾਖਰਤਾ ਨੂੰ ਇੱਕ ਜ਼ਰੂਰੀ ਮਨੁੱਖੀ ਅਧਿਕਾਰ ਵਜੋਂ ਮਨਾਉਣ ਵੱਲ ਗਤੀ ਵਧਾਉਣ ਦਾ ਮੌਕਾ ਹੈ ਜੋ ਸਾਡੇ ਸਮਾਜਾਂ ਵਿੱਚ ਇੱਕ ਬੁਨਿਆਦੀ ਭੂਮਿਕਾ ਨਿਭਾਉਂਦਾ ਹੈ। ਸਾਲ 1979 ਵਿੱਚ ਦੁਨੀਆ ਦੀ ਸਿਰਫ ਲੱਗਭੱਗ 68% ਆਬਾਦੀ ਪੜ੍ਹਨਾ ਅਤੇ ਲਿਖਣਾ ਜਾਣਦੀ ਸੀ ਅਤੇ 2020 ਵਿੱਚ ਇਹ ਲੱਗਭੱਗ 86.7% ਸੀ। ਇਸਦੇ ਬਾਵਜੂਦ ਦੁਨੀਆ ਭਰ ਦੇ ਲੱਗਭੱਗ 771 ਮਿਲੀਅਨ ਨੌਜਵਾਨਾਂ ਅਤੇ ਬਾਲਗਾਂ ਕੋਲ ਅਜੇ ਵੀ ਬੁਨਿਆਦੀ ਸਾਖਰਤਾ ਹੁਨਰ ਨਹੀਂ ਹਨ ਜਿਨ੍ਹਾਂ ਵਿੱਚੋਂ 60% ਲੜਕੀਆਂ ਅਤੇ ਔਰਤਾਂ ਹਨ। ਅੰਤਰਰਾਸ਼ਟਰੀ ਸਾਖਰਤਾ ਦਿਵਸ ਦੁਆਰਾ ਯੂਨੈਸਕੋ ਸਿੱਖਿਆ ਦੇ ਖੇਤਰ ਅਤੇ ਇਸ ਤੋਂ ਬਾਹਰ ਦੇ ਸਾਰੇ ਕਲਾਕਾਰਾਂ ਨੂੰ ਸਾਖਰਤਾ ਦੀ ਭੂਮਿਕਾ ਤੇ ਮੁੜ ਵਿਚਾਰ ਕਰਨ ਲਈ ਕਹਿੰਦਾ ਹੈ। ਭਾਰਤ ਇੱਕ ਉਭੱਰਦਾ ਅਤੇ ਤੇਜ਼ੀ ਨਾਲ ਵਿਕਸਿਤ ਹੋਣ ਵਾਲਾ ਦੇਸ਼ ਹੈ। ਅੱਜ ਅਸੀਂ ਆਪਣੀ ਤੁਲਨਾ ਅਮਰੀਕਾ, ਚੀਨ ਵਰਗੇ ਦੇਸ਼ਾਂ ਨਾਲ ਕਰਦੇ ਨਹੀਂ ਥੱਕਦੇ ਪਰ ਜਦੋਂ ਅਸੀਂ ਭਾਰਤ ਦੀਆਂ ਸੜ੍ਹਕਾਂ ਤੇ ਚਾਹ ਦੀਆਂ ਦੁਕਾਨਾਂ ਤੇ ਕੰਮ ਕਰਨ ਵਾਲੇ ਛੋਟੇ ਬੱਚਿਆਂ ਅਤੇ ਪੜ੍ਹੇ-ਲਿਖੇ ਨੌਜ਼ਵਾਨਾਂ ਨੂੰ ਬੇਰੁਜ਼ਗਾਰ ਦੇਖਦੇ ਹਾਂ ਤਾਂ ਸੋਚਦੇ ਹਾਂ ਕਿ ਅਸੀਂ ਸਾਖਰ ਤਾਂ ਹੋ ਗਏ ਹਾਂ ਪਰ ਸਿੱਖਿਅਤ ਨਹੀਂ ਹੋਏ ਹਾਂ। ਸਿੱਖਿਆ ਦਾ ਅਰਥ ਹੁੰਦਾ ਹੈ ਗਿਆਨ ਪ੍ਰਾਪਤ ਕਰਨਾ। ਪੜ੍ਹ-ਲਿਖਕੇ ਅਸੀਂ ਸਾਖਰ ਤਾਂ ਬਣ ਜਾਂਦੇ ਹਾਂ ਪਰ ਗਿਆਨ ਪ੍ਰਾਪਤ ਨਹੀਂ ਕਰ ਪਾਉਂਦੇ ਹਾਂ। ਸਾਡੇ ਦੇਸ਼ ਵਿੱਚ ਕਰੋੜ੍ਹਾਂ ਬੱਚੇ ਹਰ ਸਾਲ ਡਿਗਰੀਆਂ ਹਾਸਲ ਕਰਦੇ ਹਨ ਅਤੇ ਇਹਨਾਂ ਵਿੱਚੋਂ ਜ਼ਿਆਦਾਤਰ ਬੇਰੁਜ਼ਗਾਰਾਂ ਦੀ ਭੀੜ ਵਿੱਚ ਗੁਆਚ ਜਾਂਦੇ ਹਨ। ਅਸੀਂ ਭਾਵੇਂ 21ਵੀਂ ਸਦੀ ਵਿੱਚ ਪਹੁੰਚ ਚੁੱਕੇ ਹਾਂ ਪਰ ਫਿਰ ਵੀ ਦੇਸ਼ ਦੇ ਹਰ ਨਾਗਰਿਕ ਨੂੰ ਪੜ੍ਹਿਆ ਲਿਖਿਆ ਬਣਾਉਣ ਦਾ ਸੁਪਨਾ ਪੂਰਾ ਨਹੀਂ ਹੋ ਰਿਹਾ। ਦੁਨੀਆਂ ਦੇ ਬਹੁਤੇ ਵਿਕਸਿਤ ਦੇਸ਼ਾਂ ਨੇ ਪੜ੍ਹਾਈ ਦੇ ਮਹੱਤਵ ਨੂੰ ਪਹਿਲਾਂ ਹੀ ਪਹਿਚਾਣ ਲਿਆ ਸੀ ਜਿਸ ਕਾਰਨ ਵਿਕਸਿਤ ਦੇਸ਼ਾਂ ਵਿੱਚ ਹਰ ਨਾਗਰਿਕ ਪੜ੍ਹਿਆ-ਲਿਖਿਆ ਹੈ ਅਤੇ ਉਹਨਾਂ ਦੀ ਸਾਖਰਤਾ ਦਰ 100 ਫਿਸਦੀ ਹੈ ਜਿਸ ਨਾਲ ਉਥੋਂ ਦੇ ਨਾਗਰਿਕ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹਨ ਅਤੇ ਉਹਨਾਂ ਦਾ ਜੀਵਨ ਪੱਧਰ ਉੱਚਾ ਹੈ। ਸਾਡੇ ਦੇਸ਼ ਵਿੱਚ ਵਿਸ਼ਵ ਦੇ ਸਭ ਤੋਂ ਵੱਧ ਅਨਪੜ੍ਹ ਲੋਕ ਰਹਿੰਦੇ ਹਨ। ਭਾਰਤੀ ਸਮਾਜਿਕ ਢਾਂਚੇ ਅਨੁਸਾਰ ਇੱਕ ਖਾਸ ਵਰਗ ਸ਼ੂਦਰਾਂ ਅਤੇ ਮਹਿਲਾਵਾਂ ਨੂੰ ਸਦੀਆਂ ਤੱਕ ਵਿੱਦਿਆ ਪ੍ਰਾਪਤ ਕਰਨ ਦਾ ਅਧਿਕਾਰ ਨਹੀਂ ਸੀ ਅਤੇ ਸਿੱਖਿਆ ਤੋਂ ਬਾਂਝੇ ਰਹੇ ਹਨ। ਸਦੀਆਂ ਤੋਂ ਸਿੱਖਿਆ ਤੋਂ ਬਾਂਝੇ ਵਰਗਾਂ ਲਈ ਵਿੱਦਿਆ ਦਾ ਚਾਨਣ ਫੈਲਾਉਣ ਲਈ ਕਈ ਸਮਾਜ ਸੁਧਾਰਕਾਂ ਨੇ ਮੁਹਿੰਮ ਚਲਾਈ ਅਤੇ ਜਯੋਤਿਬਾ ਰਾਏ ਫੂਲੇ, ਸਵਿਤਰੀ ਬਾਈ ਫੂਲੇ, ਬਾਬੂ ਮੰਗੂ ਰਾਮ ਮੂਗੋਵਾਲੀਆ, ਡਾਕਟਰ ਭੀਮ ਰਾਓ ਅੰਬੇਡਕਰ ਆਦਿ ਨੇ ਸਿੱਖਿਆ ਤੋਂ ਬਾਂਝੇ ਲੋਕਾਂ ਲਈ ਵਿਦਿਅਕ ਅਦਾਰੇ ਖੋਲੇ ਅਤੇ ਭਾਰੀ ਮੁਸ਼ਕਿਲਾਂ ਅਤੇ ਰੁਕਾਵਟਾਂ ਦੇ ਬਾਬਜੂਦ ਇਨ੍ਹਾਂ ਵਰਗਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਿੱਖਿਅਤ ਕੀਤਾ। ਭਾਰਤ ਦਾ ਸੰਵਿਧਾਨ ਸਾਰਿਆਂ ਲਈ ਸਿੱਖਿਆ ਦੇ ਮਹੱਤਵ ਨੂੰ ਮਾਨਤਾ ਦਿੰਦਾ ਹੈ। ਇਸ ਲਈ ਇਹ ਦੇਸ਼ ਵਿੱਚ ਵਿਦਿਅਕ ਅਧਿਕਾਰਾਂ ਦੇ ਸਹੀ ਅਤੇ ਪ੍ਰਭਾਵੀ ਅਮਲ ਨੂੰ ਯਕੀਨੀ ਬਣਾਉਣ ਲਈ ਕਈ ਉਪਬੰਧ ਰੱਖਦਾ ਹੈ। ਭਾਰਤੀ ਸੰਵਿਧਾਨ ਦਾ ਆਰਟੀਕਲ 30 ਸਾਰੀਆਂ ਘੱਟ ਗਿਣਤੀਆਂ ਨੂੰ ਆਪਣੀਆਂ ਸੰਸਥਾਵਾਂ ਦੀ ਸਥਾਪਨਾ ਅਤੇ ਪ੍ਰਬੰਧ ਕਰਨ ਦਾ ਅਧਿਕਾਰ ਦਿੰਦਾ ਹੈ। ਭਾਰਤ ਦਾ ਸੰਵਿਧਾਨ (ਰਾਜ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦਾ 41, 45 ਅਤੇ 46) ਰਾਜ ਨੂੰ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਦਿੰਦਾ ਹੈ ਕਿ ਸਾਰੇ ਨਾਗਰਿਕ ਮੁਫ਼ਤ ਸਿੱਖਿਆ ਪ੍ਰਾਪਤ ਕਰਨ। ਬਰਾਬਰੀ ਦਾ ਮੌਲਿਕ ਅਧਿਕਾਰ ਸਪੱਸ਼ਟ ਤੌਰ ਤੇ ਦਰਸਾਉਂਦਾ ਹੈ ਕਿ ਕਾਨੂੰਨ ਦੀਆਂ ਨਜ਼ਰਾਂ ਵਿੱਚ ਕਿਸੇ ਨਾਲ ਰੁਤਬੇ, ਜਾਤ, ਲਿੰਗ, ਵਰਗ ਜਾਂ ਧਰਮ ਦੇ ਆਧਾਰ ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ। ਦੇਸ਼ ਵਿੱਚ ਸਿੱਖਿਆ ਨਾਲ ਸਬੰਧਤ ਲੋਕਾਂ ਸਮੇਤ ਹਰੇਕ ਨੂੰ ਬਰਾਬਰ ਮੌਕੇ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ। ਸੰਵਿਧਾਨ ਦੇ ਆਰਟੀਕਲ 21 (1) ਵਿੱਚ 6-14 ਸਾਲ ਦੀ ਉਮਰ ਦੇ ਸਾਰੇ ਬੱਚਿਆਂ ਨੂੰ ਇੱਕ ਮੌਲਿਕ ਅਧਿਕਾਰ ਵਜੋਂ ਮੁਫਤ ਅਤੇ ਲਾਜ਼ਮੀ ਸਿੱਖਿਆ ਪ੍ਰਦਾਨ ਕਰਨ ਲਈ ਸੋਧ ਕੀਤੀ ਗਈ ਸੀ। ਭਾਰਤੀ ਸੰਵਿਧਾਨ ਦੇ ਅਨੁਛੇਦ 15, 17, ਅਤੇ 46 ਸਮਾਜ ਦੇ ਕਮਜ਼ੋਰ ਵਰਗਾਂ ਇਹਨਾਂ ਵਿੱਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਸਮੇਤ ਸਮਾਜਿਕ, ਆਰਥਿਕ ਅਤੇ ਵਿਦਿਅਕ ਤੌਰ ਤੇ ਪਛੜੇ ਪਰਿਵਾਰ ਸ਼ਾਮਲ ਹਨ ਦੇ ਵਿੱਦਿਅਕ ਹਿੱਤਾਂ ਦੀ ਰਾਖੀ ਕਰਦੇ ਹਨ। ਸਰਕਾਰਾਂ ਦੀਆਂ ਕੋਸ਼ਿਸ਼ਾਂ ਦੇ ਬਾਬਜੂਦ ਅਜੇ ਵੀ ਪੜ੍ਹਣ ਦੀ ਉਮਰ ਵਾਲੇ ਲੱਗਭੱਗ 60 ਲੱਖ ਬੱਚੇ ਸਕੂਲਾਂ ਤੋਂ ਬਾਹਰ ਹਨ ਅਤੇ ਮਹਿਲਾ ਸਾਖਰਤਾ ਦਰ ਦੇ ਮਾਮਲੇ ਵਿੱਚ ਸਾਡੇ ਦੇਸ਼ ਦਾ ਨੰਬਰ 135 ਵਿੱਚੋਂ 123ਵੇਂ ਸਥਾਨ ਤੇ ਹੈ। ਦੇਸ਼ ਦੇ ਵੱਖ ਵੱਖ ਰਾਜਾਂ ਦੀ ਸਾਖਰਤਾ ਦਰ ਵਿੱਚ ਵੀ ਕਾਫੀ ਅੰਤਰ ਹੈ। ਭਾਰਤ ਦੀ ਸਮੁੱਚੀ ਸਾਖਰਤਾ ਦਰ 74.04% ਹੈ, ਮਰਦਾਂ ਲਈ ਸਾਖਰਤਾ ਦਰ 82.14% ਹੈ ਜਦੋਂ ਕਿ ਔਰਤਾਂ ਲਈ ਸਾਖਰਤਾ ਦਰ 65.46% ਹੈ। ਸਭ ਤੋਂ ਵੱਧ ਸਾਖਰਤਾ ਦਰਾਂ ਵਾਲੇ ਚੋਟੀ ਦੇ ਤਿੰਨ ਰਾਜ ਕੇਰਲ 93.91%, ਲਕਸ਼ਦੀਪ 92.28% ਅਤੇ ਮਿਜ਼ੋਰਮ 91.58% ਹਨ। ਸਭ ਤੋਂ ਘੱਟ ਸਾਖਰਤਾ ਦਰ ਵਾਲੇ ਹੇਠਲੇ ਤਿੰਨ ਰਾਜ ਬਿਹਾਰ 63.82%, ਅਰੁਣਾਚਲ ਪ੍ਰਦੇਸ਼ 66.95% ਅਤੇ ਰਾਜਸਥਾਨ 67.06% ਹਨ। ਸਾਲ 1951 ਵਿੱਚ ਭਾਰਤ ਦੀ ਸਾਖਰਤਾ ਦਰ 18.3% ਸੀ ਜੋ 2018 ਤੱਕ ਇਹ ਵੱਧਕੇ 74.4% ਹੋ ਗਈ ਹੈ।ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਸਾਖਰਤਾ ਦਰ ਵਿੱਚ ਅੰਤਰ ਹੈ ਉਦਾਹਰਨ ਲਈ ਪੇਂਡੂ ਖੇਤਰਾਂ ਵਿੱਚ ਔਰਤਾਂ ਦੀ ਸਾਖਰਤਾ ਦਰ 50.6% ਹੈ ਜਦੋਂ ਕਿ ਸ਼ਹਿਰੀ ਖੇਤਰਾਂ ਵਿੱਚ ਇਹ 76.9% ਹੈ। ਕੇਰਲਾ ਵਿੱਚ ਸਾਖਰਤਾ ਦਰ ਸਭ ਤੋਂ ਵੱਧ 93.91 ਫਿਸਦੀ ਹੈ ਜਦਕਿ ਬਿਹਾਰ ਦੀ ਸਾਖਰਤਾ ਦਰ ਸਭ ਤੋਂ ਘੱਟ ਸਿਰਫ 63.82 ਫਿਸਦੀ ਹੈ। ਪੰਜਾਬ ਵਿੱਚ ਸਾਖਰਤਾ ਦਰ ਪਿਛਲੇ ਦਹਾਕੇ ਵਿੱਚ 2001 ਤੋਂ 2011 ਤੱਕ 6.1 ਫੀਸਦੀ ਵਧੀ ਹੈ। ਪੰਜਾਬ ਵਿੱਚ ਸਾਖਰਤਾ ਦਰ ਵੱਧ ਰਹੀ ਹੈ ਅਤੇ 2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ ਇਹ 75.84 ਪ੍ਰਤੀਸ਼ਤ ਸੀ। ਮਰਦਾਂ ਦੀ ਸਾਖਰਤਾ ਦਰ 80.44 ਪ੍ਰਤੀਸ਼ਤ ਸੀ ਜਦੋਂ ਕਿ ਸਿਰਫ਼ 70.73 ਪ੍ਰਤੀਸ਼ਤ ਔਰਤਾਂ ਸਾਖਰ ਸਨ। ਸਾਲ 2011 ਦੀ ਜਨਗਣਨਾ ਅਨੁਸਾਰ ਪੰਜਾਬ ਦੀ ਪੇਂਡੂ ਸਾਖਰਤਾ ਦਰ 71.42 ਫੀਸਦੀ ਸੀ। ਪੇਂਡੂ ਖੇਤਰਾਂ ਵਿੱਚ ਪੜ੍ਹੇ-ਲਿਖੇ ਲੋਕਾਂ ਦੀ ਅਸਲ ਗਿਣਤੀ 10,997,657 ਸੀ। ਔਰਤਾਂ ਦੀ ਗਿਣਤੀ 4,838,850 ਹੈ ਜਦੋਂ ਕਿ ਮਰਦਾਂ ਦੀ ਗਿਣਤੀ 6,158,807 ਹੈ। ਪੰਜਾਬ ਦੇ 7 ਜ਼ਿਲਿਆ ਦੀ ਸਾਖਰਤਾ ਦਰ 60 ਫੀਸਦੀ ਤੋਂ 70 ਫਿਸਦੀ ਦੇ ਵਿਚਕਾਰ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ। ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਦੀ ਸਾਖਰਤਾ ਦਰ ਵੇਖੀਏ ਤਾਂ ਪੰਜਾਬ ਵਿੱਚ ਸਭ ਤੋਂ ਵੱਧ ਸਾਖਰ ਹੁਸ਼ਿਆਰਪੁਰ ਜ਼ਿਲ੍ਹਾ ਹੈ ਜਿੱਥੇ ਦੀ ਸਾਖਰਤਾ ਦਰ 85.4 ਫੀਸਦੀ ਹੈ ਜਦਕਿ ਮਾਨਸਾ ਜ਼ਿਲ੍ਹੇ ਦੀ ਸਾਖਰਤਾ ਦਰ ਸਭ ਤੋਂ ਘੱਟ 62.8 ਫੀਸਦੀ ਹੈ। ਸਰਕਾਰ ਦੀਆਂ ਢਿੱਲੀਆਂ ਨੀਤੀਆਂ ਕਾਰਨ ਵੀ ਦੇਸ਼ ਵਿੱਚੋਂ ਅਨਪੜ੍ਹਤਾ ਖਤਮ ਨਹੀਂ ਹੋ ਰਹੀ ਹੈ। ਸਿੱਖਿਆ ਬੱਜ਼ਟ ਵਿੱਚ ਹੋ ਰਹੀ ਕਟੌਤੀ ਕਾਰਨ ਸਿੱਖਿਆ ਦਾ ਢਾਂਚਾ ਲੜਖੜਾ ਰਿਹਾ ਹੈ। ਅੰਤਰਰਾਸ਼ਟਰੀ ਸਾਖਰਤਾ ਦਿਵਸ ਤੇ ਸਰਕਾਰਾਂ ਨੂੰ ਗੰਭੀਰਤਾ ਨਾਲ ਨਾਲ ਸੋਚਣ ਦੀ ਜਰੂਰਤ ਹੈ ਕਿ ਮਿਆਰੀ ਸਿੱਖਿਆ ਦੇਣ ਲਈ ਹੋਰ ਢੁੱਕਵੇਂ ਕਦਮ ਚੁੱਕੇ ਜਾਣ ਜਿਸ ਨਾਲ ਦੇਸ਼ ਦੇ ਨਾਗਰਿਕਾਂ ਨੂੰ ਵਿਕਸਿਤ ਦੇਸ਼ਾਂ ਬਰਾਬਰ ਸਿੱਖਿਅਤ ਕਰਕੇ ਦੇਸ਼ ਅਤੇ ਸਮਾਜ ਨੂੰ ਸਮਾਜਿਕ-ਆਰਥਿਕ ਵਿਕਾਸ ਦੀਆਂ ਲੀਹਾਂ ਤੇ ਤੋਰਿਆ ਜਾ ਸਕੇ।




'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਇੰਡਸਵੈਲੀ ਅਮੈਰੀਕਨ ਚੈਂਬਰ ਆਫ ਕਾਮਰਸ ਨੇ ਮਨਾਈ 2024 ਸਾਲਾਨਾ ਪਿਕਨਿਕ ਸਵਰਗੀ ਲਾਹੌਰੀ ਰਾਮ ਕਮਿਸ਼ਨਰ ਦੀ ਯਾਦ ਵਿਚ

**ਸੈਕਰਾਮੈਂਟੋ (ਡੀ. ਡੀ. ਬੀ.)–** ਇੰਡਸਵੈਲੀ ਅਮੈਰੀਕਨ ਚੈਂਬਰ ਆਫ ਕਾਮਰਸ ਇਕ ਨਾਮਵਰ ਸੰਸਥਾ ਹੈ, ਜੋ ਸਮੇਂ-ਸਮੇਂ ਕੋਈ ਨਾ ਕੋਈ ਸਮਾਗਮ ਕਰਕੇ ਚਰਚਾ 'ਚ ਰਹਿੰਦੀ ਹੈ। ਬੀਤੇ ਐਤਵਾਰ 25 ਅਗਸਤ 2024 ਨੂੰ ਇਸ ਸੰਸਥਾ ਵੱਲੋਂ ਕੈਲੇਫੋਰਨੀਆ ਦੇ ਸਾਬਕਾ ਇਕਨੋਮਿਕਸ ਡਿਵੈਲਪਮੈਂਟ ਕਮਿਸ਼ਨਰ ਮਰਹੂਮ ਸ੍ਰੀ ਲਾਹੌਰੀ ਰਾਮ ਜੀ ਦੀ ਯਾਦ 'ਚ ਸਾਲਾਨਾ ਪਿਕਨਿਕ ਐਲਕ-ਗਰੋਵ ਪਾਰਕ ਵਿਖੇ ਮਨਾਈ ਗਈ। ਪਹਿਲਾਂ ਦੀ ਤਰ੍ਹਾਂ ਸਾਲਾਨਾ ਪਿਕਨਿਕ 'ਚ ਵੀ ਵੱਡੀ ਗਿਣਤੀ 'ਚ ਇੰਡੋ-ਅਮੈਰੀਕਨ ਭਾਈਚਾਰੇ ਦੇ ਲੋਕਾਂ ਨੇ ਸ਼ਮੂਲੀਅਮ ਕਰਕੇ ਸਵਰਗੀ ਕਮਿਸ਼ਨਰ ਲਾਹੌਰੀ ਰਾਮ ਨੂੰ ਯਾਦ ਕੀਤਾ।

ਇਸ ਪਿਕਨਿਕ ਦੀ ਇਕ ਵਿਸ਼ੇਸ਼ ਵਿਸ਼ੇਸ਼ਤਾ ਇਹ ਵੀ ਹੈ ਕਿ ਪਿਕਨਿਕ ਦੌਰਾਨ ਸਿਰਫ ਖਾਣ-ਪੀਣ, ਮਨੋਰੰਜਨ, ਗੀਤ-ਸੰਗੀਤ ਹੀ ਨਹੀਂ ਹੁੰਦਾ ਬਲਕਿ 'ਜਾਨ ਹੈ ਤਾਂ ਜਹਾਨ ਹੈ' ਅਖਾਣ ਮੁਤਾਬਕ ਸਿਹਤ ਦੀ ਤੰਦਰੁਸਤੀ ਵੱਲ ਵੀ ਧਿਆਨ ਦਿੱਤਾ ਜਾਂਦਾ ਹੈ, ਭਾਵ ਪਿਕਨਿਕ ਦੌਰਾਨ ਕੋਈ ਨਾ ਕੋਈ ਖੇਡ ਵੀ ਖੇਡੀ/ਖੇਡੀਆਂ ਜਾਂਦੀਆਂ ਹਨ। ਇਸ ਵਾਰ ਵਾਲੀਵਾਲ ਟੂਰਨਾਮੈਂਟ ਵੀ ਕਰਾਇਆ ਗਿਆ, ਜਿਸ ਵਿਚ ਕੁੱਲ ਮਿਲਾ ਕੇ ਦੂਰੋਂ-ਨੇੜਿਉਂ 10 ਟੀਮਾਂ ਨੇ ਭਾਗ ਲਿਆ। ਇਸ ਵਾਰ ਇਹਨਾਂ 10 ਟੀਮਾਂ 'ਚੋਂ ਟੀ. ਐਮ. ਸੀ. ਫਰੀਮਾਂਟ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਵਾਲੀਵਾਲ ਟੂਰਨਾਮੈਂਟ ਟਰਾਫੀ ਵਿਜੇਤਾ ਰਹੀ ਅਤੇ ਸੈਂਟਾ ਕਲਾਰਾ ਦੀ ਟੀਮ ਨੇ ਦੂਸਰਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਪੰਜਾਬੀਆਂ ਦੀ ਹਰਮਨ ਪਿਆਰੀ ਖੇਡ ਰੱਸਾਕਸ਼ੀ ਅਤੇ ਤਾਸ਼ ਅਤੇ ਬੀਬੀਆਂ ਵੱਲੋਂ ਗਿੱਧਾ ਦੇਖਣ ਅਤੇ ਸਲਾਹੁਣਯੋਗ ਰਿਹਾ।

ਸਵਰਗੀ ਸ੍ਰੀ ਲਾਹੌਰੀ ਰਾਮ ਪਰਿਵਾਰ ਵੱਲੋਂ ਉਹਨਾਂ ਦੀ ਸੁਪਤਨੀ ਸ੍ਰੀਮਤੀ ਅਤੇ ਸਪੁੱਤਰ ਸ੍ਰੀ ਅਜੇ ਪਾਲ ਰਾਮ ਨੇ ਸ਼ਮੂਲੀਅਤ ਕੀਤੀ।

ਅਜਿਹਾ ਹੋ ਨਹੀਂ ਸਕਦਾ ਕਿ ਜਿੱਥੇ ਸਵਰਗੀ ਲਾਹੌਰੀ ਰਾਮ ਜੀ ਦੇ ਪਰਿਵਾ ਦੀ ਸ਼ਮੂਲੀਅਤ ਹੋਵੇ ਤਾਂ ਰਾਜਨੀਤਿਕ ਹਸਤੀਆਂ ਨਾ ਪਹੁੰਚਣ ਕਿਉਂਕਿ ਸ੍ਰੀ ਰਾਮ ਦੇ ਜਿਉਂਦੇ ਜੀਅ ਰਾਜਨੀਤੀਵਾਨਾਂ ਨਾਲ ਵਾਹ-ਵਾਸਤਾ ਰਿਹਾ। ਮੌਜੂਦਾ ਸਮੇਂ 'ਚ ਅਮਰੀਕਾ ਦੀ ਉਪ-ਰਾਸ਼ਟਰਪਤੀ ਅਤੇ ਰਾਸ਼ਟਰਪਤੀ ਚੋਣ ਲੜਨ ਜਾ ਰਹੀ ਕਮਲਾ ਹੈਰਿਸ ਤੱਕ ਨਾਲ ਨੇੜਤਾ ਰਹੀ ਅਤੇ ਹੈ ਵੀ।

ਸੋ, ਇਸ ਸਾਲਾਨਾ ਪਿਕਨਿਕ ਦੌਰਾਨ ਜਿਹਨਾਂ ਨਾਮਵਰ ਅਮੈਰਿਕਨ ਸ਼ਖਸੀਅਤਾਂ ਨੇ ਸ਼ਮੂਲੀਅਤ ਕੀਤੀ, ਉਹਨਾਂ 'ਚ ਐਲਕ ਗਰੋਵ ਦੀ ਮੇਅਰ ਬੌਬੀ ਐਲਨ ਸਿੰਘ, ਕਾਉਂਟੀ ਸੁਪਰਵਾਈਜ਼ਰ ਪੈਟ ਹਿਊਮ, ਕੌਂਸਲ ਮੈਂਬਰ ਡੈਰੇਨ ਸਿਊਨ, ਸਾਬਕਾ ਅਸੈਂਬਲੀ ਮੈਂਬਰ ਰੌਜ਼ਰ ਡਿਕਸਨ, ਤੇਜ ਮਾਨ ਸਾਬਕਾ ਕੌਂਸਲ ਮੈਂਬਰ ਯੂਬਾ ਸਿਟੀ, ਅਸੈਂਬਲੀਵੋਮੈਨ ਸਟੈਫਨੀ ਨਾਗੁਐਨ ਵੱਲੋਂ ਡੈਨੀਅਲ ਜੁਗਲ ਫੀਲਡ ਰੀਪ੍ਰਜੈਂਟੇਟਿਵ ਆਦਿ ਨਾਂ ਵਰਣਨਯੋਗ ਹਨ।

ਇਸ ਮੌਕੇ ਡੈਨੀਅਲ ਜੁਗਲ ਫੀਲਡ ਰੀਪ੍ਰਜੈਨਟੇਟਿਵ ਵੱਲੋਂ ਅਸੈਂਬਲੀ ਅਵਾਰਡ ਨਾਲ ਸ੍ਰੀਮਤੀ ਪ੍ਰੀਤੋ ਸੁਪਤਨੀ ਸਵਰਗੀ ਸ੍ਰੀ ਲਾਹੌਰੀ ਰਾਮ ਜੀ ਤੋਂ ਇਲਾਵਾ ਗੁਰਪ੍ਰੀਤ ਸਿੰਘ ਸਿੱਧੂ, ਗੁਰਮੀਤ ਵੜੈਚ, ਦਲਜੀਤ ਸਿੰਘ ਸੰਧੂ ਅਤੇ ਇਕਬਾਲ ਪੱਡਾ ਆਦਿ ਨੂੰ ਸਨਮਾਨਿਤ ਕੀਤਾ ਗਿਆ। ਪਿਕਨਿਕ ਦੌਰਾਨ ਖਾਣ-ਪੀਣ ਦਾ ਵਧੀਆ ਪ੍ਰਬੰਧ ਸੀ। ਸੰਸਥਾ ਦੇ ਪ੍ਰਧਾਨ ਸ੍ਰੀ ਕੇਵਲ ਬੋਲੀਨਾ ਅਤੇ ਜਨਰਲ ਸਕੱਤਰ ਨੇ ਸਮੁੱਚੀ ਸੰਸਥਾ ਵੱਲੋਂ ਸਾਰਿਆਂ ਦਾ ਜਿੱਥੇ ਸਵਾਗਤ ਅਤੇ ਧੰਨਵਾਦ ਕੀਤਾ, ਉਥੇ ਵਿਸ਼ੇਸ਼ ਤੌਰ ਤੇ ਸਾਰੇ ਸਪਾਂਸਰ ਸਾਹਿਬਾਨਾਂ ਦਾ ਵੀ ਬਹੁਤ ਬਹੁਤ ਧੰਨਵਾਦ ਕੀਤਾ ਗਿਆ।

















Dr. Paramjit S Takhar, MD

URGENT CARE CLINIC

DR. TAKHAR'S FAMILY MEDICINE & URGENT CARE CLINIC

8191 Timberlake Way, Suite # 400, Sacramento, CA 95823

Phone: 916-688-8888 Fax: 916-688-8837

Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

We speak your language: Panjabi, Hindi, Urdu, Farsi, Arabic and Spanish


Goodie Takhar, PhD

# 'ਰਿਜ਼ਰਵੇਸ਼ਨ ਤੇ ਸੁਪਰੀਮ ਕੋਰਟ ਦਾ ਫ਼ੈਸਲਾ ਬਨਾਮ ਦਲਿਤ ਸਮਾਜ'



ਮੇਜਰ ਸਿੰਘ 'ਬੁਢਲਾਡਾ'
94176 42327

ਪਿਛੇ ਦਿਨੀਂ ਇਕ ਅਗਸਤ ਨੂੰ ਸੁਪਰੀਮ ਕੋਰਟ ਦਾ ਰਿਜ਼ਰਵੇਸ਼ਨ ਤੇ ਜੋ ਫੈਸਲਾ ਆਇਆ, ਉਸ ਖਿਲਾਫ ਬਸਪਾ ਮੁਖੀ ਮਾਇਆਵਤੀ, ਅਜ਼ਾਦ ਸਮਾਜ ਪਾਰਟੀ ਦੇ ਮੁਖੀ ਚੰਦਰ ਸ਼ੇਖਰ, ਆਜ਼ਾਦ ਲੋਕ ਜਨਸ਼ਕਤੀ ਪਾਰਟੀ ਦੇ ਮੁਖੀ ਚਿਰਾਗ ਪਾਸਵਾਨ ਸਮੇਤ ਕੋਈ 21 ਦੇ ਕਰੀਬ ਦਲਿਤ ਸੰਗਠਨਾਂ ਨੇ ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਸਖ਼ਤ ਵਿਰੋਧ ਕੀਤਾ ਅਤੇ 21 ਅਗਸਤ ਨੂੰ ਭਾਰਤ ਬੰਦ ਦਾ ਸੱਦਾ ਦਿੱਤਾ ਗਿਆ ਜਿਸਨੂੰ ਕਿਤੇ ਵੱਧ ਕਿਤੇ ਘੱਟ (ਬੰਦ ਦੇ ਸੱਦੇ ਨੂੰ) ਹੁੰਗਾਰਾ ਮਿਲਿਆ।

ਮੰਨਿਆ ਜਾ ਰਿਹਾ ਹੈ ਕਿ ਸੁਪਰੀਮ ਕੋਰਟ ਦੇ ਇਸ ਫੈਸਲੇ ਨਾਲ ਦਲਿਤ ਵਰਗ ਵੰਡਿਆ ਜਾਵੇਗਾ ਅਤੇ 'ਕ੍ਰੀਮੀ ਲੇਅਰ' ਦੇ ਸਬੰਧ ਕਿਹਾ ਜਾ ਰਿਹਾ ਹੈ ਕਿ "ਇਹ ਰਾਖਵਾਂਕਰਨ ਆਰਥਿਕ ਆਧਾਰ ਤੇ ਨਹੀਂ, ਜ਼ਾਤ ਦੇ ਅਧਾਰ ਉਤੇ ਮਿਲਿਆ ਹੈ,ਇਸ ਲਈ 'ਕ੍ਰੀਮੀ ਲੇਅਰ' ਲਿਆਉਣ ਦੀ ਕੋਈ ਤੁਕ ਨਹੀਂ ਬਣਦੀ।"

ਮਿਲੀ ਜਾਣਕਾਰੀ ਮੁਤਾਬਿਕ 1975 ਵਿੱਚ ਪੰਜਾਬ ਸਰਕਾਰ ਨੇ 39 ਜਾਤਾਂ ਨੂੰ ਮਿਲਦੀ 25 ਪ੍ਰਸੈਂਟ ਰਿਜ਼ਰਵੇਸ਼ਨ ਵਿਚੋਂ ਮਜ਼ਬੀ ਸਿੱਖ ਅਤੇ ਬਾਲਮੀਕ ਦੋ ਭਾਈਚਾਰੇ ਨੂੰ 12.5 ਰਿਜ਼ਰਵੇਸ਼ਨ ਦੇ ਦਿੱਤੀ, ਦੂਜੇ ਪਾਸੇ ਸ਼ਡਿਊਲਡ ਕਾਸਟ ਦੀਆਂ ਬਾਕੀ 37 ਜਾਤਾਂ ਨੂੰ 12.5 ਪ੍ਰਸੈਂਟ ਕੋਟਾ ਰਹਿ ਜਾਣ ਤੇ ਸਰਕਾਰ ਦੇ ਇਸ ਫੈਸਲੇ ਨੂੰ 2004 ਵਿੱਚ ਇਕ (ਦਵਿੰਦਰ ਸਿੰਘ ਨਾਮ ਦੇ) ਵਿਅਕਤੀ ਨੇ ਹਾਈਕੋਰਟ ਵਿੱਚ ਚੈਲੰਜ ਕਰ ਦਿੱਤਾ, ਜਿਸ ਨੂੰ 2010 ਵਿੱਚ ਹਾਈਕੋਰਟ ਵੱਲੋਂ ਸਰਕਾਰ ਦੇ ਇਸ ਫੈਸਲੇ ਨੂੰ ਰੱਦ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਇਹ ਫੈਸਲਾ ਸੁਪਰੀਮ ਕੋਰਟ ਅੰਦਰ ਚਲਾ ਗਿਆ, ਜਿਸ ਦਾ ਸੁਪਰੀਮ ਕੋਰਟ ਨੇ ਫੈਸਲਾ ਕਰਦੇ ਹੋਏ ਰਾਜ ਸਰਕਾਰਾਂ ਨੂੰ ਅਦੇਸ਼ ਦਿੱਤਾ ਕਿ ਉਹ ਕੋਟੇ ਅੰਦਰ ਕੋਟਾ ਦੇ ਸਕਦੀਆਂ ਹਨ ਅਤੇ ਸੁਪਰੀਮ ਕੋਰਟ ਵੱਲੋਂ 'ਕ੍ਰੀਮੀ ਲੇਅਰ' (ਰਿਜ਼ਰਵੇਸ਼ਨ ਦਾ ਫਾਇਦਾ ਲੈਕੇ ਆਰਥਿਕ ਪੱਖੋਂ ਮਜ਼ਬੂਤ ਹੋਏ ਲੋਕਾਂ) ਨੂੰ ਬਾਹਰ ਰੱਖਣ ਦੀ ਵੀ ਗੱਲ ਕੀਤੀ ਹੈ। ਭਾਵੇਂ ਇਹ ਕੇਸ ਪੰਜਾਬ ਨਾਲ ਸਬੰਧਤ ਸੀ, ਪਰ ਇਸਦਾ ਫੈਸਲਾ ਪੂਰੇ ਦੇਸ਼ ਲਈ ਆਇਆ ਹੈ।

ਸੁਪਰੀਮ ਕੋਰਟ ਦਾ ਇਹ ਫੈਸਲਾ ਵਿਚਾਰਨ ਤੋਂ ਲਗਦਾ ਹੈ, ਬਿਨਾਂ ਜ਼ਾਤੀ ਜਨਗਣਨਾ, ਇਸ ਨੂੰ ਲਾਗੂ ਕਰਨਾ ਵਿਤਕਰੇ ਮਾਰੇ ਲੋਕਾਂ ਨਾਲ ਅਨਿਆਂ ਹੋਵੇਗਾ।

ਜੇ ਕੋਰਟ ਅਤੇ ਸਰਕਾਰਾਂ ਨੇ ਸਭ ਨੂੰ ਅਧਿਕਾਰ ਦੇਣਾ ਹੈ , ਤਾਂ ਫਿਰ ਦਲਿਤ ਮਸੀਹਾ 'ਕਾਂਸ਼ੀ ਰਾਮ' ਜੀ ਦਾ ਇਕ ਨਾਹਰਾ ਸੀ "ਜਿਨ੍ਹੀ ਕਿਸੇ ਸੰਖਿਆ ਭਾਰੀ,ਉਨੀ ਉਸਦੀ ਹਿੱਸੇਦਾਰੀ।" ਮੁਤਾਬਿਕ ਹਿੱਸਾ ਦੇਣਾ ਚਾਹੀਦਾ ਹੈ, ਕਿਸੇ ਨੂੰ ਕੋਈ ਦਿੱਕਤ ਨਹੀਂ ਹੋਵੇਗੀ। ਇਕੱਲਾ ਰਿਜ਼ਰਵੇਸ਼ਨ ਵਿੱਚ ਹੀ ਨਹੀਂ ਹਰ ਥਾਂ ਇਹ ਗੱਲ ਲਾਗੂ ਹੋਣੀ ਚਾਹੀਦੀ ਹੈ।

ਪਰ ਸਰਕਾਰਾਂ ਐਸਾ ਕਦੇ ਨਹੀਂ ਕਰਨਗੀਆਂ,ਨਾ ਇਹਨਾਂ ਪੂਰੀ ਰਿਜ਼ਰਵੇਸ਼ਨ ਅੱਜ ਤੱਕ ਦਿੱਤੀ ਹੈ, ਨਾ ਦੇਣੀ ਹੈ ਅਤੇ ਨਾ ਹੀ ਪੂਰੀ ਤਰਾਂ ਖ਼ਤਮ ਕਰਨੀ ਹੈ। ਕਿਉਂਕਿ ਇਸ ਦਾ ਫਾਇਦਾ 'ਦਲਿਤਾਂ' ਨੂੰ ਘੱਟ ਅਤੇ ਸਰਕਾਰਾਂ ਨੂੰ ਜ਼ਿਆਦਾ ਹੈ, ਜਿਸ ਕਰਕੇ ਹਰ ਦਸ ਸਾਲਾਂ ਬਾਅਦ ਇਸ ਨੂੰ ਵਧਾਇਆ ਜਾ ਰਿਹਾ ਹੈ।

ਰਹੀ ਗੱਲ 'ਕ੍ਰੀਮੀ ਲੇਅਰ' ਦੀ, ਇਸ ਦਾ ਕੀ ਪੈਮਾਨਾ ਹੋਵੇਗਾ? ਕੁਝ ਵੀ ਸਪੱਸ਼ਟ ਨਹੀਂ ਕੀਤਾ ਗਿਆ, ਕਿਹੜੇ ਲੋਕ 'ਕ੍ਰੀਮੀ ਲੇਅਰ' ਵਿੱਚ ਆਉਣਗੇ, ਕਿਹੜੇ ਨਹੀਂ। ਜਿਥੋਂ ਤੱਕ ਸਰਕਾਰਾਂ ਦਾ ਕੰਮ ਹੈ 'ਕ੍ਰੀਮੀ ਲੇਅਰ' ਵਿੱਚ ਕਿਸ ਨੂੰ ਲੈਣਾ ਹੈ, ਕਿਸ ਨੂੰ ਨਹੀਂ, ਮੈਨੂੰ ਲਗਦਾ ਹੈ ਇਹ ਕੰਮ ਸਰਕਾਰਾਂ ਨਹੀਂ ਕਰਨਗੀਆਂ। 'ਦਲਿਤ' ਰਾਜਸੀ ਪਾਰਟੀਆਂ ਸਮੇਤ ਕੋਈ ਨਹੀਂ ਚਾਹੇਗਾ 'ਕ੍ਰੀਮੀ ਲੇਅਰ' ਵਾਲਿਆਂ ਨੂੰ ਚੋਣ ਅਖਾੜੇ ਤੋਂ ਬਾਹਰ ਕੀਤਾ ਜਾਵੇ। ਕਿਉਂਕਿ ਇਸ ਵਿੱਚ ਵੱਡੀ ਗਿਣਤੀ 'ਮੈਂਬਰ ਪਾਰਲੀਮੈਂਟ' ਅਤੇ ਐਮ.ਐਲ.ਏ. ਸਹਿਬਾਨਾਂ ਦੀ ਅਤੇ ਸਰਕਾਰਾਂ ਵਿੱਚ ਵੱਡੇ ਆਹੁਦੇ ਮਾਣ ਰਹੇ ਲੋਕਾਂ ਦੀ ਵੀ ਆ ਜਾਣੀ ਹੈ, ਜਿਹੜੇ ਸਰਕਾਰਾਂ ਨੂੰ ਫੰਡ ਵੀ ਦਿੰਦੇ ਹਨ ਅਤੇ ਆਪਣੇ ਖਰਚੇ ਤੇ ਮਹਿੰਗੀਆਂ ਚੋਣਾਂ ਵੀ ਲੜਦੇ ਹਨ। ਅਗਲੀ ਟਿਕਟ ਦੀ ਪ੍ਰਾਪਤੀ ਲਈ ਨਾ ਚਾਹੁੰਦਿਆਂ ਹੋਇਆਂ ਵੀ ਪਾਰਟੀ ਦੇ ਹਰ ਫ਼ੈਸਲੇ ਅੱਗੇ ਝੁਕਣ ਲਈ ਵੀ ਇਹ ਲੋਕ ਮਜਬੂਰ ਹੁੰਦੇ ਹਨ; ਨਾਲੇ ਫਿਰ ਕ੍ਰੀਮੀ ਲੇਅਰ ਤੋਂ ਬਿਨਾਂ ਪਾਰਟੀਆਂ ਨੂੰ ਆਪਣੇ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਨੂੰ ਪਾਰਟੀ ਫੰਡ ਤੇ ਚੋਣ ਲੜਾਉਣੀ ਪਿਆ ਕਰੇਗੀ ਅਤੇ ਉਹ ਵੀ ਸ਼ਾਇਦ ਇਕ-ਦੋ ਚੋਣਾਂ ਜਿੱਤਣ ਅਤੇ ਸਰਕਾਰ ਵਿੱਚ ਆਉਣ ਤੋਂ ਬਾਅਦ ਕ੍ਰੀਮੀ ਲੇਅਰ ਵਿੱਚ ਆ ਜਾਇਆ ਕਰਨਗੇ; ਨਾਲੇ ਨਵਿਆਂ ਨੂੰ ਟਿਕਟ ਕੱਟਣ ਦੇ ਡਰੋਂ ਹੁਣ ਆਲਿਆਂ ਵਾਂਗੂੰ ਪਾਰਟੀ ਦੇ ਹਰ ਫ਼ੈਸਲੇ ਅੱਗੇ ਝੁਕਣਾ ਵੀ ਨਹੀਂ। ਇਸ ਲਈ ਇਸ ਤਰਾਂ ਦਾ ਕੋਈ ਵੀ ਸਰਕਾਰਾਂ ਕੰਮ ਨਹੀਂ ਕਰਨਗੀਆਂ ਜਿਸ ਨਾਲ ਇਹਨਾਂ ਨੂੰ ਮੁਸੀਬਤ ਖੜ੍ਹੀ ਹੋਵੇ।

ਵੈਸੇ ਪੁੱਛਣਾ ਬਣਦਾ ਹੈ, ਜਿਹੜੇ ਕਹਿੰਦੇ ਨੇ ਕਿ "ਰਿਜ਼ਰਵੇਸ਼ਨ, ਜ਼ਾਤ ਦੇ ਆਧਾਰ ਤੇ ਮਿਲੀ ਹੈ, ਆਰਥਿਕ ਆਧਾਰ ਤੇ ਨਹੀਂ।" ਫਿਰ ਇਹਨਾਂ ਜ਼ਾਤ ਦੇ ਅਧਾਰ ਤੇ ਫਾਇਦਾ ਲੈਕੇ 'ਕ੍ਰੀਮੀ ਲੇਅਰ' ਵਿੱਚ ਆਉਣ ਵਾਲਿਆਂ ਦੀ ਆਪਣੇ ਪਿੱਛੇ ਰਹਿ ਗਏ ਸਮਾਜ ਲਈ ਕੋਈ ਦੇਣ ਹੈ? ਇਹਨਾਂ ਵੱਲੋਂ ਐਸਾ ਕੋਈ ਟਰੱਸਟ, ਸੰਸਥਾਂ ਖੜ੍ਹੀ ਕੀਤੀ ਹੈ, ਜੋ ਸਮਾਜ ਦੇ ਲੋੜਵੰਦਾਂ ਲੋਕਾਂ ਲ ਈ ਕੰਮ ਕਰਦਾ/ਕਰਦੀ ਹੋਵੇ? ਜਿਵੇਂ ਕਿ ਨੌਜਵਾਨ ਮੁੰਡੇ ਕੁੜੀਆਂ ਨੂੰ ਉੱਚ ਸਿੱਖਿਆ ਤੇ ਰੁਜ਼ਗਾਰ ਆਦਿ ਵਿੱਚ, ਲੋੜਵੰਦਾਂ ਦੇ ਮਕਾਨ ਬਣਾਉਣ ਵਿੱਚ, ਗਰੀਬ ਪਰਿਵਾਰਾਂ ਦੀਆਂ ਕੁੜੀਆਂ ਦੇ ਵਿਆਹ ਕਰਨ ਲਈ, ਇਲਾਜ਼ ਨਾ ਕਰਵਾਉਂਣ ਦੀ ਸਥਿਤੀ ਵਿੱਚ, ਇਲਾਜ ਕਰਵਾਉਣ ਵਿੱਚ ਅਤੇ ਸਾਂਝੇ ਮਸਲੇ ਜਿਵੇਂ ਬੈਕਲਾਗ ਪੂਰਾ ਕਰਵਾਉਣ ਲਈ, ਜ਼ਮੀਨ ਦੇ ਤੀਜੇ ਹਿੱਸੇ ਲਈ ਲੜ੍ਹ ਰਹੇ ਲੋਕਾਂ ਲਈ, ਜਾਤੀ ਵਿਤਕਰੇ ਦੇ ਸ਼ਿਕਾਰ ਹੋਏ ਲੋਕਾਂ ਦੇ ਕੋਰਟਾਂ ਕੇਸ ਲੜਨ ਵਿੱਚ ਅਤੇ ਹੋਰ ਕੰਮਾਂ ਵਿੱਚ (ਟਰੱਸਟ/ਸੰਸਥਾ) ਮਦਦਗਾਰ ਹੋਵੇ?

ਮੇਰੇ ਧਿਆਨ ਵਿੱਚ ਅੱਜ ਤਕ ਕਿਤੇ ਪੜ੍ਹਨ ਸੁਣਨ ਵਿੱਚ ਕਦੇ ਨਹੀਂ ਆਇਆ, ਇਹਨਾਂ ਵੱਲੋਂ ਕੋਈ ਅਜਿਹੀ ਸੰਸਥਾ ਕਾਇਮ ਕੀਤੀ ਹੋਵੇ।

ਦੂਜੇ ਪਾਸੇ ਦੂਜੀਆਂ ਕੈਟਾਗਰੀ ਦੇ ਲੋਕਾਂ ਵੱਲੋਂ ਸੈਂਕੜੇ ਨਹੀਂ ਹਜ਼ਾਰਾਂ ਸੰਸਥਾਵਾਂ ਨਿੱਤ ਹੋਰਾਂ ਦੇ ਨਾਲ ਦਲਿਤ ਲੋੜਵੰਦਾਂ ਦੇ ਕਾਰਜ ਸਵਾਰ ਰਹੀਆਂ ਹਨ। ਇਲਾਜ ਕਰਵਾਉਣ ਤੋਂ ਅਸਮਰਥ ਲੋਕਾਂ ਦੇ ਇਲਾਜ ਕਰਵਾ ਰਹੀਆਂ ਹਨ, ਗਰੀਬ ਕੁੜੀਆਂ ਦੇ ਵਿਆਹ ਕੀਤੇ ਜਾ ਰਹੇ, ਜਿਸ ਦਾ ਕੋਈ ਕਮਾਉ ਨਹੀਂ ਉਹਨਾਂ ਨੂੰ ਮਹਿਨੇ ਦਾ ਮੁਫ਼ਤ ਰਾਸ਼ਨ ਦਿੱਤਾ ਜਾ ਰਿਹਾ, ਅਪਾਹਜਾਂ ਲਈ ਹੁਣ ਈ ਰਿਕਸ਼ੇ ਤੱਕ ਦਿੱਤੇ ਜਾ ਰਹੇ ਨੇ, ਕਿਤੇ ਨਕਲੀ ਅੰਗ ਲਵਾਏ ਜਾ ਰਹੇ ਨੇ,ਕਿਤੇ ਹੋਰ ਤਰਾਂ ਤਰਾਂ ਅਪ੍ਰੇਸ਼ਨ ਕਰਵਾਏ ਜਾ ਰਹੇ ਨੇ, ਕਿਤੇ ਇਹਨਾਂ ਗਰੀਬਾਂ ਨੂੰ ਰੋਜ਼ੀ ਰੋਟੀ ਲਈ ਛੋਟੇ ਸਾਧਨ ਰੇੜੀ, ਰਿਕਸ਼ਾ ਆਦਿ ਦਿੱਤੇ ਜਾ ਰਹੇ ਨੇ।

ਤੇ ਇਧਰ ਰਿਜ਼ਰਵੇਸ਼ਨ ਤੋਂ ਤਿਆਰ ਹੋਈ 'ਕ੍ਰੀਮੀ ਲੇਅਰ' (ਚੰਦ ਲੋਕਾਂ ਨੂੰ ਛੱਡਕੇ) ਗਰੀਬ ਲੋੜਵੰਦਾਂ ਦੀ ਢੂਈ ਨੀ ਮਾਰਦੀ, ਸਮਾਜ ਦੇ ਗਰੀਬ ਲੋਕਾਂ ਦੇ ਮਰਨ ਤੇ ਗੋਡਾ ਨਿਵਾਉਣ ਤੱਕ ਨਹੀਂ ਜਾਂਦੀ। ਆਪਣੀ ਐਸ਼ ਪ੍ਰਸਤੀ ਅਤੇ ਆਪਣੇ ਕਾਰੋਬਾਰ ਵਧਾਉਣ ਲਈ ਯਤਨਸ਼ੀਲ ਰਹਿੰਦੀ ਹੈ।

ਇਸ ਲਈ ਮੇਰਾ ਕਹਿਣਾ ਹੈ ਅਤੇ ਹੋਰ ਲੋਕਾਂ ਨੂੰ ਵੀ ਅਤੇ ਦਲਿਤ ਸੰਗਠਨਾਂ ਨੂੰ ਵੀ ਗੱਜ ਵੱਜ ਕੇ ਕਹਿਣਾ ਚਾਹੀਦਾ ਹੈ ਕਿ "ਜਿਹੜੇ ਲੋਕ ਆਪ ਅਤੇ ਉਹਨਾਂ ਦੇ ਬੱਚੇ ਰਿਜ਼ਰਵੇਸ਼ਨ ਦਾ ਫਾਇਦਾ ਲੈਕੇ ਖੁਸ਼ਹਾਲ ਜ਼ਿੰਦਗੀ ਬਤੀਤ ਕਰ ਰਹੇ ਹਨ ਅਤੇ ਵੱਡੇ ਕਾਰੋਬਾਰਾਂ ਪ੍ਰਾਪਰਟੀ ਦੇ ਮਾਲਕ ਹਨ, ਉਹਨਾਂ ਨੂੰ ਆਪਣੇ ਆਪ ਹੀ ਆਪਣੇ ਹੇਠਲੇ ਵਰਗ ਤੇ ਤਰਸ ਖਾ ਕੇ ਹਲਫ਼ੀਆ ਬਿਆਨ ਦੇਕੇ ਦਾਖਲਿਆਂ ਅਤੇ ਨੌਕਰੀਆਂ ਵਿੱਚ ਰਿਜ਼ਰਵੇਸ਼ਨ ਛੱਡ ਦੇਣੀ ਚਾਹੀਦੀ ਹੈ। ਕਿਉਂਕਿ ਇਹਨਾਂ ਕੋਲ ਹਰ ਤਰਾ ਦੀਆਂ ਸਹੂਲਤਾਂ ਹਨ ,ਟੌਪ ਦੇ ਸਕੂਲਾਂ ਕਾਲਜਾਂ, ਵਿੱਚ ਪੜ੍ਹ ਰਹੇ ਬੱਚੇ, ਜਨਰਲ ਕੈਟਾਗਰੀ ਦੇ ਬੱਚਿਆਂ ਦਾ (ਦਾਖ਼ਲਿਆਂ ਅਤੇ ਨੌਕਰੀਆਂ ਵਿੱਚ) ਮੁਕਾਬਲਾ ਕਰਨ ਦੇ ਸਮਰੱਥ ਹਨ।

ਰਹੀ ਗੱਲ ਆਮ ਦਲਿਤ ਲੋਕਾਂ ਦੀ, ਸਰਕਾਰੀ ਅਦਾਰਿਆਂ ਨੂੰ ਪ੍ਰਾਈਵੇਟ ਕਰਨ ਦੀ ਨੀਤੀ ਕਾਰਨ ਰਿਜ਼ਰਵੇਸ਼ਨ ਹੁਣ ਨਾ ਮਾਤਰ ਰਹਿ ਗਈ ਹੈ, ਜਿਹੜੀ ਕਾਇਮ ਹੈ,ਉਸ ਵਿੱਚ ਵੀ ਕੁਝ ਲੋਕਾਂ ਵੱਲੋਂ ਜਾਅਲੀ ਸਰਟੀਫਿਕੇਟਾਂ ਬਣਵਾਕੇ (ਰਿਜ਼ਰਵੇਸ਼ਨ) ਲੁੱਟੀ ਜਾ ਰਹੀ ਹੈ, ਕਿਤੇ ਅਮੀਰ ਦਲਿਤ ਵਰਗ ਜ਼ਿਆਦਾ ਫਾਇਦਾ ਲੈ ਜਾਂਦਾ ਹੈ, ਗਰੀਬ ਦਲਿਤਾਂ ਨੂੰ ਤਾਂ ਇਸ ਦਾ ਖ਼ਾਸ ਕੋਈ ਫਾਇਦਾ ਨਹੀਂ ਹੋ ਰਿਹਾ।

ਉਪਰੋਕਤ ਗੱਲ ਤਾਂ ਹੈ ਰਿਜ਼ਰਵੇਸ਼ਨ ਰਹਿਣ ਤੱਕ ਹੈ, ਇਸ ਤੋਂ ਅਗਲੀ ਗੱਲ ਇਹ ਹੈ ਕਿ ਅੱਜ ਬਹੁਤ ਸਾਰੇ ਦਲਿਤ ਲੋਕ ਚੰਗੀ ਜ਼ਿੰਦਗੀ ਜਿਉਣ ਦੇ ਸਮੱਰਥ ਹੋ ਗਏ ਹਨ, ਭਾਵੇਂ ਕੀਤੀ ਸਖ਼ਤ ਮਿਹਨਤ ਕਾਰਨ ਆਪਣੇ ਕਿਸੇ ਛੋਟੇ ਵੱਡੇ ਕਾਰੋਬਾਰਾਂ ਆਦਿ ਦੇ ਮਾਲਕ ਹਨ, ਚਾਹੇ ਰਿਜ਼ਰਵੇਸ਼ਨ ਕਰਕੇ ਸਰਕਾਰੀ ਛੋਟੇ ਵੱਡੇ ਤੋਂ ਵੱਡੇ ਅਹੁਦਿਆਂ ਤੇ ਬਿਰਾਜਮਾਨ ਨੇ, ਪਰ ਵਜਦੇ ਫਿਰ ਵੀ ਛੋਟੀ ਜਾਤ ਵਾਲੇ ਹਨ। ਥੋੜਾ ਸਮਾਂ ਪਹਿਲਾਂ ਤੁਸੀਂ ਵੇਖਿਆ ਹੀ ਹੈ, ਕਿਵੇਂ ਦੇਸ਼ ਦੀ ਸਭ ਤੋਂ ਉੱਚੇ ਪਹਿਲੇ ਦਰਜੇ ਦੇ ਆਹੁਦੇ ਤੇ ਵਿਰਾਜਮਾਨ ਰਾਸ਼ਟਰਪਤੀ ਦਾ ਇਕ ਜ਼ਾਤ ਕਰਕੇ ਨਵੀਂ ਪਾਰਲੀਮੈਂਟ ਦੀ ਨੀਂਹ ਅਤੇ ਉਦਘਾਟਨ ਦੇ ਮੌਕੇ ਇਹਨਾਂ ਸਮਾਗਮਾਂ ਤੋਂ ਦੂਰ ਰੱਖਿਆ ਗਿਆ ਹੈ,ਇਸ ਤੋਂ ਪਹਿਲਾਂ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਰਾਸ਼ਟਰਪਤੀ ਸ੍ਰੀ ਰਾਮ ਨਾਥ ਕੋਵਿੰਦ ਆਦਿ ਨੂੰ ਅਖੌਤੀ ਨੀਵੀਂ ਜਾਤ ਦਾ ਸ਼ਿਕਾਰ ਹੋਣਾ ਪਿਆ। ਜਦ ਰਾਸ਼ਟਰਪਤੀਆਂ ਦਾ ਇਹ ਹਾਲ ਹੈ, ਤਾਂ ਹੇਠਲੇ ਮੁਲਾਜ਼ਮਾਂ ਤੇ ਆਮ ਲੋਕਾਂ ਦਾ ਕੀ ਹਾਲ ਹੋਵੇਗਾ, ਇਹ ਸਭ ਨੂੰ ਪਤਾ ਹੀ ਹੈ। ਇਹੀ ਕਾਰਨ ਹੈ ਪਿੰਡੋਂ ਦੂਰ ਜਾ ਵਸੇ ਕੁਝ ਲੋਕ ਜ਼ਾਤ ਛਪਾਉਣ ਲਈ ਮਜਬੂਰ ਹਨ ਤਾਂ ਜੋ ਸਨਮਾਨ ਦੀ ਜ਼ਿੰਦਗੀ ਜਿਉਂ ਸਕਣ।

ਹੁਣ ਮਾਮੂਲੀ ਰਹਿ ਗਈ ਰਿਜ਼ਰਵੇਸ਼ਨ ਦੇ ਵਕਤੀ ਫਾਇਦੇ ਨੂੰ ਵੇਖਦੇ ਹੋਏ, ਭਿਆਨਕ 'ਜ਼ਾਤੀ ਸਿਸਟਮ' ਨੂੰ ਖ਼ਤਮ ਕਰਨ ਲਈ ਸੰਘਰਸ਼ ਕਰਨਾ ਚਾਹੀਦਾ ਹੈ।

ਜਿਹਦੇ ਕਰਕੇ 75 ਸਾਲਾਂ ਦੇ ਅਜ਼ਾਦ ਹੋਏ ਦੇਸ਼ ਵਿੱਚ ਅਖੌਤੀ ਨੀਵੀਂ ਜ਼ਾਤ ਤੇ ਹੋ ਰਹੇ ਜ਼ੁਲਮ ਜਾਰੀ ਹਨ।

ਇਸ ਲਈ ਲੋਕਾਂ ਦੇ 'ਨਾਮ' ਮਗਰ ਲੱਗੇ ਜ਼ਾਤ ਗੋਤ ਸਮੇਤ ਨਵਾਂ ਲੱਗਿਆ ਟੈਗ (ਬ੍ਰਾਹਮਣ, ਖੱਤਰੀ ਵੈਸ਼ ਸੂਦ ਦਾ ਨਵਾਂ ਵਰਜਨ) 'ਜਨਰਲ, ਬੀ।ਸੀ, ਐਸੀ।ਸੀ, ਐਸ।ਟੀ' ਅਤੇ ਐਸਾ ਕੋਈ ਵੀ ਸ਼ਬਦ ਕਿਸੇ ਜਗਾ ਬਸਤੀ ਨਾਲ ਨਹੀਂ ਲੱਗਣਾ ਚਾਹੀਦਾ ਜੋ ਕਿਸੇ ਦੀ ਜ਼ਾਤੀ ਵਿਸ਼ੇਸ਼ਤਾ ਦਰਸਾਉਂਦਾ ਸ਼ਬਦ ਹੋਵੇ, ਐਸੇ ਸ਼ਬਦ ਵਰਤਣ ਉਤੇ ਸੰਵਿਧਾਨ ਵਿੱਚ ਸੋਧ ਕਰਵਾਕੇ ਸਖ਼ਤ ਪਾਬੰਦੀ ਲਵਾਉਣੀ ਚਾਹੀਦੀ ਹੈ।

ਇਸ ਨਾਲ ਜ਼ਾਤੀ ਦੇ ਆਧਾਰ ਉੱਤੇ ਕੀਤਾ ਜਾਂਦਾ ਵਿਤਕਰਾ ਜ਼ੁਲਮ ਇਕ ਨਾ ਇਕ ਦਿਨ ਪੂਰਨ ਤੌਰ ਤੇ ਬੰਦ ਹੋ ਸਕਦਾ ਹੈ।ਇਸ ਲਈ ਮਾਨਵਤਾ ਦੇ ਭਲੇ ਲਈ ਕੰਮ ਰਹੇ ਹਰ ਵਰਗ ਲੋਕਾਂ ਤੇ ਜਥੇਬੰਦੀਆਂ ਅਤੇ ਇਮਾਨਦਾਰ ਲੀਡਰਾ ਵੱਲੋਂ ਸੰਵਿਧਾਨ ਵਿੱਚ ਸੋਧ ਕਰਵਾਕੇ 'ਜ਼ਾਤੀ ਸਿਸਟਮ' ਨੂੰ ਸਦਾ ਲਈ ਖ਼ਤਮ ਕਰਨ ਲ ਈ ਪੂਰਾ ਜ਼ੋਰ ਲਾ ਦੇਣਾ ਚਾਹੀਦਾ ਹੈ। ਤਾਂ ਜੋ ਸਾਰੇ ਲੋਕਾਂ ਨੂੰ 'ਜ਼ਾਤੀ' ਰਹਿਤ ਬਣਾਕੇ ਦੇਸ਼ ਨੂੰ ਦੁਨੀਆਂ ਤੇ ਇੱਕ ਨੰਬਰ ਦਾ ਵਿਲੱਖਣ ਸੋਹਣਾ ਦੇਸ਼ ਬਣਾਇਆ ਜਾ ਸਕੇ।

ਯਾਦ ਰੱਖੋ, ਜਿੰਨ੍ਹਾਂ ਚਿਰ 'ਜ਼ਾਤੀ ਸਰਟੀਫਿਕੇਟ' ਬੰਦ ਨਹੀਂ ਕੀਤੇ/ਕਰਵਾਏ ਜਾਂਦੇ, ਉਨ੍ਹਾਂ ਚਿਰ ਕਦੇ 'ਜ਼ਾਤ' ਖ਼ਤਮ ਨਹੀਂ ਹੋਵੇਗੀ, ਜਿੰਨ੍ਹਾਂ ਚਿਰ 'ਜ਼ਾਤ' ਖ਼ਤਮ ਨਹੀਂ ਹੋਵੇਗੀ, ਉਨ੍ਹਾਂ ਚਿਰ ਛੂਆ ਛਾਤ, ਭੇਦ ਭਾਵ, ਜ਼ੁਲਮ ਖ਼ਤਮ ਨਹੀਂ ਹੋਵੇਗਾ।


ਸੋ ਅੰਤ ਵਿੱਚ ਫੇਰ ਕਹਾਂਗਾ -

**'ਜ਼ਾਤੀ ਸਰਟੀਫਿਕੇਟ' ਬੰਦ ਕਰਵਾਓ'**

ਸਾਰੇ 'ਜ਼ਾਤੀ ਸਰਟੀਫਿਕੇਟ' ਬੰਦ ਕਰਵਾਓ ਸਾਥੀਓ।
ਇਹ 'ਸੰਵਿਧਾਨ' ਵਿੱਚ 'ਸੋਧ' ਕਰਵਾਓ ਸਾਥੀਓ।
ਜ਼ਾਤੀ ਸਰਟੀਫਿਕੇਟ 'ਜ਼ਾਤੀਆਂ' ਨੂੰ ਕਰਨ ਪੱਕਾ ਸਾਥੀਓ।
ਬਹੁਤੀਆਂ 'ਜ਼ਾਤਾਂ' ਨਾਲ ਤਾਹੀਂ ਹੁੰਦਾ ਧੱਕਾ ਸਾਥੀਓ।
ਇਹ 'ਸਰਟੀਫਿਕੇਟਾਂ' ਨਾਲ ਕਾਇਮ ਰਹਿਣੀ 'ਜ਼ਾਤ' ਜੀ।
'ਜ਼ਾਤ-ਪਾਤ' ਨਾਲ ਕਾਇਮ ਰਹਿਣੀ 'ਛੂਆ-ਛਾਤ' ਜੀ।
'ਰਿਜ਼ਰਵੇਸ਼ਨ' ਨਾਲ ਹੈ ਵਕਤੀ ਸਨਮਾਨ ਸਾਥੀਓ।
ਫਾਇਦਾ ਘੱਟ ਇਹਦਾ ਵੱਡਾ ਨੁਕਸਾਨ ਸਾਥੀਓ।
ਤੁਸੀਂ ਖਿੱਚ ਲ ਓ ਤਿਆਰੀ ਭੋਗ 'ਜ਼ਾਤ' ਦਾ ਪਵਾਉਣ ਦੀ।
ਲਵਾਓ ਪਬੰਦੀ ਨਾਮ ਨਾਲ 'ਗੋਤ-ਜ਼ਾਤ' ਉਤੇ ਲਾਉਣ ਦੀ।
ਕਿਸੇ ਥਾਂ, ਬਸਤੀ ਨਾਲ ਨਾ ਲੱਗੇ ਐਸਾ ਨਾਮ ਜੀ।
ਜੋ ਉਚੇ ਨੀਵੇਂ ਦੀ ਵਿਸ਼ੇਸ਼ਤਾ ਕਰੇ ਬਿਆਨ ਜੀ।
ਮੇਜਰ 'ਜ਼ਾਤ' ਮਿਟਾਉਣ ਲਈ ਪਾਓ ਯੋਗਦਾਨ ਸਾਥੀਓ।
ਤਾਂ ਜੋ ਸਾਰੇ ਲੋਕ ਹੋਣ ਇੱਕ ਹੀ ਸਮਾਨ ਸਾਥੀਓ।

# ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਮਿਡ ਡੇ ਮੀਲ ਵਰਕਰਾਂ ਦੀ ਸੂਬਾ ਪੱਧਰੀ ਰੈਲੀ ਲਈ ਗੜ੍ਹਸ਼ੰਕਰ ਤੋਂ ਜੱਥਾ ਰਵਾਨਾ


**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਵੱਡੀ ਗਿਣਤੀ ਵਿੱਚ ਮਿਡ ਡੇ ਮੀਲ ਵਰਕਰਾਂ ਦੀ ਸੂਬਾ ਪੱਧਰੀ ਰੈਲੀ ਲਈ ਡੀ ਐਮ ਐਫ ਆਗੂ ਹੰਸ ਰਾਜ, ਸਤਪਾਲ ਕਲੇਰ, ਗੁਰਮੇਲ ਸਿੰਘ




ਅਤੇ ਮਿਡ-ਡੇ-ਮੀਲ ਆਗੂਆ ਬਲਵਿੰਦਰ ਕੌਰ ਲੱਗੀਆ, ਕਮਲਜੀਤ ਕੌਰ ਬਸਿਆਲਾ, ਬਲਜੀਤ ਕੌਰ ਧਮਾਈ ਅਤੇ ਕਮਲਾ ਦੇਵੀ ਦੀ ਅਗਵਾਈ ਵਿੱਚ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਲਈ ਆਪਣੀਆਂ ਮੰਗਾਂ ਮੰਨਵਾਉਣ ਲਈ ਅਜੀਤ ਮਾਰਕੀਟ ਗੜਸ਼ੰਕਰ ਇਕੱਤਰ ਹੋ ਕੇ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਨ ਤੋਂ ਬਾਅਦ ਰੈਲੀ ਲਈ ਰਵਾਨਾ ਹੋਏ। ਇਸ ਮੌਕੇ ਆਗੂਆਂ ਨੇ ਕਿਹਾ ਪੰਜਾਬ ਸਰਕਾਰ ਇਹਨਾਂ ਮੁਲਾਜਮਾਂ ਤੇ ਘੱਟੋ ਘੱਟ ਤਨਖਾਹ ਉਜਰਤ ਲਾਗੂ ਕਰੇ। ਸਰਕਾਰ ਦੀਆਂ ਗਲਤ ਨੀਤੀਆਂ ਕਾਰਣ ਬੱਚਿਆਂ ਦੀ ਗਿਣਤੀ ਘਟਨ ਕਾਰਣ ਕੁੱਕ ਮੁਲਾਜ਼ਮਾਂ ਨੂੰ ਦੂਰ ਦੁਰਾਡੇ ਸਕੂਲਾਂ ਵਿੱਚ ਸ਼ਿਫਟ ਕਰਨ ਦੇ ਆਰਡਰ ਆਉਦੇ ਜਦਕਿ ਤਨਖਾਹ ਸਿਰਫ 3000 ਰੁਪਏ ਹੈ। ਸੂਬਾ ਡੀ ਐਮ ਐਫ ਅਤੇ ਡੀਟੀਐਫ ਸੰਯੁਕਤ ਸਕੱਤਰ ਆਗੂ ਨੇ ਦੱਸਿਆ ਕਿ ਮਿਡ-ਡੇ-ਮੀਲ ਕੁੱਕ ਵਰਕਰ ਦੀ ਮੌਤ ਹੋਣ ਤੇ ਉਸ ਦੇ ਪਰਿਵਾਰਿਕ ਮੈਂਬਰਾਂ ਨੂੰ ਹੀ ਨੌਕਰੀ ਲਈ ਪਹਿਲ ਦਿੱਤੀ ਜਾਵੇ। ਮਿਡ-ਡੇ-ਮੀਲ ਅਤੇ ਪਾਰਟ ਵਾਈਮ ਸਫਾਈ ਵਰਕਰਾਂ ਨੂੰ ਈ.ਐਸ.ਆਈ. ਸਹੂਲਤ ਦਿੱਤੀ ਜਾਵੇ ਅਤੇ ਈ.ਪੀ.ਐਫ ਕੱਟਿਆ ਜਾਵੇ। ਮਿਡ-ਡੇ-ਮੀਲ ਵਰਕਰਾਂ ਨੂੰ ਗਰਮ ਅਤੇ ਠੰਡੀ ਵਰਦੀ ਦਿੱਤੀ ਜਾਵੇ ਅਤੇ ਅੱਠਵੀਂ ਪਾਸ ਵਰਕਰਾਂ ਨੂੰ ਦਰਜਾ-4 ਕਰਮਚਾਰੀਆਂ ਦੀਆਂ ਖਾਲੀ ਪਈਆਂ ਪੋਸਟਾਂ ਤੇ ਨਿਯੁਕਤ ਕੀਤਾ ਜਾਵੇ। ਮਿਡ-ਡੇ- ਮੀਲ ਵਰਕਰਾਂ ਕੋਲੋ ਖਾਣਾ ਬਣਾਉਣ ਤੋਂ ਬਗੈਰ ਹੋਰ ਕੰਮ ਲੈਣੇ ਬੰਦ ਕੀਤੇ ਜਾਣ ਅਤੇ ਹਰੇਕ ਸਕੂਲ ਵਿੱਚ ਘੱਟੋ-ਘੱਟ ਇੱਕ ਸਫਾਈ ਵਰਕਰ ਨਿਯੁਕਤ ਕੀਤੀ ਜਾਵੇ। ਡੀਟੀਐਫ ਜਿਲਾ ਪ੍ਰਧਾਨ ਸੁਖਦੇਵ ਡਾਨਸੀਵਾਲ ਨੇ ਕਿਹਾ ਮਿਡ-ਡੇ-ਮੀਲ ਵਰਕਰਾਂ ਨੂੰ ਹਰ ਸਾਲ 10 ਮੈਡੀਕਲ ਛੁੱਟੀਆਂ ਅਤੇ ਛੇ ਮਹੀਨੇ ਦੀ ਪ੍ਰਸੂਤਾ ਛੁੱਟੀ ਦਿੱਤੀ ਜਾਵੇ। ਮਿਡ-ਡੇ-ਮੀਲ ਵਰਕਰਾਂ ਦਾ ਘੱਟੋ-ਘੱਟ 5 ਲੱਖ ਰੁਪਏ ਦਾ ਮੁਫਤ ਬੀਮਾ ਕੀਤਾ ਜਾਵੇ। ਦੁਰਘਟਨਾਂ ਹੋ ਜਾਣ ਦੀ ਸੂਰਤ ਵਿੱਚ ਇਲਾਜ ਦਾ ਮੁਕੰਮਲ ਖਰਚਾ ਸਰਕਾਰੀ ਤੌਰ ਤੇ ਅਤੇ ਜਾਨੀ ਨੁਕਸਾਨ ਹੋ ਜਾਣ ਦੀ ਸੂਰਤ ਵਿੱਚ ਰੈਗੂਲਰ ਮੁਲਾਜ਼ਮਾਂ ਵਾਂਗ ਸਾਰੀਆਂ ਸਹੂਲਤਾਂ ਦਿੱਤੀਆਂ ਜਾਣ। ਇਸ ਮੌਕੇ ਮਿਡ ਡੇ ਮੀਲ ਵਰਕਰ ਸੁਰਜੀਤ ਕੌਰ, ਕਮਲਜੀਤ ਕੌਰ, ਪਿੰਕੀ, ਪਰਮਜੀਤ ਕੌਰ, ਬਲਵਿੰਦਰ ਕੌਰ, ਕੁਲਵਿੰਦਰ ਕੌਰ, ਰਾਜ ਰਾਣੀ, ਕਮਲਾ ਦੇਵੀ, ਇੰਦਰਜੀਤ ਕੌਰ, ਕ੍ਰਿਸ਼ਨਾ ਦੇਵੀ, ਮਨਜੀਤ ਕੌਰ, ਰੇਣੂ ਰਾਣੀ, ਕਮਲਜੀਤ ਕੌਰ, ਲਖਵੀਰ ਕੌਰ, ਸੁਰਿੰਦਰ ਕੌਰ ਤੇ ਕਮਲੇਸ਼ ਆਦਿ ਹਾਜਰ ਸਨ।

# ਬੱਚਿਆਂ ਦੀ ਚੰਗੀ ਸਿਹਤ ਲਈ ਪੌਸ਼ਟਿਕ ਆਹਾਰ ਬਹੁਤ ਜਰੂਰੀ- ਡਾ. ਸੀਮਾ ਗਰਗ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਰਾਸ਼ਟਰੀ ਪੋਸ਼ਣ ਹਫ਼ਤਾ ਹਰ ਸਾਲ 01 ਸਤੰਬਰ ਤੋਂ 07 ਸਤੰਬਰ ਤੱਕ ਮਨਾਇਆ ਜਾਂਦਾ ਹੈ ਤਾਂ ਜੋ ਲੋਕਾਂ ਨੂੰ ਬਿਹਤਰ ਸਿਹਤ ਅਤੇ ਤੰਦਰੁਸਤੀ ਬਾਰੇ ਜਾਗਰੂਕ ਕੀਤਾ ਜਾ ਸਕੇ। ਇਸ ਸਮੇਂ ਦੌਰਾਨ ਸਰਕਾਰ ਰਾਹੀਂ ਕੀਤੀਆਂ ਗਈਆਂ ਪਹਿਲਕਦਮੀਆਂ ਪੋਸ਼ਣ ਅਤੇ ਚੰਗੇ ਭੋਜਨ, ਸਿਹਤਮੰਦ ਸਰੀਰ, ਦਿਮਾਗ ਅਤੇ ਜੀਵਨ ਸ਼ੈਲੀ 'ਤੇ ਕੇਂਦ੍ਰਿਤ ਹਨ। ਸਿਵਲ ਸਰਜਨ ਡਾ। ਪਵਨ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲ੍ਹੇ ਵਿੱਚ ਇਸ ਹਫਤੇ ਦੀ ਸ਼ੁਰੂ-ਆਤ ਸਿਵਲ ਹਸਪਤਾਲ ਵਿਖੇ ਸੀਨੀਅਰ ਮੈਡੀਕਲ ਅਫ਼ਸਰ ਇੰਚਾਰਜ ਸਿਵਲ ਹਸਪਤਾਲ ਡਾ ਸਵਾਤੀ ਅਤੇ ਜ਼ਿਲਾ ਟੀਕਾਕਰਨ ਅਫ਼ਸਰ ਡਾ ਸੀਮਾ ਗਰਗ ਦੀ ਪ੍ਰਧਾਨਗੀ ਹੇਠ "ਹਰ ਕਿਸੇ ਲਈ ਪੌਸ਼ਟਿਕ ਆਹਾਰ ਜਰੂਰੀ" ਥੀਮ ਦੇ ਤਹਿਤ ਇੱਕ ਜਾਗਰੂਕਤਾ ਕੈਂਪ ਲਗਾ ਕੇ ਕੀਤੀ ਗਈ। ਇਸ ਮੌਕੇ ਬੱਚਿਆਂ ਦੇ ਮਾਹਿਰ ਡਾ।ਹਰਨੂਰ ਕੌਰ, ਡਾ. ਤਰਜਵੰਤ ਕੌਰ, ਡਾ।ਸੁਪ੍ਰੀਤ ਕੌਰ, ਡਿਪਟੀ ਮਾਸ ਮੀਡੀਆ ਅਫਸਰ ਡਾ।ਤ੍ਰਿਪਤਾ ਦੇਵੀ ਅਤੇ ਡਿਪਟੀ ਮਾਸ ਮੀਡੀਆ ਅਫ਼ਸਰ ਸ੍ਰੀਮਤੀ ਰਮਨਦੀਪ ਕੌਰ, ਏਐਚਏ ਡਾ।ਸ਼ਿਪਰਾ, ਜ਼ਿਲਾ ਬੀ।ਸੀ।ਸੀ। ਕੁਆਰਡੀਨੇਟਰ ਸ੍ਰੀ ਅਮਨਦੀਪ ਸਿੰਘ ਅਤੇ ਪੈਰਾ ਮੈਡੀਕਲ ਸਟਾਫ ਹਾਜ਼ਰ ਸੀ। ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲਾ ਟੀਕਾਕਰਣ ਅਫਸਰ ਡਾ ਸੀਮਾ ਗਰਗ ਵੱਲੋਂ ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਨੂੰ ਵਹਿਮਾਂ ਭਰਮਾਂ ਨੂੰ ਛੱਡਦੇ ਹੋਏ, ਆਪਣੇ ਬੱਚਿਆਂ ਦੀ ਸਿਹਤ ਪ੍ਰਤੀ ਜਾਗਰੂਕ ਹੋਣ ਦੇ ਨਾਲ-ਨਾਲ ਪੋਸ਼ਟਿਕ ਆਹਾਰ ਨੂੰ ਆਪਣੇ ਰੋਜ਼ਾਨਾ ਖਾਣੇ ਦਾ ਅਹਿਮ ਹਿੱਸਾ ਬਣਾਉਣ ਲਈ ਜ਼ੋਰ ਦਿੱਤਾ ਗਿਆ। ਉਹਨਾਂ ਹਾਜ਼ਰ ਔਰਤਾਂ ਨੂੰ ਜਾਗਰੂਕ ਮਾਂ ਬਣਨ ਦਾ ਸੱਦਾ ਦਿੰਦਿਆਂ ਕਿਹਾ ਕਿ 0-6 ਮਹੀਨੇ ਵਿੱਚ ਬੱਚੇ ਲਈ ਮਾਂ ਦੇ ਦੁੱਧ ਦੀ ਬਹੁਤ ਮਹੱਤਤਾ ਹੈ । ਉਹਨਾਂ ਕਿਹਾ ਕਿ ਮਾਵਾਂ ਨੂੰ ਆਪਣੇ ਬੱਚੇ ਨੂੰ ਆਪਣਾ ਦੁੱਧ ਜ਼ਰੂਰ ਪਿਲਾਉਣਾ ਚਾਹੀਦਾ ਹੈ ਤਾਂ ਜੋ ਬੱਚਾ ਨਰੋਆ ਤੇ ਸਿਹਤਮੰਦ ਰਹਿ ਸਕੇ।



ਬੱਚਿਆਂ ਦੇ ਮਾਹਿਰ ਡਾ. ਹਰਨੂਰ ਕੌਰ ਨੇ ਦੱਸਿਆ ਕਿ ਪੋਸ਼ਣ ਅਭਿਆਨ ਦਾ ਮੁੱਖ ਮੰਤਵ, ਬੱਚਿਆਂ ਵਿਚ ਕੁਪੋਸ਼ਣ ਅਤੇ ਬੋਣੇਪਣ ਤੋ ਬਚਾਅ ਕਰਨਾ ਅਤੇ ਘੱਟ ਕਰਨਾ, ਕੁਪੋਸ਼ਣ ਦੇ ਸ਼ਿਕਾਰ/ਘੱਟ ਭਾਰ ਵਾਲੇ, 0 ਤੋਂ 6 ਸਾਲ ਤੱਕ ਦੇ ਬੱਚਿਆਂ ਦੀ ਸਿਹਤ ਵਿਚ ਸੁਧਾਰ ਕਰਨਾ, 6 ਮਹੀਨੇ ਤੋਂ 59 ਮਹੀਨੇ ਤੱਕ ਦੇ ਬੱਚਿਆਂ ਵਿਚ ਅਨੀਮੀਆ ਸ਼ਿਕਾਰ ਬੱਚਿਆਂ ਦੀ ਸਿਹਤ ਵਿਚ ਸੁਧਾਰ ਕਰਨਾ, 15 ਤੋਂ 49 ਸਾਲ ਤੱਕ ਦੀਆਂ ਬੱਚੀਆਂ ਅਤੇ ਔਰਤਾਂ ਵਿਚ ਅਨੀਮੀਆ 'ਤੇ ਕੰਟਰੋਲ ਕਰਨਾ, ਘੱਟ ਭਾਰ ਵਾਲੇ ਬੱਚਿਆਂ ਦੇ ਜਨਮ ਦੀ ਗਿਣਤੀ ਵਿਚ ਸੁਧਾਰ ਕਰਨਾ ਹੈ। ਡਿਪਟੀ ਮਾਸ ਮੀਡੀਆ ਅਫ਼ਸਰ ਡਾ ਤ੍ਰਿਪਤਾ ਦੇਵੀ ਨੇ ਦੱਸਿਆ ਕਿ ਇਸ ਅਭਿਆਨ ਦੌਰਾਨ ਸਿਹਤ ਵਿਭਾਗ ਦੇ ਵਰਕਰਾਂ ਵੱਲੋਂ ਘਰ-ਘਰ ਜਾ ਕੇ ਜਿੱਥੇ ਗਰਭਵਤੀ ਮਹਿਲਾਵਾਂ ਨੂੰ ਲੋੜੀਂਦੇ ਟੀਕਾਕਰਣ ਅਤੇ ਗਰਭ 'ਚ ਪਲ ਰਹੇ ਬੱਚੇ ਵਾਸਤੇ ਲੋੜੀਂਦੀ ਪੌਸ਼ਟਿਕ ਖੁਰਾਕ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ, ਉੱਥੇ ਨਾਲ ਹੀ ਦੁੱਧ ਪਿਲਾਉਣ ਵਾਲੀਆਂ ਮਾਂਵਾਂ ਨੂੰ ਆਪਣੇ ਬੱਚਿਆਂ ਦੀ ਤੰਦਰੁਸਤ ਸਿਹਤ ਲਈ ਸੰਤੁਲਿਤ ਖੁਰਾਕ ਦੇ ਸੇਵਨ ਬਾਰੇ ਵੀ ਦੱਸਿਆ ਜਾ ਰਿਹਾ ਹੈ।

# ਆਪਣੀ ਬਣਾ ਲੈ ਮਿੱਤਰਾ ...



ਡਾ. ਪ੍ਰਿਤਪਾਲ ਸਿੰਘ ਮਹਿਰੋਕ
91-98885-10185

ਹੁਸ਼ਿਆਰਪੁਰ ਸ਼ਹਿਰ ਦੇ ਜਿਸ ਪ੍ਰਸਿੱਧ ਕਾਲਜ ਵਿੱਚ ਮੈਂ ਪੜ੍ਹਾਉਂਣ ਦੀ ਨੌਕਰੀ ਕਰਦਾ ਰਿਹਾ ਹਾਂ, ਮੇਰਾ ਘਰ ਉਸਤੋਂ ਢਾਈ ਕਿਲੋ ਮੀਟਰ ਦੀ ਦੂਰੀ 'ਤੇ ਹੈ। ਕੋਈ ਸਮਾਂ ਸੀ ਜਦੋਂ ਘਰ ਤੋਂ ਕਾਲਜ ਜਾਣਾ ਆਉਣਾ ਬਹੁਤ ਆਸਾਨ ਹੁੰਦਾ ਸੀ। ਸੜਕਾਂ 'ਤੇ ਦੋਪਹੀਆ, ਤਿੰਨਪਹੀਆ, ਚੌਪਹੀਆ ਵਾਹਨਾਂ ਤੇ ਹੋਰ ਵੱਡੇ ਵਾਹਨਾਂ ਦੀ ਆਵਾਜਾਈ ਬਹੁਤ ਘੱਟ ਹੁੰਦੀ ਸੀ। ਆਉਣ ਜਾਣ ਦੇ ਸਾਧਨ ਵਜੋਂ ਮੈਂ ਕਦੇ ਸਾਈਕਲ, ਕਈ ਸਾਲ ਸਕੂਟਰ, ਕਦੇ ਆਟੋ ਤੇ 10 ਕੁ ਸਾਲ ਕਾਰ 'ਤੇ ਕਾਲਜ ਆਉਂਦਾ ਜਾਂਦਾ ਰਿਹਾ ਹਾਂ। 2003 ਵਿੱਚ ਮੇਰੇ 'ਤੇ ਸਰੀਰਕ ਕਸ਼ਟ ਆ ਜਾਣ ਕਾਰਨ ਮੇਰਾ ਤੁਰਨਾ-ਫਿਰਨਾ ਲੱਗ-ਪਗ ਬੰਦ ਹੋ ਗਿਆ ਤੇ ਕਿਧਰੇ ਵੀ ਆਉਣ ਜਾਣ ਲਈ ਮੈਨੂੰ ਕਿਸੇ ਉਪਰ ਨਿਰਭਰ ਹੋਣ ਲਈ ਮਜਬੂਰ ਹੋਣਾ ਪੈ ਗਿਆ। ਸਾਲ ਕੁ ਲਈ ਇਕ ਡਰਾਈਵਰ ਦੀਆਂ ਸੇਵਾਵਾਂ ਹਾਸਲ ਕੀਤੀਆਂ। ਉਹ ਮੈਨੂੰ ਕਾਲਜ ਦੇ ਪੋਸਟ ਗ੍ਰੈਜੂਏਟ ਬਲੌਕ ਤੱਕ ਛੱਡ ਆਉਂਦਾ ਤੇ ਵਾਪਸੀ 'ਤੇ ਉਥੋਂ ਹੀ ਲੈ ਆਉਂਦਾ। ਕਈ ਵਾਰ ਉਹ ਬਿਨਾਂ ਦੱਸਿਆਂ ਛੁੱਟੀ ਕਰ ਲੈਂਦਾ ਤੇ ਕਾਲਜ ਜਾਣ ਲਈ ਮੈਨੂੰ ਕੋਈ ਹੋਰ ਬਦਲਵਾਂ ਪ੍ਰਬੰਧ ਕਰਨਾ ਪੈਂਦਾ।

ਇਸੇ ਦੌਰਾਨ ਮੇਰੇ ਸਹਿਕਰਮੀ ਤੇ ਮਿਹਰਬਾਨ ਦੋਸਤ ਡਾ. ਪਰਮਜੀਤ ਸਿੰਘ (ਜੋ ਬਾਅਦ ਵਿੱਚ ਇਸੇ ਕਾਲਜ ਦੇ ਪ੍ਰਿੰਸੀਪਲ ਬਣਦੇ ਹਨ) ਇਕ ਦਿਨ ਕਹਿਣ ਲੱਗੇ-" ਡਾਕਟਰ ਸਾਹਿਬ, ਇਸ ਤਰ੍ਹਾਂ ਕਰਦੇ ਹਾਂ, ਆਪਾਂ ਹੁਣ ਕਾਲਜ ਇਕੱਠੇ ਆਇਆ-ਜਾਇਆ ਕਰਾਂਗੇ.." ...ਤੇ ਫਿਰ ਮੈਂ ਉਨ੍ਹਾਂ ਨਾਲ ਕਾਲਜ ਜਾਂਦਾ ਰਿਹਾ ਤੇ ਇਕੱਠਿਆਂ ਕਾਰ ਰਾਹੀਂ ਕਾਲਜ ਆਉਣ-ਜਾਣ ਦਾ ਸਿਲਸਿਲਾ ਮੇਰੀ ਸੇਵਾ ਨਵ੍ਰਿਤੀ ਤੱਕ ਜਾਰੀ ਰਿਹਾ।

ਸਫ਼ਰ ਕਿਸੇ ਵੀ ਤਰ੍ਹਾਂ ਦਾ ਹੋਵੇ, ਲੰਮਾ ਹੋਵੇ ਜਾਂ ਘੱਟ ਦੂਰੀ ਵਾਲਾ, ਮੁੱਖ ਮਾਰਗਾਂ 'ਤੇ ਕੀਤਾ ਜਾ ਰਿਹਾ ਹੋਵੇ ਜਾਂ ਪਗਡੰਡੀਆਂ 'ਤੇ ਕੀਤਾ ਜਾਣ ਵਾਲਾ ਪੈਂਡਾ ਹੋਵੇ - ਉਸਦੇ ਸੁਖ-ਾਵੇਂ, ਅਣਸੁਖਾਵੇਂ, ਕਈ ਤਰ੍ਹਾਂ ਦੇ ਤਜਰਬੇ ਹੁੰਦੇ ਹੀ ਹਨ। ਕਈ ਯਾਦ ਰਹਿਣ ਵਾਲੇ ਤੇ ਕਈ ਦੇਰ ਤੱਕ ਅਨੰਦ ਦੇਣ ਵਾਲੇ ਅਨੁਭਵ ਵੀ ਹੁੰਦੇ ਹਨ। ਮੇਰੇ ਘਰ ਤੋਂ ਕਾਲਜ ਤੱਕ ਜਾਣ ਤੇ ਵਾਪਸ ਆਉਣ ਦੇ ਪੰਜ ਕਿਲੋਮੀਟਰ ਦੇ ਸਫ਼ਰ ਦੌਰਾਨ ਵੀ ਮੈਨੂੰ ਅਜੀਬ ਤਜਰਬੇ ਹੁੰਦੇ ਰਹੇ। ਸ਼ਹਿਰ ਦੀ ਚੰਡੀਗੜ੍ਹ ਰੋਡ 'ਤੇ ਪੈਂਦੇ ਸ਼ਹੀਦ ਭਗਤ ਸਿੰਘ ਚੌਕ, ਜਿਸਨੂੰ ਜੇਲ੍ਹ ਚੌਕ ਵੀ ਕਹਿ ਲਿਆ ਜਾਂਦਾ ਹੈ, ਤੋਂ ਗੌਰਮਿੰਟ ਕਾਲਜ ਚੌਕ ਤੱਕ ਦੇ ਰਸਤੇ 'ਤੇ ਕਦੇ ਬਿਨਾਂ ਬਹੁਤੀ ਰੁਕਾਵਟ ਤੋਂ ਪਹੁੰਚ ਜਾਈਦਾ ਸੀ ਪਰ ਕਦੇ ਕਦੇ ਥਾਂ ਥਾਂ ਜਾਮ ਵੀ ਲੱਗਿਆ ਰਹਿੰਦਾ, ਜੋ ਕਈ ਵਾਰ ਸਫ਼ਰ ਨੂੰ ਬੋਝਲ ਵੀ ਬਣਾ ਦਿੰਦਾ ਹੁੰਦਾ ਸੀ। ਸ਼ਹੀਦ ਭਗਤ ਸਿੰਘ ਚੌਕ ਤੋਂ ਜਦੋਂ ਕਦੇ ਸਾਡੀ ਕਾਰ ਅੱਗੇ ਸਮਾਨ ਨਾਲ ਲੱਦੀ ਟਰਾਲੀ ਵਾਲਾ ਕੋਈ ਟ੍ਰੈਕਟਰ ਲੱਗ ਜਾਂਦਾ ਤਾਂ ਉਹ ਕਾਲਜ ਤੱਕ ਸਾਡੇ ਵਾਹਨ ਨੂੰ ਅੱਗੇ ਲੰਘਣ ਲਈ ਮੌਕਾ ਨਾ ਦਿੰਦਾ।

ਅਜਿਹਾ ਅਕਸਰ ਵਾਪਰਦਾ ਰਹਿੰਦਾ। ਜਦੋਂ ਕਦੇ ਮੈਨੂੰ ਟਰਾਲੀਆਂ ਪਿੱਛੇ ਲਿਖੇ ਵੰਨ ਸੁਵੰਨੇ ਦਿਲਚਸਪ ਟੋਟਕੇ ਪੜ੍ਹਨ ਨੂੰ ਮਿਲ ਜਾਂਦੇ ਤਾਂ ਮੇਰੇ ਲਈ ਕਈ ਵਾਰ ਅਜਿਹਾ ਮੌਕਾ ਕੁਝ ਵਧੀਆ ਪੜ੍ਹਨ ਦਾ ਮੌਕਾ ਪ੍ਰਦਾਨ ਕਰਨ ਵਾਲਾ ਬਣਕੇ ਪ੍ਰਗਟ ਹੁੰਦਾ। ਉਨ੍ਹਾਂ ਟੋਟਕਿਆਂ ਦਾ ਸੁਭਾਅ ਪੰਜਾਬੀ ਲੋਕ ਗੀਤਾਂ ਦੇ ਸੁਭਾਅ ਨਾਲ ਰਲਦਾ-ਮਿਲਦਾ ਹੁੰਦਾ। ਪੰਜਾਬੀ ਲੋਕਧਾਰਾ ਤੇ ਸੱਭਿਆਚਾਰ ਦਾ ਵਿਦਿਆਰਥੀ ਹੋਣ ਕਰਕੇ ਮੈਂ ਉਨ੍ਹਾਂ ਨੂੰ ਵਿਸ਼ੇਸ਼ ਦਿਲਚਸਪੀ ਨਾਲ ਪੜ੍ਹਦਾ। ਉਨ੍ਹਾਂ ਨੂੰ ਪੜ੍ਹਨ ਦੌਰਾਨ ਹੀ ਉਹ ਟੋਟਕੇ ਮੈਨੂੰ ਝੱਟ-ਪਟ ਯਾਦ ਹੋ ਜਾਂਦੇ ਤੇ ਮੈਂ ਉਨ੍ਹਾਂ ਪਿੱਛੇ ਛੁਪੇ ਅਰਥਾਂ ਦੀਆਂ ਪਰਤਾਂ ਫਰੋਲਣ ਵਿੱਚ ਜੁਟ ਜਾਂਦਾ। ਇਕ ਟ੍ਰੈਕਟਰ ਟਰਾਲੀ ਜਿਸਨੇ ਸਾਨੂੰ ਕਾਲਜ ਤੱਕ ਅੱਗੇ ਲੰਘਣ ਲਈ ਸਾਈਡ ਨਹੀਂ ਸੀ ਦਿੱਤੀ, ਮੈਨੂੰ ਬਹੁਤ ਚੰਗੀ ਲੱਗਣ ਲੱਗ ਪਈ ਸੀ। ਉਸ ਟਰਾਲੀ ਦੇ ਪਿੱਛੇ ਬਹੁਤ ਖੂਬਸੂਰਤ ਲਿਖਾਈ ਵਿੱਚ ਲਿਖਿਆ ਸੀ :

ਰੱਬਾ, ਰੰਡੀਆਂ ਨਾ ਹੋਣ ਮੁਟਿਆਰਾਂ
ਤੇ ਗੱਭਰੂ ਦੀ ਨਾਰ ਨਾ ਮਰੇ।

ਮੈਂ ਸਮਝਦਾ ਹਾਂ ਖੁਸ਼ੀਆਂ-ਖੇੜਿਆਂ, ਚਾਵਾਂ-ਮਲ੍ਹਾਰਾਂ ਤੇ ਰੰਗਾਂ ਨਾਲ ਭਰਪੂਰ ਖੁਸ਼ਹਾਲ ਅਤੇ ਸਿਹਤਮੰਦ ਜੀਵਨ ਜੀਉਣ ਦੀ ਕਾਮਨਾ ਕਰਦੀਆਂ ਇਨ੍ਹਾਂ ਤੁਕਾਂ ਪਿੱਛੇ ਬਹੁਤ ਡੂੰਘੇ ਅਰਥ ਛੁਪੇ ਹਨ। ਅਜਿਹੀਆਂ ਤੁਕਾਂ ਨੂੰ ਕਿਸੇ ਪ੍ਰਬੁੱਧ ਤੇ ਪ੍ਰਵੀਨ ਕਵੀ ਦੁਆਰਾ ਰਚੀਆਂ ਕਾਵਿ ਤੁਕਾਂ ਦੇ ਤੁਲ ਰੱਖ ਕੇ ਵਿਚਾਰਿਆ ਜਾ ਸਕਦਾ ਹੈ। ਸਭ ਦਾ ਭਲਾ ਚਾਹੁਣ ਵਾਲੀਆਂ ਅਜਿਹੀਆਂ ਤੁਕਾਂ ਸਹਿਜੇ ਹੀ ਚੇਤਿਆਂ ਵਿੱਚ ਵੱਸ ਜਾਣ ਵਾਲੀਆਂ ਤੇ ਧੁਰ ਅੰਦਰ ਨੂੰ ਟੁੰਬਣ ਵਾਲੀਆਂ ਹੁੰਦੀਆਂ ਹਨ।

ਕਿਸੇ ਅਜਿਹੇ ਮੌਕੇ ਹੀ ਕਿਸੇ ਟਰਾਲੀ ਪਿੱਛੇ ਲਿਖੀਆਂ ਖੂਬਸੂਰਤ ਪੰਕਤੀਆਂ ਨੂੰ ਮੈਂ ਉਦੋਂ ਤੱਕ ਮੁੜ ਮੁੜ ਪੜ੍ਹਦਾ ਰਿਹਾ ਸਾਂ, ਜਦੋਂ ਤੱਕ ਉਸ ਟ੍ਰੈਕਟਰ ਟਰਾਲੀ ਨੇ ਗੌਰਮਿੰਟ ਕਾਲਜ ਚੌਕ ਤੋਂ ਫਗਵਾੜਾ ਰੋਡ ਨੂੰ ਜਾਣ ਵਾਲੀ ਸੜਕ ਵੱਲ ਮੋੜ ਨਹੀਂ ਸੀ ਕੱਟ ਲਿਆ। ਉਹ ਪੰਕਤੀਆਂ ਸਨ :

ਪੂਰਾ ਕਰਦੇ ਨੇ ਮਾਣ ਮਾਪੇ ਪੁੱਤ ਦਾ
ਨੀ ਭਾਵੇਂ ਆਪਾਂ ਖੋਟੇ ਜਾਂ ਖਰੇ।

ਇਹ ਸ਼ਬਦ ਵੀ ਮੇਰੇ ਜ਼ਿਹਨ ਵਿੱਚ ਅਜੇ ਤੱਕ ਘਰ ਕਰੀ ਬੈਠੇ ਹਨ।

ਆਪਣੀ ਤੜੀ 'ਤੇ ਕਾਇਮ ਰਹਿਣਾ, ਦੂਜਿਆਂ ਨੂੰ ਛੁਟਿਆ ਕੇ ਵੇਖਣਾ, ਵੰਗਾਰਨਾ ਤੇ ਲਲਕਾਰਨਾ ਪੰਜਾਬੀ ਸੁਭਾਅ ਦੀ ਖਾਸੀਅਤ ਦਾ ਇਕ ਪੱਖ ਸਮਝਿਆ ਜਾਂਦਾ ਹੈ। ਜਦੋਂ ਮੈਂ ਕਿਸੇ ਟਰਾਲੀ ਦੇ ਮਗਰ ਲਿਖੇ ਅਜਿਹੀਆਂ ਭਾਵਨਾਵਾਂ/ਅਰਥਾਂ ਦਾ ਸੰਸਾਰ ਕਰਦੇ ਕੁਝ ਬੋਲ ਪੜ੍ਹਦਾ ਹਾਂ ਤਾਂ ਇਸ ਗੱਲ ਦੀ ਪ੍ਰੋੜਤਾ ਸਹਿਜੇ ਹੀ ਹੋ ਜਾਂਦੀ ਹੈ :

ਬੰਨ੍ਹ ਨਾ ਛਪੜੀਏ ਦਾਵੇ
ਨਾਲ ਦਰਿਆਵਾਂ ਦੇ।

ਜਦੋਂ ਕੋਈ 'ਆਪਣਾ' ਹੀ ਸਰਵੋਤਮ ਜਾਪਦਾ ਹੋਵੇ, ਉਸਦੇ ਤੁਲ ਕਿਸੇ ਨੂੰ ਵੀ ਨਾ ਕਿਆਸਿਆ ਜਾ ਰਿਹਾ ਹੋਵੇ ਤਾਂ ਉਸ ਪ੍ਰਤੀ ਅਜਿਹੇ ਸਨੇਹ, ਉਮਾਹ ਤੇ ਆਪਣਾਪਨ ਵਿਖਾਉਣ ਦੇ ਜਜ਼ਬੇ ਨੂੰ ਪ੍ਰਗਟ ਕਰਨਾ ਵੀ ਟਰਾਲੀ ਸਾਹਿਤ ਦਾ ਹਿੱਸਾ ਬਣਦਾ ਹੈ। ਇਕ ਵਾਰ ਕਿਸੇ ਟਰਾਲੀ ਪਿੱਛੇ ਲਿਖੇ ਅਜਿਹੇ ਬੋਲ ਪੜ੍ਹਨ ਦਾ ਮੌਕਾ ਵੀ ਮੈਨੂੰ ਮਿਲਦਾ ਹੈ:

ਚੰਨ ਭਾਵੇਂ ਨਿੱਤ ਚੜ੍ਹਦਾ
ਸਾਨੂੰ ਸੱਜਣਾ ਬਾਝ ਹਨੇਰਾ।

ਅਜਿਹੇ ਕਈ ਹੋਰ ਟੋਟਕੇ ਵੀ ਮੈਨੂੰ ਅਕਸਰ ਪੜ੍ਹਨ ਨੂੰ ਮਿਲਦੇ ਰਹੇ, ਜਿਨ੍ਹਾਂ ਵਿੱਚੋਂ ਬਹੁਤੇ ਸਮਾਜਿਕ, ਆਰਥਿਕ, ਰਾਜਨੀਤਕ, ਸੱਭਿਆਚਾਰਕ ਸਰੋਕਾਰਾਂ ਨਾਲ ਜੁੜੀ ਕੋਈ ਗੱਲ ਕਹਿ ਰਹੇ ਹੁੰਦੇ ਸਨ। ਕਈ ਟੋਟਕੇ ਧਾਰਮਿਕ ਤੇ ਸਦਾਚਾਰਕ ਸਿੱਖਿਆਵਾਂ ਦਿੰਦੇ ਨਜ਼ਰ ਆਉਂਦੇ, ਕਈ ਪੰਜਾਬੀਆਂ ਦੀ ਅਣਖ ਨਾਲ, ਕਈ ਸੂਰਮਗਤੀ ਨਾਲ, ਕਈ ਜ਼ਿੰਦਗੀ ਨੂੰ ਜਸ਼ਨ ਸਮਝਣ ਦੇ ਸੁਨੇਹੇ ਨਾਲ, ਕਈ ਸਵੈਮਾਣ ਨਾਲ, ਕਈ ਨਿਮਰਤਾ ਨਾਲ, ਕਈ ਮਾਲਕ ਦੇ ਸ਼ੁਕਰਾਨੇ, ਕਈ ਸ਼ਹੀਦਾਂ ਦੀਆਂ ਕੁਰਬਾਨੀਆਂ ਨਾਲ ਸਬੰਧਤ ਅਤੇ ਲੋਕ ਮਨ ਨੂੰ ਟੁੰਬਣ ਵਾਲੇ ਕਈ ਟੋਟਕੇ ਵੀ ਪੜ੍ਹਨ ਨੂੰ ਮਿਲਦੇ ਰਹਿੰਦੇ।

ਅਜਿਹਾ ਕੁਝ ਪੜ੍ਹ ਕੇ ਮੈਨੂੰ ਚੰਗਾ ਲੱਗਦਾ। ਕਈ ਟੋਟਕਿਆਂ ਵਿੱਚ ਕਹਿਣ ਲਈ ਗੱਲ ਤਾਂ ਹੁੰਦੀ ਪਰ ਗ਼ੈਰਮਿਆਰੀ ਭਾਸ਼ਾ ਕਾਰਨ ਉਹ ਬਹੁਤ ਕਮਜ਼ੋਰ ਹੁੰਦੇ। ਕਈ ਘਸੀ-ਪਿਟੀ ਸ਼ਿਅਰੋ-ਸ਼ਾਇਰੀ ਨੁਮਾ ਟੋਟਕੇ ਵੀ ਪੜ੍ਹਨ ਨੂੰ ਮਿਲਦੇ। ਅਜਿਹੇ ਟੋਟਕਿਆਂ ਵਿੱਚ ਜ਼ਿਕਰਯੋਗ ਕੁਝ ਵੀ ਨਾ ਹੁੰਦਾ।

ਇਕ ਵਾਰ ਮੈਨੂੰ ਦੇਰ ਤੱਕ ਯਾਦ ਰਹਿਣ ਵਾਲਾ ਇਕ ਟੋਟਕਾ ਪੜ੍ਹਨ ਨੂੰ ਮਿਲਿਆ। ਮਨੁੱਖ ਦੀ ਫਿਤਰਤ ਹੈ ਕਿ ਉਹ ਮੁਫ਼ਤ ਵਿੱਚ ਮਿਲੀ ਚੀਜ਼ ਨੂੰ ਹਾਸਲ ਕਰ ਕੇ ਖੁਸ਼ ਹੁੰਦਾ ਹੈ। ਇਸੇ ਗੱਲ ਦਾ ਇਕ ਪਹਿਲੂ ਇਹ ਵੀ ਹੈ ਕਿ ਕੋਈ ਚੀਜ਼ ਮੰਗਵੀਂ ਲੈ ਕੇ ਜਾਂ ਉਧਾਰੀ ਮੰਗ ਕੇ ਬੁੱਤਾ ਸਾਰ ਲੈਣ ਜਾਂ ਆਪਣਾ ਕੰਮ ਚਲਦਿਆਂ ਕਰ ਕੇ ਵੀ ਮਨੁੱਖ ਖੁਸ਼ੀ ਪ੍ਰਾਪਤ ਕਰਦਾ ਹੈ। ਕਿਸੇ ਟਰਾਲੀ ਦੇ ਮਾਲਕ ਕੋਲੋਂ ਪਿੰਡ ਦੇ ਲੋਕ ਅਕਸਰ ਟਰਾਲੀ ਉਧਾਰੀ ਮੰਗਣ ਲਈ ਆਉਂਦੇ ਰਹਿੰਦੇ ਹੋਣਗੇ। ਲਿਹਾਜੂ ਸੁਭਾਅ ਵਾਲਾ ਟਰਾਲੀ ਮਾਲਕ ਕਿਸੇ ਨੂੰ ਨਾਰਾਜ਼ ਨਾ ਕਰਨ ਦੇ ਇਰਾਦੇ ਨਾਲ ਟਰਾਲੀ ਉਧਾਰੀ ਦੇ ਦਿੰਦਾ ਤੇ ਲਿਹਾਜ ਪਾਲਦਾ ਰਹਿੰਦਾ ਹੋਵੇਗਾ। ਕਦੇ ਕਦੇ ਉਹ ਤੰਗ ਵੀ ਆ ਜਾਂਦਾ ਰਿਹਾ ਹੋਵੇਗਾ। ਲਿਹਾਜੂ ਸੁਭਾਅ ਵਾਲੇ ਵਿਅਕਤੀ ਦੇ ਵਿਵਹਾਰ ਵਿੱਚ ਇਹ ਕਮਜ਼ੋਰੀ ਵੀ ਹੁੰਦੀ ਹੈ ਕਿ ਉਹ ਬਹੁਤਾ ਕੋਰਾ-ਕਰਾਰਾ ਹੋ ਕੇ ਕਿਸੇ ਨੂੰ ਕਿਸੇ ਕੰਮ ਤੋਂ ਨਾਂਹ ਨਹੀਂ ਕਰਦਾ। ਉਸਨੇ ਆਪਣੇ ਕਾਮੇ ਨਾਲ ਆਪਣਾ ਇਹ ਦੁੱਖ ਸਾਂਝਾ ਕੀਤਾ ਹੋਵੇਗਾ। ਫਿਰ ਵੀ ਟਰਾਲੀ ਉਧਾਰੀ ਮੰਗਣ ਤੇ ਦੇਣ ਦਾ ਸਿਲਸਿਲਾ ਦੇਰ ਤੱਕ ਚੱਲਦਾ ਰਿਹਾ ਹੋਵੇਗਾ। ਆਖਰ ਤੰਗ ਆ ਕੇ ਟਰਾਲੀ ਦੇ ਮਾਲਕ ਨੇ ਆਪਣੀ ਟਰਾਲੀ ਪਿੱਛੇ ਹੇਠ ਲਿਖੀ ਤੁਕ ਲਿਖਵਾ ਲਈ ਹੋਵੇਗੀ :

ਨਿੱਤ ਨਿੱਤ ਨਹੀਂ ਉਧਾਰੀ ਮਿਲਣੀ
ਆਪਣੀ ਬਣਾ ਲੈ ਮਿੱਤਰਾ।

ਕਿਸੇ ਨੂੰ ਕੋਈ ਗੱਲ ਕਹਿਣ ਦਾ ਇਹ ਤਰੀਕਾ, ਬੜੀ ਦੇਰ ਤੱਕ ਮੈਨੂੰ ਬਹੁਤ ਅਰਥ ਭਰਪੂਰ ਪ੍ਰਤੀਤ ਹੁੰਦਾ ਰਿਹਾ।

## ਪੁਸਤਕ ਸਮੀਖਿਆ

**ਪੁਸਤਕ ਸਮੀਖਿਆ**
**ਪੁਸਤਕ ਦਾ ਨਾਮ- ਕਾਵਿ-ਕ੍ਰਿਸ਼ਮਾ**
**ਲੇਖਕ ਦਾ ਨਾਮ- ਕਮਲ ਬੰਗਾ ਸੈਕਰਾਮੈਂਟੋ**
**ਸਾਲ- 2024**
**ਪ੍ਰਕਾਸ਼ਕ ਦਾ ਨਾਮ- ਪੰਜਾਬੀ ਵਿਰਸਾ ਟਰੱਸਟ (ਰਜਿ:) ਫਗਵਾੜਾ**
**ਕੀਮਤ- 300/- ਰੁਪਏ, ਪੰਨੇ- 248**

### ਸੂਖ਼ਮ ਰੰਗਾਂ ਦਾ ਸ਼ਾਇਰ - ਕਮਲ ਬੰਗਾ ਸੈਕਰਾਮੈਂਟੋ




ਦਮਨ, ਪੀੜ, ਪੀੜ ਦਾ ਅਹਿਸਾਸ, ਪੀੜ ਦੀ ਅਵਚੇਤਨੀ ਸੂਝ ਅਤੇ ਪੀੜ ਦਾ ਸੰਦਰਭ ਪ੍ਰਸਿੱਧ ਕਵੀ ਕਮਲ ਬੰਗਾ ਦੀ ਪੁਸਤਕ ਨਵੀਂ-ਬੁਲਬੁਲ ਦਾ ਅਧਾਰ ਹੈ। ਕਿਸੇ ਵੀ ਅਧਾਰ ਤੇ ਕੀਤਾ ਪੱਖਪਾਤ, ਅਨਿਆਂ ਅਤੇ ਦਮਨ ਮਨੁੱਖ ਨੂੰ ਪੀੜਾ ਦਿੰਦਾ ਹੈ। ਇਸ ਪੱਖਪਾਤ, ਦਮਨ ਅਤੇ ਅਨਿਆਂ ਦੇ ਬੀਜਾਂ ਨੂੰ ਚਿੰਤਕ ਅਤੇ ਅਦੀਬ ਲੋਕ ਪਹਿਚਾਣਦੇ ਹਨ ਅਤੇ ਇਸ ਉੱਪਰ ਚਿੰਤਨੀ ਸੰਵਾਦ ਰਚਾਉਂਦੇ ਹਨ। ਕਮਲ ਬੰਗਾ ਉਹਨਾਂ ਚਿੰਤਕਾਂ 'ਚੋਂ ਇਕ ਹੈ, ਜੋ ਪੌੜੀ-ਦਰ-ਪੌੜੀ 2008 ਤੋਂ 2023 ਤੱਕ 17 ਪੁਸਤਕਾਂ ਪਾਠਕਾਂ ਦੀ ਝੋਲੀ ਪਾ ਕੇ ਇਹ ਸੰਵਾਦ ਰਚਾਉਂਦਾ ਰਿਹਾ ਹੈ।

''ਜਿਵੇਂ ਦੀਵੇ ਨਾਲ ਦੀਵਾ ਲਾ ਕੇ ਰੌਸ਼ਨ ਕਰੀਦਾ ਬਨੇਰਾ,
ਉਵੇਂ ਦਿਲ ਤੋਂ ਦਿਲ ਤੀਕ, ਮੇਰਾ ਪਹੁੰਚ ਜਾਂਦਾ ਸੁਨੇਹਾ।''

ਪੁਰਤਗਾਲ ਦੇ ਨੋਬਲ ਪੁਰਸਕਾਰ ਜੇਤੂ ਜੋਸੇ ਸਰਾਮਾਗੋ ਨੇ ਨੋਬਲ ਪੁਰਸਕਾਰ ਪ੍ਰਾਪਤ ਕਰਨ ਵੇਲੇ ਲਿਖਿਆ ਸੀ ''ਅਸੀਂ ਤਰਕ ਦਾ ਵਿਨਾਸ਼ ਕਰਦੇ ਹਾਂ। ਜੇ ਤੁਸੀਂ ਵੇਖ ਸਕਦੇ ਹੋ ਤਾਂ ਘੋਖੋ, ਜੇ ਤੁਸੀਂ ਘੋਖ ਸਕਦੇ ਹੋ ਤਾਂ ਨਿਰਖੋ'' ਅਸਲ ਵਿਚ ਇਹ ਨਿਰਖਣਾ ਹੀ ਸਾਹਿੱਤਕ ਰਚਨਾ ਨੂੰ ਜਨਮ ਦਿੰਦਾ ਹੈ। ਸਾਹਿਤਕਾਰ ਦੀ ਇਹੀ ਦੂਰਦ੍ਰਿਸ਼ਟੀ ਹੁੰਦੀ ਹੈ।

ਦੂਰਦ੍ਰਿਸ਼ਟੀ ਵਾਲਾ ਕਮਲ ਬੰਗਾ ਆਪਣੀ ਕਵਿਤਾ ਵਿਚ ਮਨੁੱਖੀ ਮਾਨਸਿਕਤਾ, ਰਿਸ਼ਤਿਆਂ, ਘਰ-ਪਰਿਵਾਰ, ਪਿਆਰ/ਮੁਹੱਬਤ ਆਦਿ ਦੀ ਗੱਲ ਕਰਦਾ ਹੈ। ਜੀਵਨ 'ਚ ਦਰਪੇਸ਼ ਸਮਾਜਿਕ, ਮਾਨਸਿਕ, ਆਰਥਿਕ ਮੁਸ਼ਕਲਾਂ ਉੱਤੇ ਉਸ ਦੀ ਕਵਿਤਾ ਦਾ ਫੋਕਸ ਹੈ। ਉਹਦੀ ਕਵਿਤਾ ਝਰਨੇ ਵਾਂਗਰ ਵਹਿੰਦੀ ਹੈ, ਲਗਾਤਾਰ ਤੁਰਦੀ ਹੈ, ਅਡੋਲ।

''ਖ਼ਿਆਲਾਂ 'ਚ ਪਾਣੀ ਵਾਂਗ ਵਹਿ ਰਿਹਾ ਹਾਂ।
ਬਸ ਉੱਚੇ ਤੋਂ ਨੀਵੇਂ ਵੱਲ ਪੈ ਰਿਹਾ ਹਾਂ।''
''ਮੈਥੋਂ ਖੁਸ਼ਕ ਜ਼ਮੀਨ ਵਾਂਗ, ਤਿੜ ਨਹੀਂ ਹੁੰਦਾ।
ਨਾਲੇ ਗੁਲਾਮੀ 'ਚ ਮੈਥੋਂ, ਖਿੜ ਨਹੀਂ ਹੁੰਦਾ।''

ਕਮਲ ਬੰਗਾ ਦੀ ਕਵਿਤਾ ਸੁਹਜ ਰੂਪ ਵਿਚ ਪਾਠਕਾਂ ਸਾਹਮਣੇ ਆਉਂਦੀ ਹੈ। ਉਸਦੀ ਕਵਿਤਾ ਵਿਚ ਸਮਾਜਕ ਊਣਤਾਈਆਂ ਦਾ ਖਾਸ ਤੌਰ 'ਤੇ ਜ਼ਿਕਰ ਹੈ। ਕਵਿਤਾ ਦੀ ਵੰਨਗੀ ਗ਼ਜ਼ਲ ਵਿਚ ਕਮਲ ਬੰਗਾ ਨੇ ਅਲੱਗ ਥਾਂ ਹਾਸਲ ਕੀਤੀ ਹੈ। ਉਸ ਦੀ ਰਚਨਾ ਸਮਰੱਥ ਹੈ। ਉਹ ਵੱਡੀਆਂ-ਵੱਡੀਆਂ ਪੁਲਾਘਾਂ ਪੁੱਟਦੀ ਹੈ, ਤੇਜ਼ੀ ਨਾਲ ਆਪਣੇ ਨਿਸ਼ਾਨੇ ਵੱਲ ਝਪਟਦੀ ਹੈ, ਅਤੇ ਫਿਰ ਮਨੁੱਖੀ ਭਾਵਨਾਵਾਂ ਉੱਤੇ ਚੋਟ ਕਰਦੀ ਹੈ। ਇਹੀ ਉਹਦੀ ਵਿਲੱਖਣਤਾ ਹੈ।

ਭਾਈਚਾਰੇ 'ਚ ਪਈਆਂ ਤ੍ਰੇੜਾਂ, ਨਫ਼ਰਤੀ ਵਰਤਾਰਾ, ਅਵਿਸ਼ਵਾਸ਼ ਨੂੰ ਜਦੋਂ ਉਹ ਮਨੁੱਖੀ ਕਾਲੀਨ ਉੱਤੇ ਵਿਛਿਆ ਵੇਖਦਾ ਹੈ ਤਾਂ ਤੜਪ ਉੱਠਦਾ ਹੈ। ਉਹ ਕਹਿੰਦਾ ਹੈ, ਆਖਿਰ ਮਨੁੱਖ ਇਸ ਵਰਤਾਰੇ ਵਿਚੋਂ ਕਦੋਂ ਬਾਹਰ ਆਏਗਾ, ਕਦੋਂ ਇਕ ਧਰਮ ਦੂਜੇ ਧਰਮ ਨੂੰ ਪਿਆਰ ਕਰੇਗਾ, ਕਦੋਂ ਮਨੁੱਖ ਜ਼ਿੰਦਗੀ ਦੀ ਖੂਬਸੂਰਤੀ ਨੂੰ ਪਛਾਣ ਸਕੇਗਾ?

ਜਦੋਂ ਉਹ ਧਰਮ ਦੇ ਨਾਮ ਉੱਤੇ ਪਾੜੇ, ਕਤਲ ਵੇਖਦਾ ਹੈ, ਦੰਗੇ ਵੇਖਦਾ ਹੈ ਤਾਂ ਉਹ ਤ੍ਰਾਹ ਉੱਠਦਾ ਹੈ, ਉਹ ਨੋਬਲ ਪੁਰਸਕਾਰ ਜੇਤੂ ਵਿਸਲਾਵਾ ਸ਼ਿੰਬੋਰਸਕਾ ਦੇ ਉਹਨਾਂ ਸ਼ਬਦਾਂ ਦਾ ਚਿੰਤਨ ਕਰਦਾ ਹੈ, ''ਕੀ ਉਹ 'ਬੰਦੇ' ਕਹਾਉਣ ਦੇ ਲਾਇਕ ਵੀ ਹਨ ਜਾਂ ਨਹੀਂ? ਉਨਾਂ ਨੂੰ 'ਜਾਨਵਰ' ਕਹਿਣਾ ਤਾਂ ਵਿਚਾਰੇ ਜਾਨਵਰਾਂ ਦੀ ਬੇਅਦਬੀ ਹੈ। ਜਾਨਵਰ ਕਦੇ ਇੰਜ ਨਹੀਂ ਕਰਦੇ'' ਉਸਦੀ ਇਸੇ ਚੇਤਨਾ ਕਾਰਨ ਉਹ ਉੱਚ ਪਾਏ ਦੇ ਸ਼ਿਅਰ ਲਿਖਦਾ ਹੈ, ਸੰਕੇਤਾਂ 'ਚ ਗੱਲ ਕਰਦਾ ਹੈ।

''ਖ਼ਾਲੀ ਸੜਕ-ਖ਼ਾਲੀ ਰਾਹ 'ਤੇ, ਕੋਈ ਕੋਈ ਦੌੜਦੈ,
ਕਾਰਾਂ ਵਿਚ ਤਾਂ ਦੌੜਦੇ, ਸਾਰੇ ਜਣੇ-ਨੇ।''
''ਗਰੀਬ ਦੇਸ਼ਾਂ ਨੂੰ ਮਾਰਿਆ, ਰੋਟੀ-ਕਪੜੇ-ਮਕਾਨ ਨੇ,
ਨਾਲ ਨਾਲ ਝੰਬਿਆ ਹੈ, ਮੰਗਿਆਈ ਦੇ ਤੂਫ਼ਾਨਾਂ।''

ਕਮਲ ਬੰਗਾ ਦੀ ਕਵਿਤਾ ਉੱਚ ਪਾਏ ਦੀ ਹੈ। ਲੋਕਾਂ ਦੀ ਗੱਲ ਕਰਦੀ ਹੈ। ਮਨੁੱਖੀ ਭਾਵਨਾਵਾਂ ਦੀ ਗੱਲ ਕਰਦੀ ਹੈ। ਉਸ ਦੀ ਕਵਿਤਾ/ਗ਼ਜ਼ਲ, ਉਸਦੇ ਜੀਵਨ ਦਾ ਅਨੁਭਵ ਹੈ, ਜੋ ਉਸਦੇ ਅੰਗ-ਸੰਗ ਰਹਿੰਦੀ ਹੈ, ਵਿਚਰਦੀ ਹੈ।

ਉਸਦੀ 17ਵੀਂ ਨਵੀਂ ਪੁਸਤਕ ਨੂੰ ਪੰਜਾਬੀ ਸੰਸਾਰ 'ਚ 'ਜੀ ਆਇਆਂ'।

''ਨਵੀਂ-ਬੁਲਬੁਲ'' ਬਨਾਮ ਨਵੀਂ ਉਡਾਰੀ ਤੇ ਫ਼ਖ਼ਰ ਹੈ।
ਕਮਲ ਬੰਗਾ ਸ਼ਬਦਾਂ 'ਤੇ ਸੋਚਾਂ ਦਾ ਜਾਦੂਗਰ ਹੈ।''


**ਗੁਰਮੀਤ ਸਿੰਘ ਪਲਾਹੀ**
**98158-02070**

## ਪੁਸਤਕ ਸਮੀਖਿਆ

**ਦਸ ਪਾਤਸ਼ਾਹੀਆਂ**
**ਰੀਵਿਊਕਾਰ: ਬਲਜਿੰਦਰ ਮਾਨ 98150 18947**
**ਲੇਖਕ ਤਰਲੋਚਨ ਸਿੰਘ**
**ਪ੍ਰਕਾਸ਼ਕ ਤਰਲੋਚਨ ਪਬਲਿਸ਼ ਚੰਡੀਗੜ੍ਹ,**
**ਪੰਨੇ 80, ਮੁੱਲ 100/-**

ਤਰਲੋਚਨ ਸਿੰਘ ਜਿੱਥੇ ਖੁਦ ਸਾਹਿਤਕਾਰ ਹੈ ਉੱਥੇ ਇਕ ਅਨੁਵਾਦਕ ਅਤੇ ਸਫਲ ਪ੍ਰਕਾਸ਼ਕ ਵੀ ਹੈ। ਉਹਨਾਂ ਅਨੇਕਾਂ ਪੁਸਤਕਾਂ ਦਾ ਦੀ ਪ੍ਰਕਾਸ਼ਨਾ ਕਰਕੇ ਸਾਹਿਤ ਜਗਤ ਵਿੱਚ ਸ਼ਾਨਦਾਰ ਪੈੜਾਂ ਪਾਈਆਂ ਹਨ।ਉਹ ਇੱਕ ਦਰਜਨ ਤੋਂ ਵੱਧ ਮੌਲਿਕ ਪੁਸਤਕਾਂ ਦੀ ਰਚਨਾ ਕਰ ਚੁੱਕੇ ਹਨ ਅਤੇ ਦਰਜਨ ਦੇ ਕਰੀਬ ਹੀ ਪੁਸਤਕਾਂ ਸੰਪਾਦਿਤ ਕਰ ਚੁੱਕੇ ਹਨ। ਸਿੱਖੀ ਸਿਧਾਂਤ ਦੀ ਪਹਿਰੇਦਾਰੀ ਕਰਨ ਵਾਲੇ ਤਰਲੋਚਨ ਸਿੰਘ ਦੀ ਇਹ ਪੁਸਤਕ ਦਸ ਪਾਤਸ਼ਾਹੀਆਂ ਬਾਰੇ ਸੰਖੇਪ ਇਤਿਹਾਸ ਪੇਸ਼ ਕਰਦੀ ਹੈ। ਪੁਸਤਕ ਦਾ ਪਾਠ ਕਰਦਿਆਂ ਜਿੱਥੇ ਸਾਨੂੰ ਗੁਰੂ ਸਾਹਿਬਾਨ ਦੀ ਜੀਵਨੀ ਬਾਰੇ ਜਾਣਕਾਰੀ ਮਿਲਦੇ ਹੈ ਉੱਥੇ ਉਹਨਾਂ ਦੀ ਪ੍ਰੇਰਨਾਦਾਇਕ ਫਿਲਾਸਫੀ ਦਾ ਵੀ ਗਿਆਨ ਹੁੰਦਾ ਹੈ। ਗੁਰੂ ਸਾਹਿਬ ਨੇ ਆਪਣਾ ਸਾਰਾ ਜੀਵਨ ਇਸ ਲੁਕਾਈ ਵਾਸਤੇ ਅਰਪਣ ਕੀਤਾ। ਕਿਰਤ ਦਾ ਮਹਾਨ ਉਪਦੇਸ਼ ਦੇਣ ਵਾਲੇ ਗੁਰੂ ਨਾਨਕ ਦੇਵ ਜੀ ਨੇ ਚਾਰ ਦਿਸ਼ਾਵਾਂ ਵਿੱਚ ਯਾਤਰਾਵਾਂ ਕਰਕੇ ਭੁੱਲੀ ਹੋਈ ਜਨਤਾ ਨੂੰ ਸਿੱਧੇ ਰਾਹੇ ਪਾਇਆ। ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦੇ ਸਫਰ ਨੂੰ ਵੀ ਇਤਿਹਾਸਕ ਨਜ਼ਰੀਏ ਤੋਂ ਪੇਸ਼ ਕੀਤਾ ਗਿਆ ਹੈ। ਗੁਰੂ ਸਾਹਿਬਾਨ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਰਹਿਤ ਮਰਿਆਦਾ, ਪੰਜ ਬਾਣੀਆਂ, ਪੰਜ ਤਖਤ ਅਤੇ ਪੰਜ ਪਿਆਰਿਆਂ ਬਾਰੇ ਵੀ ਸਾਨੂੰ ਜਾਣਕਾਰੀ ਮਿਲਦੀ ਹੈ।

ਚਿੱਤਰਾਂ ਸਹਿਤ ਪ੍ਰਕਾਸ਼ਿਤ ਕੀਤੀ ਪੁਸਤਕ 'ਦਸ ਪਾਤਸ਼ਾਹੀਆਂ' ਸਾਨੂੰ ਇਮਾਨਦਾਰੀ ਨਾਲ ਕਿਰਤ ਕਰਨ ਦਾ ਉਪਦੇਸ਼ ਦਿੰਦੀ ਹੈ। ਨੈਤਿਕ ਕਦਰਾਂ ਕੀਮਤਾਂ ਦਾ ਪੱਲਾ ਘੁੱਟ ਕੇ ਫੜੀ ਰੱਖਣ ਲਈ ਵੀ ਤਿਆਰ ਕਰਦੀ ਹੈ। ਸਭ ਨਾਲ ਪਿਆਰ ਮੁਹੱਬਤ ਕਰਨੀ ਅਤੇ ਅਨਿਆਂ ਵਿਰੁੱਧ ਡਟਣਾ ਸਾਡਾ ਕਿਰਦਾਰ ਹੋਣਾ ਚਾਹੀਦਾ ਹੈ। ਜਾਤਾਂ ਪਾਤਾਂ ਅਤੇ ਮਜ਼੍ਹਬਾਂ ਤੋਂ ਉੱਪਰ ਉੱਠ ਕੇ ਇਨਸਾਨੀਅਤ ਤੇ ਖੜੇ ਹੋਣ ਦੀ ਜੁਰਅਤ ਕਰਨੀ ਚਾਹੀਦੀ ਹੈ। ਗੁਰੂ ਅਰਜਨ ਦੇਵ ਜੀ ਨੇ 1604 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਪੂਰੀ ਮਨੁੱਖਤਾ ਲਈ ਇਕ ਅਜਿਹਾ ਗ੍ਰੰਥ ਸਿਰਜਿਆ ਜਿਸ ਨੂੰ ਇਲਾਹੀ ਬਾਣੀ ਕਰਕੇ ਸਤਿਕਾਰਿਆ ਜਾਂਦਾ ਹੈ। ਸਭ ਧਰਮਾਂ ਅਤੇ ਜਾਤਾਂ ਦੇ ਗੁਰ ਸਾਹਿਬਾਨ, ਸੰਤਾਂ ਅਤੇ ਭਗਤਾਂ ਦੀ ਬਾਣੀ ਨੂੰ ਇਸ ਵਿੱਚ ਸ਼ਾਮਿਲ ਕਰਕੇ ਸਮਾਨਤਾ ਦਾ ਉਪਦੇਸ਼ ਦਿੱਤਾ ਗਿਆ। ਇਸ ਵਿੱਚ ਗੁਰੂ ਨਾਨਕ ਦੇਵ ਜੀ ਦੇ 974 ਸ਼ਬਦ ਗੁਰੂ ਅੰਗਦ ਜੀ ਦੇ 63 ਸ਼ਬਦ, ਗੁਰੂ ਅਮਰਦਾਸ ਜੀ ਦੇ 907 ਸ਼ਬਦ, ਗੁਰੂ ਰਾਮਦਾਸ ਜੀ ਦੇ 679 ਸ਼ਬਦ, ਗੁਰੂ ਅਰਜਨ ਦੇਵ ਜੀ ਦੇ 2218 ਸ਼ਬਦ ਅਤੇ ਹੋਰਨਾਂ 15 ਹਿੰਦੂ ਅਤੇ ਮੁਸਲਮਾਨ ਭਗਤਾਂ ਦੇ ਸ਼ਬਦ ਵੀ ਸ਼ਾਮਿਲ ਕੀਤੇ ਗਏ। 11 ਭੱਟ, ਦੋ ਰਬਾਬੀ ਸੱਤਾ ਤੇ ਬਲਵੰਡ ਜੀ ਦੋ ਗੁਰਸਿੱਖ ਸੁੰਦਰ ਜੀ ਅਤੇ ਮਰਦਾਨਾ ਜੀ ਦੀ ਬਾਣੀ ਵੀ ਦਰਜ ਕੀਤੀ ਗਈ ਹੈ।ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦਾ ਰੁਤਬਾ ਦੇਣ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਦੇ ਵੀ 116 ਸ਼ਬਦ 16 ਰਾਗਾਂ ਵਿੱਚ ਦਰਜ




ਕਰਵਾਏ। ਇਹ ਬੀੜ ਦਮਦਮਾ ਸਾਹਿਬ ਵਿਖੇ ਤਿਆਰ ਕਰਵਾਈ ਗਈ।

ਪੁਸਤਕ ਦੇ ਹਰ ਪੰਨੇ ਤੋਂ ਗੁਰਬਾਣੀ ਦੀ ਮਹਿਕ ਆਉਂਦੀ ਹੈ। ਇਹ ਪੁਸਤਕ ਸਰਲ ਸਪਸ਼ਟ ਅਤੇ ਸੰਖੇਪ ਹੋਣ ਕਰਕੇ ਸਭ ਪਾਠਕਾਂ ਦੇ ਦਿਲ ਦੀਆਂ ਗਹਿਰਾਈਆਂ ਤੱਕ ਲੈ ਜਾਂਦੀ ਹੈ। ਲੇਖਕ ਨੇ ਇਤਿਹਾਸਕ ਘਟਨਾਵਾਂ ਨੂੰ ਕੁੱਜੇ ਵਿੱਚ ਸਮੁੰਦਰ ਵਾਂਗ ਬੰਦ ਕਰਨ ਦਾ ਉਪਰਾਲਾ ਕੀਤਾ ਹੈ। ਇਸ ਪੁਸਤਕ ਦੇ ਪਾਠ ਨਾਲ ਸਾਡੇ ਅੰਦਰ ਨਵੀਆਂ ਪ੍ਰੇਰਨਾਵਾਂ ਉਪਜਦੀਆਂ ਹਨ। ਪੁਸਤਕ ਦਾ ਅਸਲ ਮਨੋਰਥ ਸਾਨੂੰ ਸਿੱਖੀ ਸਿਧਾਂਤਾਂ ਨਾਲ ਜੋੜ ਕੇ ਪੂਰੀ ਮਾਨਵਤਾ ਦੇ ਭਲੇ ਲਈ ਤਿਆਰ ਕਰਨਾ ਹੈ। ਅਜੋਕੇ ਸਮੇਂ ਜੇਕਰ ਅਸੀਂ ਦੁਸ਼ਵਾਰੀਆਂ ਦੇ ਸ਼ਿਕਾਰ ਹਾਂ ਤਾਂ ਉਸਦਾ ਮੁੱਖ ਕਾਰਨ ਗੁਰੂ ਸਾਹਿਬਾਨ ਦੁਆਰਾ ਦਿਤੇ ਉਪਦੇਸ਼ਾਂ ਤੇ ਨਾ ਚੱਲਣ ਕਰਕੇ ਹੀ ਹੈ। ਇਸ ਤਰਾਂ ਇਹ ਪੁਸਤਕ ਹਰ ਕਿਸੇ ਨੂੰ ਆਪਣੇ ਅਸਲ ਨਾਲ ਜੁੜਨ ਦਾ ਅਭਿਆਸ ਕਰਵਾਉਂਦੀ ਹੋਈ ਸੱਚਾ ਸੁੱਚਾ ਜੀਵਨ ਜਿਉਣ ਦਾ ਸੰਦੇਸ਼ ਵੀ ਦਿੰਦੀ ਹੈ। ਤਰਲੋਚਨ ਸਿੰਘ ਦੇ ਇਸ ਉਪਰਾਲੇ ਦੀ ਸਲਾਘਾ ਕਰਨੀ ਬਣਦੀ ਹੈ।

# ਪੁਸਤਕ ਸਮੀਖਿਆ

**ਪੁਸਤਕ : ਮੋਹ ਦੀਆਂ ਰਿਸ਼ਮਾਂ**
**(ਕਾਵਿ ਸੰਗ੍ਰਹਿ)**
**ਰੀਵਿਊਕਾਰ ਹਰਦੇਵ ਜੱਜ (ਯੂ।ਐਸ।ਏ)**
**253-576-8637**
**ਲੇਖਕ: ਰਬਿੰਦਰ ਸ਼ਰਮਾ**
**ਪੰਨੇ : 134 ਮੁੱਲ : 180/-**
**ਪ੍ਰਕਾਸ਼ਕ: ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ।**

"ਮੋਹ ਦੀਆਂ ਰਿਸ਼ਮਾਂ " ਰਬਿੰਦਰ ਸ਼ਰਮਾ ਦਾ ਪਲੇਠਾ ਕਾਵਿ ਸੰਗ੍ਰਹਿ ਹੈ । ਰਬਿੰਦਰ ਸ਼ਰਮਾ ਨਾਲ ਮੇਰੀਸਾਂਝ ਉਦੋਂ ਤੋਂ ਹੈ ਜਦੋਂ ਦੀ ਅਸੀਂ ਸੁਰਤ ਸੰਭਾਲੀ ਹੈ। ਇਕੱਠਿਆਂ ਗੁੱਲੀ-ਡੰਡਾ ਅਤੇ ਲੁਕਣ-ਮੀਚੀ ਖੇਲ ਕੇਆਪਣੇ 2 ਮੁਕਾਮ ਤੇ ਪਹੁੰਚੇ ਹਾਂ । ਬਚਪਨ ਤੋਂ ਜਦੋਂ ਦਾ ਹੱਥ ਫੜਿਆ ਮੇਰੇ




ਅਮਰੀਕਾ ਆਉਣ ਤੋਂ ਬਾਅਦਹੋਰ ਮਜ਼ਬੂਤ ਹੁੰਦਾ ਗਿਆ। ਇੱਥੋਂ ਤੱਕ ਕਿ ਕਿਸੇ ਦਰਿਆ ਨੂੰ ਹੱਥਾਂ ਦੇ ਜੁੜਿਆਂ ਨਿਕਲਣ ਦੀ ਰਾਹ ਮਿਲਸਕੀ ।ਜਿਸ ਰਬਿੰਦਰ ਨੂੰ ਮੈਂ ਜਾਣਦਾ ਸੀ, ਮੈਨੂੰ ਇਹ ਪਤਾ ਹੀ ਨਹੀਂ ਸੀ ਕਿ ਕੋਈ ਕਵੀ ਆਪਣੇ ਅੰਦਰਐਨੇ ਜਜ਼ਬੇ ਸਮੋਈ ਬੈਠਾ ਹੈ । ਜਦੋਂ ਇਸ ਦੀਆਂ ਕਵਿਤਾਵਾਂ "ਨਵਾਂ ਜ਼ਮਾਨਾ" ਵਿੱਚ ਛਪਣੀਆਂ ਸ਼ੁਰੂਹੋਈਆਂ ਤਾਂ ਪਤਾ ਲੱਗਿਆ ਕਿ ਉਸ ਵਿੱਚ ਕਾਵਿ ਦੀ ਛੁਪੀ ਹੋਈ ਸ਼ਖ਼ਸੀਅਤ ਹੈ। ਫਿਰ ਇੱਕ ਤੋਂ ਬਾਦਇੱਕ-ਇੱਕ ਕਰਕੇ ਕਵਿਤਾਵਾਂ "ਦੇਸ਼ ਦੁਆਬਾ" ਅਤੇ ਕਈ ਅਖਬਾਰਾਂ ਵਿੱਚ ਛਪੀਆਂ ਅਤੇ ਹੁਣਸੰਕਲਿਤ ਹੋ ਕੇ ਕਿਤਾਬ "ਮੋਹ ਦੀਆਂ ਰਿਸ਼ਮਾਂ" ਦੇ ਰੂਪ ਵਿੱਚ ਆਈ ਹੈ। ਇਨ੍ਹਾਂ ਕਵਿਤਾਵਾਂ ਨੂੰ ਪੜ੍ਹ ਕੇ ਮਹਿਸੂਸ ਹੋਇਆ ਕਿ ਸਾਨੂੰ ਇੱਕ ਹੋਰ ਸੱਚ ਤੇ ਸਹੀ ਸੋਚ ਦਾ ਧਾਰਨੀ ਤੇ ਵਿਦਰੋਹੀ ਸੁਰ ਦਾ ਕਵੀ ਮਿਲ ਗਿਆ ਹੈ। ਜੋ ਕਿ ਬਹੁਤ ਖੁਸ਼ੀ ਦੀ ਗੱਲ ਹੈ। "ਗਣਤੰਤਰ" ਕਵਿਤਾ (ਪੰਨਾ 20-21) ਦੀਆਂ ਹੇਠਲੀਆਂ ਸਤਰਾਂ ਵਿੱਚੋਂ ਸਾਫ ਜ਼ਾਹਰ ਹੈ ਕਿ ਅੱਜ ਦੇਹਾਲਾਤ 75-80 ਸਾਲ ਦੇ ਬਾਅਦ ਵੀ ਸੁਧਰਨ ਦਾ ਨਾਂ ਨਹੀਂ ਬਲਕਿ ਧਰਮਾਂ ਦੇ ਨਾਂ ਤੇ ਵੰਡੀਆਂ ਪਾ ਕੇਦੇਸ਼ ਦਾ ਭੱਠਾ ਬਿਠਾ ਦਿੱਤਾ ਗਿਆ।

ਜਾਤ-ਪਾਤ ਤੇ ਧਰਮਾਂ ਦੀ ਵੰਡ,
ਕਿਉਂ ਅਜੇ ਵੀ ਲਾਂਬੂ ਲਾਉਂਦੀ ਏ?
ਰਿਸ਼ਵਤਖੋਰੀ, ਹੇਰਾ-ਫੇਰੀ, ਚਾਪਲੂਸੀ,
ਕਿਉਂ ਅਜੇ ਵੀ ਜਸ਼ਨ ਮਨਾਉਂਦੀ ਏ?

"ਵਤਨ ਦੀਏ ਮਿਟੀਏ ਨੀ" ਕਵਿਤਾ (ਪੰਨਾ 37-38) ਆਪਣੇ ਵਤਨ ਤੋਂ ਮਜਬੂਰੀਆਂ ਕਰਕੇ ਛੱਡ ਕੇਆਏ ਸਾਡੇ ਵਰਗੇ ਲੋਕਾਂ ਦੀ ਮਜਬੂਰੀ ਤੇ ਆਪਣੀ ਜਨਮ ਭੂਮੀ ਦੇ ਧਰਾਤਲੀ ਹਾਲਾਤ ਨੂੰ ਬਹੁਤ ਖ਼ੂਬੀਨਾਲ ਪੇਸ਼ ਕਰਦੀ ਹੈ।

ਮੈਂ ਰਬਿੰਦਰ ਸ਼ਰਮਾਂ ਦੀ ਤੁਲਨਾ ਹੋਰ ਕਿਸੇ ਕਵੀ ਨਾਲ ਨਹੀਂ ਕਰਦਾ ਪਰ ਫਿਰ ਵੀ ਇਸ ਦੀਆਂਕਵਿਤਾਵਾਂ ਵਿੱਚੋਂ ਲੋਕਾਂ ਦਾ ਦਰਦ, ਲੋਕਾਂ ਦੀਆਂ ਮੁਸ਼ਕਲਾਂ ਤੇ ਹੋ ਰਹੀ ਬੇਇਨਸਾਫ਼ੀ ਦੀ ਝਲਕ ਵੇਖ ਕੇਮੈਨੂੰ ਸਵਃ ਸੰਤ ਰਾਮ ਉਦਾਸੀ ਜੀ ਦੀ ਯਾਦ ਆਉਂਦੀ ਹੈ।

ਬਲਬਲੇ ਤਕਰੀਬਨ ਸਭ ਦੇ ਮਨਾਂ ਵਿੱਚ ਫੁੱਟਦੇ ਹਨ ਪਰ ਇਨ੍ਹਾਂ ਨੂੰ ਸ਼ਬਦ ਲੱਭ ਕੇ ਪਰੋਣਾ ਕੁਝਖੁਸ਼-ਕਿਸਮਤਾਂ ਨੂੰ ਮਿਲਦਾ ਹੈ। ਰਾਤ ਬਰਾਤੇ ਤੁਰ ਕੇ ਸਵੇਰ ਤੱਕ ਸ਼ਬਦਾਂ ਨੂੰ ਸ਼ਬਦਾਂ ਵਿੱਚੋਂ ਚੁਣ ਕੇ ਉਸਨੂੰਕਵਿਤਾ ਦਾ ਰੂਪ ਦੇਣਾ ਤਾਂ ਇੰਜ ਹੁੰਦਾ ਹੈ ਜਿਵੇਂ ਕੋਈ ਮੁਟਿਆਰ ਰੰਗ ਬਰੰਗਿਆਂ ਧਾਗਿਆਂ ਵਿੱਚੋਂਮਨ-ਭਾਉਂਦੇ ਰੰਗ ਚੁਣਕੇ ਆਪਣੇ ਵਿਆਹ ਲਈ ਫੁਲਕਾਰੀ ਕੱਢੇ। ਇਸੇ ਤਰਾਂ ਰਬਿੰਦਰ ਦੀਆਂ ਕਵਿਤਾਵਾਂ ਵਿੱਚ ਖ਼ਿਆਲਾਂ ਤੇ ਅਹਿਸਾਸਾਂ ਦੀ ਮੌਲਿਕਤਾ (Orignailty) ਹੈ। ਇਨ੍ਹਾਂ ਕਵਿਤਾਵਾਂ ਵਿੱਚ ਆਸ਼ਾਵਾਦੀ ਝਲਕ ਸ਼ਾਫ ਦਿਸਦੀ ਹੈ ਅਤੇ ਉਹ ਹੱਕਾਂ ਲਈ ਸੰਘਰਸ਼ ਕਰਦੇ ਰਹਿਣ ਨੂੰ ਪ੍ਰੇਰਿਤ ਹਨ।

ਇਸ ਦੀਆਂ ਕੁਝ ਕਵਿਤਾਵਾਂ ਜ਼ਿੰਦਗੀ ਦੇ ਸੋਹਣੇ ਰਿਸ਼ਤਿਆਂ ਤੇ ਸਮਾਜਿਕ, ਆਰਥਿਕ ਤੇ ਰਾਜਨੀਤਕ ਪ੍ਰਸੰਗਾਂ ਨੂੰ ਦਰਸਾਉਂਦੇ ਹੋਏ ਵਿਸ਼ਲੇਸ਼ਣ ਕਰਦੀਆਂ ਹਨ ।ਕੁਝ ਕਵਿਤਾਵਾਂ ਨਿੱਜੀ, ਮੁਲਵਾਨ ਤੇ ਕੁਝ ਗ਼ਜ਼ਲ ਨੁਮਾ ਹਨ। ਇਹ ਕਿਤਾਬ ਬਹੁਤ ਹੀ ਸਧਾਰਨ, ਸਰਲ ਭਾਸ਼ਾ ਤੇ ਆਮ ਲੋਕਾਂ ਨੂੰ ਸੁਨੇਹਾ ਦੇਣ ਵਾਲੀ ਹੈ।

ਅੰਤ ਵਿੱਚ ਰਬਿੰਦਰ ਸ਼ਰਮਾਂ ਨੂੰ ਇਸ ਕਾਵਿ ਸੰਗ੍ਰਹਿ ਦੀਆਂ ਬਹੁਤ-ਬਹੁਤ ਮੁਬਾਰਕਾਂ ਤੇ ਅਗਲੇ ਕਾਵਿ-ਸੰਗ੍ਰਹਿ ਦੀ ਉਡੀਕ ਵਿੱਚ।

# ਆਓ ਗੀਤਾਂ ਦੇ ਵਣਜਾਰੇ ਅਮਰ ਕਲਮ ਚਤਰ ਸਿੰਘ ਪਰਵਾਨਾ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰੀਏ

**ਵੈਨਕੂਵਰ (ਕੁਲਦੀਪ ਚੁੰਬਰ)**-ਬਲਦੀ ਹੋਈ ਸ਼ਮਾਂ ਵੱਲ ਆਕਰਸ਼ਿਤ ਹੋ ਉਸ ਦਾ ਆਸ਼ਕ ਬਣ ਉਸਤੇ ਮਰ ਮਿਟਣ ਵਾਲੇ ਨੂੰ ਪਰਵਾਨਾ ਕਹਿੰਦੇ ਹਨ। ਪਰਵਾਨਾ ਤਖੱਲਸ ਆਪਣੇ ਆਪ ਵਿੱਚ ਇੱਕ ਸੰਪੂਰਨ ਆਸ਼ਕ ਦਾ ਦਰਜਾ ਹੈ। ਪਰਵਾਨਾ ਹੋਵੇ ਤੇ ਉਸਦਾ ਇਸ਼ਕ ਅਧੂਰਾ ਰਹਿ ਜਾਵੇ ਇਹ ਕਦੇ ਹੋ ਹੀ ਨਹੀਂ ਸਕਦਾ। ਆਪਣੇ ਇਸ਼ਕ ਵਿੱਚ ਸਿਰ ਧੜ ਦੀ ਬਾਜੀ ਲਾਉਣ ਵਾਲੇ ਆਸ਼ਕ ਨੂੰ ਹੀ ਪਰਵਾਨੇ ਦਾ ਦਰਜਾ ਮਿਲਦਾ। ਅੱਜ ਜਿਸ ਪਰਵਾਨੇ ਦੀ ਗੱਲ ਕਰਨ ਜਾ ਰਿਹਾ ਹਾਂ ਉਹ ਪਰਵਾਨਾ ਪੰਜਾਬੀ ਗੀਤਕਾਰੀ ਦੀ ਇੱਕ ਵਿਲੱਖਣ ਸ਼ਖਸੀਅਤ ਪਰਵਾਨਾ ਸੀ। ਜਿਸ ਨੂੰ ਪੰਜਾਬੀ ਗੀਤਕਾਰੀ ਦੇ ਖੇਤਰ ਵਿੱਚ ਚਤਰ ਸਿੰਘ ਪਰਵਾਨਾ ਦੇ ਨਾਮ ਨਾਲ ਦੁਨੀਆਂ ਨੇ ਜਾਣਿਆ ਉਸ ਦੇ ਲਿਖੇ ਗੀਤਾਂ ਨੂੰ ਉਸ ਸਮੇਂ ਦੇ ਚੋਟੀ ਦੇ ਗਾਇਕਾਂ ਨੇ ਰੱਜ ਕੇ ਗਾਇਆ ਅਤੇ ਖੂਬ ਨਾਮਣਾ ਖੱਟਿਆ। ਚਤਰ ਸਿੰਘ ਪਰਵਾਨਾ ਦੇ ਲਿਖੇ ਅਣਗਿਣਤ ਹਿੱਟ ਗੀਤ ਤਵਿਆਂ ਰੀਲਾਂ ਕੈਸਟਾਂ ਤੇ ਇੰਝ ਵੱਜੇ ਜਿਵੇਂ ਕੁਦਰਤ ਨੇ ਉਹਨਾਂ ਨੂੰ ਇਹ ਖੁੱਲੀ ਛੁੱਟੀ ਦੇ ਦਿੱਤੀ ਹੋਵੇ ਕਿ ਜਾਓ ਤੇ ਅਜੋਕੇ ਸੰਗੀਤ ਦੇ ਸਮੇਂ ਤੇ ਰਾਜ ਕਰੋ । ਝੱਲ ਬਲੱਲੀ ਫਕੀਰਾਂ ਵਰਗੀ ਮਸਤੀ ਦਾ ਨਿੱਘ ਮਾਨਣ ਵਾਲਾ ਇਹ ਪੰਜਾਬੀ ਗੀਤਕਾਰ ਬੇਸ਼ੱਕ ਗੁਰਬਤ ਦੀ ਜ਼ਿੰਦਗੀ ਜਿਉਂਦਾ ਆਪਣੇ ਆਖਰੀ ਸਾਹ ਤਿਆਗ ਕੇ ਪੰਜ ਤੱਤਾਂ ਵਿੱਚ ਵਲੀਨ ਹੋ ਗਿਆ ,ਪਰ ਉਸ ਦੀ ਲਿਖਤ ਹਮੇਸ਼ਾ ਸਮੇਂ ਵਿੱਚ ਕਬੂਲੀ ਜਾਂਦੀ ਰਹੇਗੀ ਅਤੇ ਉਸ ਨੂੰ ਕਦੇ ਵੀ ਪੰਜਾਬੀ ਗੀਤਕਾਰੀ ਦੇ ਖੇਤਰ ਵਿੱਚ ਮਨਫੀ ਨਹੀਂ ਕੀਤਾ ਜਾ ਸਕਦਾ। ਕਈ ਵਾਰ ਮੇਲਿਆਂ ਦੇ ਬਾਬਾ ਬੋਹੜ ਸਵ। ਸਰਦਾਰ ਜਗਦੇਵ ਸਿੰਘ ਜੱਸੋਵਾਲ ਕੋਲ ਲੁਧਿਆਣੇ ਜਾਣ ਦਾ ਮੌਕਾ ਮਿਲਿਆ, ਜਿਨਾਂ ਨੇ ਅਨੇਕਾਂ ਵਾਰ ਪੁਰਾਣੇ ਸਾਰੇ ਕਲਾਕਾਰਾਂ ਨਾਲ ਮੇਰੀਆਂ ਮੁਲਾਕਾਤਾਂ ਕਰਵਾਈਆਂ, ਉਹਨਾਂ ਨੇ ਕਈ ਵਾਰ ਜ਼ਿਕਰ ਕੀਤਾ ਕਿ ਆਪਾਂ ਕਦੇ ਸਮਾਂ ਲੱਗਿਆ ਪਰਵਾਨੇ ਕੋਲ ਵੀ ਜਾ ਕੇ ਆਉਣਾ ਪਰ ਸਬੱਬ ਹੀ ਨਾ ਬਣ ਸਕਿਆ । ਮੇਰੀ ਮੁਲਾਕਾਤ ਚਤਰ ਸਿੰਘ ਪਰਵਾਨਾ ਜੀ ਦੇ ਨਾਲ ਇੰਟਰਨੈਸ਼ਨਲ ਸ਼ਾਮ ਚੁਰਾਸੀ ਦੇ ਸੰਗੀਤਕ ਮੇਲੇ ਵਿੱਚ ਬਾਬਾ ਸ਼ਾਮੀ ਸ਼ਾਹ ਜੀ ਦੇ ਦਰਬਾਰ ਵਿੱਚ ਮੰਚ ਤੇ ਹੋਈ । ਜਿੱਥੇ ਉਹਨਾਂ ਨੂੰ ਰੂਬਰੂ ਕਰਾਉਣ ਦਾ ਮੈਨੂੰ ਐਂਕਰਿੰਗ ਦੌਰਾਨ ਮੌਕਾ ਮਿਲਿਆ। ਇਸ ਮੁਲਾਕਾਤ ਲਈ ਮੈਂ ਹਮੇਸ਼ਾ ਵੱਡੇ ਵੀਰ ਤਰਲੋਚਨ ਲੋਚੀ, ਸੁਰਿੰਦਰ ਸੇਠੀ ਲੁਧਿਆਣਾ ਦਾ ਧੰਨਵਾਦੀ ਰਹਾਂਗਾ। ਇਸ ਮੁਲਾਕਾਤ ਦੌਰਾਨ ਮੈਂ ਉਹਨਾਂ ਨਾਲ ਕੁਝ ਯਾਦਗਾਰੀ ਤਸਵੀਰਾਂ ਵੀ ਖਿੱਚੀਆਂ, ਜੋ ਮੇਰੀ ਯਾਦ ਦਾ ਸਰਮਾਇਆ ਹਨ। ਇਸ ਦੌਰਾਨ ਪਰਵਾਨਾ ਜੀ ਦੇ ਨਾਲ ਵਿਸ਼ੇਸ਼ ਤੌਰ ਤੇ ਲੁਧਿਆਣੇ ਤੋਂ ਆਈ ਸਵਰਗੀ ਅਮਰ ਸਿੰਘ ਚਮਕੀਲਾ ਜੀ ਦੀ ਸਹਿਯੋਗੀ ਗਾਇਕਾ ਸੁਰਿੰਦਰ ਸੋਨੀਆ ਨਾਲ ਵੀ ਮੁਲਾਕਾਤ ਕਰਨ ਦਾ ਮੌਕਾ ਮਿਲਿਆ। ਇਹ ਦੋਨੋਂ ਕਲਾਕਾਰਾਂ ਨੂੰ ਜਿੱਥੇ ਵਡਮੁੱਲਾ ਸਨਮਾਨ ਦੇ ਕੇ ਮੰਚ ਤੇ ਸਨਮਾਨਿਤ ਕੀਤਾ ਗਿਆ, ਉਥੇ ਹੀ ਇਹਨਾਂ ਦੀ ਗਾਇਕੀ ਦਾ ਪ੍ਰਦਰਸ਼ਨ ਕਰਵਾਉਣ ਲਈ ਮੇਰੇ ਵੱਲੋਂ ਮੰਚ ਸੰਚਾਲਨਾ ਦੀ ਭੂਮਿਕਾ ਅਦਾ ਕੀਤੀ ਗਈ । ਜਦੋਂ ਚਤਰ ਸਿੰਘ ਪਰਵਾਨਾ ਨੇ ਆਪਣਾ ਪ੍ਰੋਗਰਾਮ ਸ਼ੁਰੂ ਕੀਤਾ ਤਾਂ ਉਸ ਨੇ ਇੱਕ ਮਿੰਟ ਵਿੱਚ ਹੀ




ਆਪਣੇ ਅਣਗਿਣਤ ਹਿੱਟ ਗੀਤਾਂ ਦੇ ਮੁੱਖੜੇ ਸੁਣਾ ਕੇ ਲੋਕਾਂ ਨੂੰ ਸ਼ਰਸ਼ਾਰ ਕਰ ਦਿੱਤਾ ਅਤੇ ਲੋਕ ਇਸ ਸਧਾਰਨ ਜਿਹੇ ਕਲਾਕਾਰ ਦੀ ਕਲਮ ਤੋਂ ਨਿਕਲੇ ਐਨੇ ਹਿੱਟ ਗੀਤ ਸੁਣ ਕੇ ਹੱਕੇ ਬੱਕੇ ਰਹਿ ਗਏ । ਪਰਵਾਨਾ ਜੀ ਦੀ ਸਟੇਜੀ ਚੁਸਤੀ ਫੁਰਤੀ ਅਤੇ ਉਨਾਂ ਦੀ ਪਗੜੀ ਬੰਨਣ ਦਾ ਵੱਖਰਾ ਸਟਾਈਲ ਹਮੇਸ਼ਾ ਸਰੋਤਿਆਂ ਵਿੱਚ ਖਿੱਚ ਦਾ ਕੇਂਦਰ ਬਣਿਆ ਰਹਿੰਦਾ । ਜ਼ਿੰਦਗੀ ਵਿੱਚ ਪਰਵਾਨਾ ਜੀ ਨਾਲ ਇੱਕੋ ਵਾਰ ਮੁਲਾਕਾਤ ਹੋਈ ਜੋ ਮੇਰੇ ਲਈ ਯਾਦ ਦਾ ਸਰਮਾਇਆ ਹੈ। ਸੱਚਮੁੱਚ ਉਹ ਅਲਬੇਲਾ ਫਕੀਰ ਗੀਤਕਾਰ ਸੀ। ਜਿਸ ਨੇ ਆਪਣਾ ਜੀਵਨ ਤੰਗੀਆਂ ਤੁਰਸੀਆਂ ਨੂੰ ਝੇਲਦਿਆਂ ਬਤੀਤ ਕਰ ਲਿਆ ,ਪਰ ਅਫ਼ਸੋਸ ਕਿ ਕਿਸੇ ਨੇ ਵੀ ਉਸ ਦੀ ਪੰਜਾਬੀ ਸੰਗੀਤ ਜਗਤ ਵਿੱਚ ਵਸਦੇ ਅਣਗਿਣਤ ਕਲਾਕਾਰਾਂ ਵਿੱਚੋਂ ਸਾਰ ਨਹੀਂ ਲਈ, ਸ਼ਾਇਦ ਇਸ ਲਈ ਕਿ ਉਹ ਗੁਰਬਤ ਭਰੀ ਜਿੰਦਗੀ ਬਤੀਤ ਕਰ ਰਿਹਾ ਹੈ। ਹਾਂ ਇੱਕ ਗੱਲ ਹੋਰ ਜੇ ਕੋਈ ਸਰਦਾ ਪੁੱਜਦਾ ਗੀਤਕਾਰ ਹੁੰਦਾ ਤਾਂ ਸ਼ਾਇਦ ਉਸ ਦੇ ਪਿੱਛੇ ਸਾਰੇ ਸਪੋਰਟ ਲਈ ਖੜਦੇ। ਸੱਚਮੁੱਚ ਅਸੀਂ ਜਿਉਂਦੇ ਜੀਅ ਕਿਸੇ ਦੀ ਕਦਰ ਨਹੀਂ ਕਰਦੇ, ਮਰਿਆਂ ਨੂੰ ਮੋਢਿਆਂ ਤੇ ਚੁੱਕ ਲੈਂਦੇ ਹਾਂ। ਜਿਨ੍ਹਾਂ ਲੋਕਾਂ ਨੇ ਪਰਵਾਨਾ ਜੀ ਦੇ ਅੰਤਲੇ ਸਮੇਂ ਉਹਨਾਂ ਦਾ ਸਾਥ ਦਿੱਤਾ ਦੇਖਭਾਲ ਕੀਤੀ ਮਾਲੀ ਮਦਦ ਕੀਤੀ ਉਹਨਾਂ ਦਾ ਵੀ ਵਿਸ਼ੇਸ਼ ਤੌਰ ਤੇ ਧੰਨਵਾਦ ਹੈ, ਡਾਇਰੈਕਟਰ ਚੋਪੜਾ ਜੀ ਨੇ ਉਹਨਾਂ ਨੂੰ ਭਰ ਉਮਰ ਪੈਨਸ਼ਨ ਦੇ ਕੇ ਨਿਵਾਜਿਆ ਜੋ ਆਪਣੇ ਆਪ ਵਿੱਚ ਵੱਡੀ ਗੱਲ ਹੈ। ਪਰਵਾਨਾ ਜੀ ਤੁਹਾਡੀ ਕਲਮ ਨੂੰ ਸਜਿਦਾ ਕਰਦਾ, ਤੁਹਾਨੂੰ ਆਪਣੇ ਸਮੁੱਚੇ ਸੰਗੀਤ ਜਗਤ ਵਲੋਂ ਸੱਚੀ ਸ਼ਰਧਾਂਜਲੀ ਭੇਂਟ ਕਰਦਾ ਹਾਂ ਅਤੇ ਪਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਕਰਦਾ ਹਾਂ ਕਿ ਤੁਹਾਡੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।

# ਪੁਸਤਕ ਸਮੀਖਿਆ ਸੁਪਨਿਆਂ ਦੀ ਧਰਤੀ ਕੈਨੇਡਾ (ਸਫਰਨਾਮਾ)

**ਲੇਖਕ: ਡਾ. ਸੰਦੀਪ ਘੰਡ 91-94782-31000**
**ਪ੍ਰਕਾਸਨ ਸੁਮਿਤ ਪ੍ਰਕਾਸ਼ਨ (ਬ੍ਰਾਚ ਚੇਤਨਾ ਪ੍ਰਕਾਸ਼ਨ) ਲੁਧਿਆਣਾ।**
**ਕੀਮਤ: 250 ਰੁਪਏ**

ਸੁਮਿਤ ਪ੍ਰਕਾਸ਼ਨ ਲੁਧਿਆਣਾ (ਬ੍ਰਾਚ ਚੇਤਨਾ ਪ੍ਰਕਾਸ਼ਨ) ਵੱਲੋਂ ਪ੍ਰਕਾਸ਼ਿਤ ਕਿਤਾਬ ਸੁਪਨਿਆਂ ਦੀ ਧਰਤੀ ਕੈਨੇਡਾ (ਸਫਰਨਾਮਾ) ਡਾ ਸੰਦੀਪ ਘੰਡ ਵੱਲੋਂ ਲਿਖੀ ਗਈ ਹੈ ਜੋ ਦੇਖਣ ਵਿੱਚ ਲੇਖਕ ਵਾਂਗ ਸੁੰਦਰ ਲੱਗਦੀ। ਪੜਨ ਤੋਂ ਬਾਅਦ ਇਹ ਸਪੱਸ਼ਟ ਹੋ ਜਾਦਾਂ ਕਿ ਇਹ ਲੇਖਕ ਦੀ ਸੋਚ ਵਾਂਗ ਸਧਾਰਣ ਅਤੇ ਸਪੱਸ਼ਟ ਵੀ ਹੈ। ਇਸ ਸਫ਼ਰਨਾਮੇ ਵਿੱਚ ਲੇਖਕ ਨੇ ਬਹੁਤ ਹੀ ਜ਼ਿਆਦਾ ਮਿਹਨਤ ਅਤੇ ਮੁਸ਼ੱਕਤ ਨਾਲ ਉੱਤਰੀ ਅਮਰੀਕਾ ਮਹਾਂਦੀਪ ਵਿੱਚ ਸਾਮਿਲ ਦੇਸ਼ ਕੈਨੇਡਾ ਦੀ ਧਰਤੀ ਦੇ ਕਿਊਬਕ ਅਤੇ ਉਟਾਰੀਅਉ ਪ੍ਰਾਂਤਾਂ ਦੇ ਵੱਖ-ਵੱਖ ਸਥਾਨਾਂ ਬਾਰੇ ਮਹੱਤਵਪੂਰਨ ਜਾਣਕਾਰੀ ਪਾਠਕਾਂ ਦੇ ਸਨਮੁੱਖ ਕੀਤੀ ਹੈ।




ਲੇਖਕ ਦੀ ਲਿਖਣ ਦੀ ਸ਼ੈਲੀ ਗੈਰ-ਰਸਮੀ ਬਿਰਤਾਂਤ ਅਤੇ ਵਿਅਕਤੀਗਤ ਪ੍ਰਤੀਬਿੰਬ ਦਾ ਮਿਸ਼ਰਣ ਹੈ। ਇਹ ਸਪੱਸ਼ਟ ਹੈ ਕਿ ਲੇਖਕ ਆਪਣੇ ਨਿੱਜੀ ਤਜ਼ਰਬਿਆਂ ਅਤੇ ਨਿਰੀਖਣਾਂ ਨੂੰ ਸਾਂਝਾ ਕਰ ਰਿਹਾ ਹੈ।

ਮੇਰੀ ਸੰਦੀਪ ਨਾਲ ਬੜੀ ਪੁਰਾਣੀ ਸਾਂਝ ਹੈ, ਇਸ ਕਰਕੇ ਮੈਨੂੰ ਪੁਸਤਕ ਪੜ੍ਹਦਿਆਂ ਨਿੱਜੀ ਤੌਰ ਤੇ ਸਫ਼ਰਨਾਮੇ ਬਾਰੇ ਲੇਖਕ ਦੇ ਦੋ ਸ਼ਬਦ, ਧੰਨਵਾਦ ਅਤੇ ਖ਼ਾਸ ਕਰਕ "ਸਮਰਪਣ" ਨੇ ਬੜਾ ਪ੍ਰਭਾਵਤ ਤੇ ਭਾਵੁਕ ਕੀਤਾ। ਜਦੋਂ ਕੋਈ ਵੀ ਲੇਖਕ ਆਪਣੀ ਲੇਖਣੀ ਨੂੰ ਆਪਣੇ ਮਾਤਾ-ਪਿਤਾ ਜਾਂ ਪ੍ਰੀਵਾਰ ਦੇ ਕਿਸੇ ਮੈਂਬਰ ਨੂੰ ਸਮਰਿਪਤ ਕਰਦਾ ਤਾਂ ਉਹ ਲੇਖਕ ਦਾ ਭਾਵਨਾਤਮਕ ਅਤੇ ਸੰਵੇਦਨਸ਼ੀਲ ਹੋਣ ਦੀ ਗਵਾਹੀ ਭਰਦਾ ਹੈ। ਲੇਖਕ ਦੀ ਲਿਖਣ ਸ਼ੈਲੀ ਡੂੰਘੀ ਅਤੇ ਕੁਝ ਹੱਦ ਤੱਕ ਨਿੱਜੀ ਹੈ, ਕਿਉਂਕਿ ਉਹ ਕੈਨੇਡਾ ਵਿੱਚ ਆਪਣੀ ਯਾਤਰਾ ਅਤੇ ਜੀਵਨ ਬਾਰੇ ਆਪਣੇ ਅਨੁਭਵ ਅਤੇ ਪ੍ਰੀਵਾਰਾਂ ਨਾਲ ਪਾਈ ਸਾਂਝ ਦਾ ਜਿਕਰ ਕਰਦਾ ਹੈ।ਜਿਸ ਨਾਲ ਬਿਰਤਾਂਤ ਨੂੰ ਇੱਕ ਨਿੱਜੀ ਡਾਇਰੀ ਵਾਂਗ ਮਹਿਸੂਸ ਹੂੰਦਾ ਹੈ।

ਗੈਰ-ਰਸਮੀ ਭਾਸ਼ਾ ਵਰਤੀ ਗਈ ਭਾਸ਼ਾ ਸਰਲ ਅਤੇ ਸਿੱਧੀ ਹੈ, ਜਿਸ ਨਾਲ ਪਾਠਕਾਂ ਦੀ ਵੱਡੀ ਗਿਣਤੀ ਤੱਕ ਪਹੁੰਚ ਰੱਖਦੀ ਹੈ।ਲੇਖਕ ਨੇ ਗੁੰਝਲਦਾਰ ਭਾਸ਼ਾ ਤੋਂ ਪਰਹੇਜ ਕੀਤਾ ਜਿਸ ਕਾਰਣ ਇੱਕ ਨਵਾਂ ਪਾਠਕ ਵੀ ਸਮਝ ਸਕਦਾ ਹੈ।ਬੇਸ਼ਕ ਡਾ।ਘੰਡ ਦੀ ਲਿੱਖੀ ਇਹ ਪਹਿਲੀ ਪੁਸਤਕ ਹੈ ਪਰ ਪੂਰਾ ਸਫਰਨਾਮਾ ਉਸ ਦੇ ਪਰਪੱਕ ਲੇਖਕ ਦੀ ਗਵਾਹੀ ਭਰਦਾ ਹੈ।

ਲੇਖਕ ਕਦੇ-ਕਦਾਈਂ ਕੁਝ ਵਿਚਾਰਾਂ ਅਤੇ ਵਾਕਾਂ ਨੂੰ ਦੁਹਰਾਉਂਦਾ ਹੈ, ਜੋ ਪਾਠਕ ਨੂੰ ਰੜਕਦੀ ਹੈ ਪਰ ਲੱਗਦਾ ਲੇਖਕ ਉਹ ਸ਼ਬਦ ਜਾਂ ਘਟਨਾ ਦੀ ਮਹੱਤਤਾ ਕਾਰਨ ਕਰ ਰਿਹਾ ਹੈ।

ਲੇਖਕ ਵੱਲੋਂ ਸਫ਼ਰਨਾਮੇ ਵਿੱਚ ਦਰਜ ਕਿੰਗਸਟਨ ਦੇ ਪੁਰਾਤਨ ਜੇਲ, ਪਹਿਲੇ ਵਿਸ਼ਵ ਯੁੱਧ ਵਿੱਚ ਸ਼ਹੀਦ ਹੋਏ ਸਰਦਾਰ ਬੁੱਕਣ ਸਿੰਘ ਮਾਹਿਲਪੁਰ ਦਾ ਜਿਕਰ ਕਰਦਾ ਜੋ ਹੋ ਸਕਦਾ ਪਾਠਕਾਂ ਲਈ ਨਵਾਂ ਹੋਵੇ ਪਰ ਪੰਜਾਬੀਆਂ ਦੇ ਯੋਗਦਾਨ ਹਰ ਪਾਸੇ ਹੈ। ਨਿਆਗਰਾ ਫਾਲਜ਼, ਸੀ.ਐਨ. ਟਾਵਰ, ਹੈਨਰੀ ਫੋਰਟ ਦੀ ਪਰੇਡ ਅਤੇ ਕਿਊਬਕ ਸ਼ਹਿਰ ਦੀ ਸੁੰਦਰਤਾ ਦਾ ਵਿਵਰਣ ਪਾਠਕ ਨੂੰ ਆਨੰਦਤ ਕਰ ਦਿੰਦਾ। ਲੇਖਕ ਦਾ ਸ਼ਬਦ ਭੰਡਾਰ ਪ੍ਰਸਾਂਤ ਮਹਾਂਸਾਗਰ ਜਿਤਨਾ ਵਿਸ਼ਾਲ ਹੈ। ਕਿਤਾਬ ਪੜ੍ਹਦਿਆਂ ਮੈਨੂੰ ਮਹਿਸੂਸ ਹੋਇਆ ਕਿ ਜਿਵੇਂ ਮੈਂ ਸੰਦੀਪ ਦੇ ਨਾਲ ਹੀ ਤੁਰ ਰਿਹਾ ਹੋਵਾਂ।

ਸਿਰਫ ਸੈਰ-ਸਪਾਟੇ ਅਤੇ ਇਤਿਹਾਸਕ ਥਾਵਾਂ ਦੀ ਗੱਲ ਹੀ ਨਹੀਂ ਹੈ, ਬਲਕਿ ਲੇਖਕ ਨੇ ਉਥੇ ਦੀ ਸਮਾਜਿਕ ਜ਼ਿੰਦਗੀ, ਸੱਭਿਆਚਾਰ, ਖਾਣ-ਪੀਣ ਅਤੇ ਲੋਕਾਂ ਦੇ ਰਵਾਇਤੀ ਤਿਉਹਾਰਾਂ ਬਾਰੇ ਵੀ ਬਹੁਤ ਹੀ ਵਧੀਆਂ ਢੰਗ ਨਾਲ ਲਿਖਆ ਹੈ। ਇਹ ਸਾਰੀ ਜਾਣਕਾਰੀ ਪਾਠਕਾਂ ਨੂੰ ਕਨੇਡਾ ਦੀ ਧਰਤੀ ਨਾਲ ਗਹਿਰਾ ਰਿਸ਼ਤਾ ਬਣਾਉਣ ਵਿੱਚ ਮਦਦ ਕਰਦੀ ਹੈ। ਕਿਉਂਕਿ ਮੈਂ ਕਦੇ ਵੀ ਕਨੇਡਾ ਨਹੀਂ ਗਿਆ, ਇਸ ਪੁਸਤਕ ਨੇ ਮੈਨੂੰ ਉੱਥੇ ਦੀ ਸੈਰ ਕਰਵਾ ਦਿੱਤੀ।

ਅਸਲ ਵਿੱਚ ਕੈਨੇਡਾ ਦਾ ਪ੍ਰਵਾਸ ਸਾਡੇ ਬੱਚਿਆਂ ਦੀ ਪੜਾਈ ਕਾਰਨ ਹੋਇਆ ਅਤੇ ਲੇਖਕ ਨੇ ਵਿਦਿਆਰਥੀ ਜੀਵਨ ਦੇ ਹਰ ਪਹਿਲੂ ਉਹਨਾਂ ਨੂੰ ਆਉਦੀਆਂ ਮੁਸ਼ਕਿਲਾਂ ਅਤੇ ਸਖਤ ਮਿਹਨਤ ਨਾਲ ਸਫਲ ਹੋਏ ਪੰਜਾਬੀਆ ਦਾ ਜਿਕਰ ਬੱਚਿਆਂ ਨੂੰ ਉਤਸ਼ਾਹਿਤ ਕਰਦਾ ਹੈ। ਇਸ ਨਾਲ ਨਵੇਂ ਜਾ ਰਹੇ ਵਿਦਆਰਥੀਆਂ ਅਤੇ ਪ੍ਰਵਾਸੀਆਂ ਲਈ ਇਹ ਪੁਸਤਕ ਇਕ ਚੰਗਾ ਦਸਤਾਵੇਜ ਸਾਬਤ ਹੋ ਸਕਦੀ ਹੈ।

ਪੁਸਤਕ ਦੇ ਤਿਆਰ ਕਰਨ ਵਿੱਚ ਲੇਖਕ ਦੀ ਅਥਾਹ ਮਿਹਨਤ, ਲਗਨ ਤੇ ਮੁਸ਼ੱਕਤ ਸਪਸ਼ਟ ਦਿਖਾਈ ਦਿੰਦੀ ਹੈ। ਕਿਤਾਬ ਮਿਲਣ ਉਪਰੰਤ ਪੜ੍ਹ ਕੇ ਮਨ ਨੂੰ ਬਹੁਤ ਖੁਸ਼ੀ ਹੋਈ, ਭਰਪੂਰ ਆਨੰਦ ਮਾਣਿਆ ਤੇ ਗਿਆਨ ਵਿੱਚ ਵਾਧਾ ਹੋਇਆ।

ਅੰਤ ਵਿੱਚ ਲੇਖਕ ਡਾ. ਸੰਦੀਪ ਘੰਡ ਨੂੰ ਇਹ ਪੁਸਤਕ ਸੁਪਨਿਆਂ ਦੀ ਧਰਤੀ ਕੈਨੇਡਾ (ਸਫ਼ਰਨਾਮਾ) ਨੂੰ ਖੂਬਸੂਰਤ ਸਿਰਲੇਖ਼ ਦੇਣ ਲਈ ਦਿਲੋਂ ਮੁਬਾਰਕਬਾਦ ਦਿੰਦਾ ਹਾਂ।ਸੁਮਿਤ ਪ੍ਰਕਾਸ਼ਨ ਵੱਲੋ ਮੁੱਖ ਸਫੇ ਦੀ ਡਿਜਾਈਨਗ ਪਾਠਕ ਨੂੰ ਕਿੱਚਣ ਵਿੱਚ ਕਾਮਯਾਬ ਹੋਈ ਹੈ।

**ਹਰਦੀਪ ਸਿੰਘ ਸਿੱਧੂ**
**91-98729-18300**

## ਭਤੀਜੀ ਦੇ ਵਿਆਹ 'ਤੇ

## ਨੇਹਾ Weds ਸਮੀਰ



ਸੁਣ ਨੇਹਾ ਧੀਏ ਮੇਰੀਏ ਮੈ ਤੇਰਾ ਤਾਇਆ ,
ਮੈਂ ਦੂਰ ਦੁਰਾਡੇ ਦੇਸ਼ ਤੋ ਹਾਂ ਇਥੇ ਆਇਆ ।

ਗੱਲ ਸ਼ਗਨਾਂ ਦੀ ਸੁਣ ਮਨ ਖੁਸ਼ੀ ਲਿਆਇਆ ,
ਵਿਛੋੜੇ ਦੀ ਗੱਲ ਸੋਚ ਕੇ ਦਿਲ ਘਬਰਾਇਆ ।

ਪਾਲ ਪੋਸ਼ ਧੀ ਤੋਰਨੀ ਗੱਲ ਬਹੁਤ ਔਖੀ ਲੱਗੇ ,
ਸਦੀਆਂ ਤੋਂ ਚੱਲਦੀ ਰੀਤ ਬੜੀ ਅਨੋਖੀ ਲੱਗੇ ।

ਰਾਜਾ ਹੋ ਜਾਂ ਰੰਕ ਸਭ ਨੇ ਕਾਰਜ ਰਚਾਇਆ,
ਵਿਛੋੜੇ ਦੀ ਗੱਲ ਸੋਚ ਕੇ ਦਿਲ ਘਬਰਾਇਆ ।

ਲਾਡਾਂ ਚਾਵਾਂ ਵਿੱਚ ਪਾਲੀ ਤੇ ਤੂੰ ਹੋ ਗਈ ਵੱਡੀ,
ਪਿਆਰ ਦੇ ਮਾਂ ਤੁਰ ਗਈ ਤੇ ਤੂੰ ਹੋ ਗਈ ਨੱਢੀ ।

ਮਾਂ ਤਾਂ ਮੂਰਤ ਰੱਬ ਦੀ ਜਿਸ ਵਰਗਾ ਨਾ ਕੋਈ,
ਗਈ ਜਦ ਮਾਂ ਛੱਡ ਤਾਂ ਦੁਨੀਆ ਲੱਗੀ ਮੋਈ ।

ਵਕਤ ਔਖਾ ਲੰਘਦਾ ਜਦ ਕੋਈ ਜਾਵੇ ਜੀਅ,
ਜਾਨੋ ਵੱਧ ਪਿਆਰੀ ਹੋ ਗਈ ਤੂੰ ਬਾਬਲ ਨੂੰ ਧੀ ।

ਬੜਾ ਮੁਸ਼ਕਲ ਹੁੰਦਾ ਟੁੱਟ ਵੱਖ ਜੜ੍ਹ ਤੋਂ ਹੋ ਜਾਣਾ,
ਟੁੱਟ ਟਾਹਣੀ ਲੱਗਣਾ ਤੇ ਬੂਟਾ ਬਣ ਖੜ ਜਾਣਾ ।

ਘਰੋਂ ਧੀ ਤੋਰਣ ਦਾ ਚਲਿਆ ਦਸਤੂਰ ਪੁਰਾਣਾ,
ਧੀ ਕੋਈ ਨਾ ਰੱਖ ਸਕਿਆ ਪਿਆ ਸੌਹਰੇ ਜਾਣਾ ।

ਜਾਂਦੀ ਤੈਨੂੰ ਵੇਖ ਕੇ ਹੰਝੂ ਵਹਿ ਤੁਰੇ ਭੈਣ ਭਰਾਵਾਂ,
ਤੇਰਾ ਬਾਬਲ ਦਿਲੋਂ ਰੋਉਂਦਾ ਜਿਵੇਂ ਹੋਣ ਬਲਾਵਾਂ ।

ਛੱਡ ਚੱਲੀ ਏ ਤੂੰ ਆਪਣੇ ਸੁਪਨੇ ਬਾਬਲ ਦੇ ਵਿਹੜੇ,
ਤੇਰੇ ਗੁੱਡੀਆਂ ਪਟੋਲ੍ਹੇ ਚੀਕਦੇ ਪਏ ਘਰ ਨੇ ਜਿਹੜੇ ।

ਹਾਲੋ-ਬੇਹਾਲ ਹੋਈਆਂ ਸਹੇਲੀਆਂ ਰੌਲਾ ਪਾਇਆ,
ਵਿਛੋੜੇ ਦੀ ਗੱਲ ਸੋਚ ਕੇ ਦਿਲ ਘਬਰਾਇਆ ।

ਜਾ ਸੋਹਰੇ ਧੀਏ ਰਹੀਂ ਤੂੰ ਮਿਲਜੁਲ ਸਭ ਦੇ ਨਾਲ ,
ਬਾਂਹ ਪਤੀ (ਸੁਮੀਤ) ਦੀ ਫੜ ਚੱਲੀਂ ਤੇ ਰੱਖਣਾ ਖਿਆਲ ।

ਜੀਵਨ ਸੋਹਣਾ ਬਣ ਲੰਘਣਾ ਜੇ ਭਰੀ ਰਹੂ ਮਿਠਾਸ,
ਰਹੇ ਖਾਣ-ਪੀਣ ਦੀ ਟੋਟ ਨਾ ਭਾਵੇਂ ਸਾਦਾ ਮਿਲੇ ਲਿਬਾਸ ।

"ਮਿੱਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤੱਤ" ,
ਜਿਸ ਨੇ ਇਹ ਨੂੰ ਲੜ ਬੰਨ ਲਿਆ ਮੁੱਕੀ ਭੱਜ ਨੱਠ ।

**ਰਬਿੰਦਰ ਸ਼ਰਮਾ 919814667682**

## 10 ਸਤੰਬਰ ਲਈ ਵਿਸ਼ਵ ਆਤਮ ਹੱਤਿਆ ਰੋਕਥਾਮ ਦਿਵਸ ਸਬੰਧੀ ਵਿਸ਼ੇਸ਼

# ਬਹੁਤ ਤੇਜੀ ਨਾਲ ਵਧਦੀ ਜਾ ਰਹੀ ਹੈ ਆਤਮ ਹੱਤਿਆ ਕਰਨ ਦੀ ਪ੍ਰਵਿਰਤੀ



ਕੁਲਦੀਪ ਚੰਦ, ਐਡਵੋਕੇਟ
91-9417563054

ਆਤਮ-ਹੱਤਿਆ ਇੱਕ ਵੱਡੀ ਸਮੱਸਿਆ ਹੈ ਜਿਸਦੇ ਕਈ ਸਮਾਜਿਕ, ਭਾਵਨਾਤਮਕ ਅਤੇ ਆਰਥਿਕ ਨਤੀਜੇ ਹਨ। ਇੰਟਰਨੈਸ਼ਨਲ ਐਸੋਸਿਏਸ਼ਨ ਫਾਰ ਸੁਸਾਇਡ ਪ੍ਰੀਵੈਂਸ਼ਨ ਆਈਏਐਸਪੀ, ਵਿਸ਼ਵ ਸਿਹਤ ਸੰਗਠਨ ਅਤੇ ਵਰਲਡ ਫੈਡਰੇਸ਼ਨ ਫਾਰ ਮੈਂਟਲ ਹੈਲਥ ਵਲੋਂ ਹਰ ਸਾਲ 10 ਸਤੰਬਰ ਨੂੰ ਵਿਸ਼ਵ ਆਤਮ ਹੱਤਿਆ ਰੋਕਥਾਮ ਦਿਵਸ ਵਜੋਂ ਮਨਾਇਆ ਜਾਂਦਾ ਹੈ। ਵਿਸ਼ਵ ਵਿੱਚ ਆਤਮ ਹੱਤਿਆਵਾਂ ਦੇ ਵੱਧ ਰਹੇ ਮਾਮਲਿਆਂ ਨੂੰ ਵੇਖਦੇ ਹੋਏ ਸਾਲ 2003 ਵਿੱਚ ਇਸ ਦਿਨ ਦੀ ਸ਼ੁਰੂਆਤ ਕੀਤੀ ਗਈ ਸੀ। ਪਹਿਲੀ ਵਿਸ਼ਵ ਆਤਮ ਹੱਤਿਆ ਰਿਪੋਰਟ 2014 ਵਿੱਚ ਜਾਰੀ ਕੀਤੀ ਗਈ ਸੀ ਜੋਕਿ ਆਤਮ ਹੱਤਿਆਵਾਂ ਦੀ ਰੋਕਥਾਮ ਤੇ ਕੇਂਦਰਿਤ ਸੀ ਅਤੇ ਵਿਸ਼ਵ ਸਰਵਜਨਕ ਸਿਹਤ ਏਜੰਡੇ ਸਬੰਧੀ ਪਹਿਲ ਬਣਾਉਣ ਲਈ ਕਿਹਾ ਗਿਆ ਸੀ। ਆਤਮ ਹੱਤਿਆ ਇੱਕ ਪ੍ਰਮੁੱਖ ਜਨਤਕ ਸਿਹਤ ਚੁਣੌਤੀ ਹੈ। ਹਰੇਕ ਖੁਦਕੁਸ਼ੀ ਦੇ ਦੂਰਗਾਮੀ ਸਮਾਜਿਕ, ਭਾਵਨਾਤਮਕ ਅਤੇ ਆਰਥਿਕ ਨਤੀਜੇ ਹੁੰਦੇ ਹਨ ਅਤੇ ਦੁਨੀਆ ਭਰ ਦੇ ਵਿਅਕਤੀਆਂ ਅਤੇ ਭਾਈਚਾਰਿਆਂ ਨੂੰ ਡੂੰਘਾ ਪ੍ਰਭਾਵਿਤ ਕਰਦੇ ਹਨ। ਸਾਲ 2024-2026 ਲਈ ਵਿਸ਼ਵ ਆਤਮ ਹੱਤਿਆ ਰੋਕਥਾਮ ਦਿਵਸ ਦਾ ਤਿਕੋਣੀ ਥੀਮ "ਆਤਮਹੱਤਿਆ ਤੇ ਬਿਰਤਾਂਤ ਨੂੰ ਬਦਲਣਾ" ਹੈ ਅਤੇ "ਗੱਲਬਾਤ ਸ਼ੁਰੂ ਕਰੋ" ਕਿਹਾ ਗਿਆ ਹੈ। ਇਸ ਥੀਮ ਦਾ ਉਦੇਸ਼ ਕਲੰਕ ਨੂੰ ਘਟਾਉਣ ਦੇ ਮਹੱਤਵ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਖੁਦਕੁਸ਼ੀਆਂ ਨੂੰ ਰੋਕਣ ਲਈ ਖੁੱਲ੍ਹੀ ਗੱਲਬਾਤ ਨੂੰ ਉਤਸ਼ਾਹਿਤ ਕਰਨਾ ਹੈ। ਖੁਦਕੁਸ਼ੀ ਬਾਰੇ ਬਿਰਤਾਂਤ ਨੂੰ ਬਦਲਣਾ ਹੈ ਕਿ ਅਸੀਂ ਇਸ ਗੁੰਝਲਦਾਰ ਮੁੱਦੇ ਨੂੰ ਕਿਵੇਂ ਸਮਝਦੇ ਹਾਂ ਅਤੇ ਚੁੱਪ ਅਤੇ ਕਲੰਕ ਦੇ ਸੱਭਿਆਚਾਰ ਤੋਂ ਖੁੱਲੇਪਣ, ਸਮਝ ਅਤੇ ਸਮਰਥਨ ਵਿੱਚ ਬਦਲਣਾ ਹੈ। ਇਹ ਥੀਮ ਖੁਦਕੁਸ਼ੀ ਦੀ ਰੋਕਥਾਮ ਅਤੇ ਮਾਨਸਿਕ ਸਿਹਤ ਨੂੰ ਤਰਜੀਹ ਦੇਣ ਦੀ ਲੋੜ ਤੇ ਜ਼ੋਰ ਦਿੰਦਾ ਹੈ ਅਤੇ ਸਰਕਾਰੀ ਕਾਰਵਾਈ ਦੀ ਮੰਗ ਕਰਦਾ ਹੈ। ਬਿਰਤਾਂਤ ਨੂੰ ਬਦਲਣ ਲਈ ਉਹਨਾਂ ਨੀਤੀਆਂ ਦੀ ਵਕਾਲਤ ਕਰਨ ਦੀ ਲੋੜ ਹੁੰਦੀ ਹੈ ਜੋ ਮਾਨਸਿਕ ਸਿਹਤ ਨੂੰ ਤਰਜੀਹ ਦਿੰਦੀਆਂ ਹਨ, ਦੇਖਭਾਲ ਤੱਕ ਪਹੁੰਚ ਨੂੰ ਵਧਾਉਂਦੀਆਂ ਹਨ, ਅਤੇ ਲੋੜਵੰਦਾਂ ਲਈ ਸਹਾਇਤਾ ਪ੍ਰਦਾਨ ਕਰਦੀਆਂ ਹਨ। ਹਰ ਸਾਲ 10 ਸਤੰਬਰ ਦਾ ਉਦੇਸ਼ ਇਸ ਮੁੱਦੇ ਤੇ ਧਿਆਨ ਕੇਂਦ੍ਰਿਤ ਕਰਨਾ, ਕਲੰਕ ਨੂੰ ਘਟਾਉਣਾ ਅਤੇ ਸੰਸਥਾਵਾਂ, ਸਰਕਾਰਾਂ ਅਤੇ ਜਨਤਾ ਵਿੱਚ ਜਾਗਰੂਕਤਾ ਪੈਦਾ ਕਰਨਾ ਹੈ ਜੋ ਇੱਕ ਸੰਦੇਸ਼ ਦਿੰਦਾ ਹੈ ਕਿ ਖੁਦਕੁਸ਼ੀਆਂ ਨੂੰ ਰੋਕਿਆ ਜਾ ਸਕਦਾ ਹੈ। ਇਸ ਦਿਨ ਦਾ ਮੁੱਖ ਮੰਤਬ ਆਤਮ ਹੱਤਿਆ ਸਬੰਧੀ ਲੋਕਾਂ ਨੂੰ ਜਾਗਰੂਕ ਕਰਨਾ ਹੈ ਅਤੇ ਆਤਮ ਹੱਤਿਆਵਾਂ ਨੂੰ ਘਟਾਉਣ ਲਈ ਕੰਮ ਕਰਨਾ ਹੈ। ਆਤਮ ਹੱਤਿਆਵਾਂ ਦੀਆਂ ਘਟਨਾਵਾਂ ਸਬੰਧੀ ਸਹੀ ਅਤੇ ਮੁਕੰਮਲ ਅੰਕੜੇ ਅਜੇ ਤੱਕ ਸਾਹਮਣੇ ਨਹੀਂ ਆ ਰਹੇ ਹਨ। ਵਿਸ਼ਵ ਸਿਹਤ ਸੰਗਠਨ ਨਾਲ ਜੁੜ੍ਹੇ 183 ਵਿੱਚੋਂ ਸਿਰਫ 80 ਦੇਸ਼ਾਂ ਨੇ ਹੀ ਇਸ ਸਬੰਧੀ ਸਹੀ ਅੰਕੜੇ ਇਕੱਠੇ ਕੀਤੇ ਹਨ ਅਤੇ ਬਹੁਤੇ ਦੇਸ਼ ਭਰੋਸੇਯੋਗ ਜਾਣਕਾਰੀ ਅਤੇ ਅੰਕੜੇ ਇਕੱਠੇ ਨਹੀਂ ਕਰ ਰਹੇ ਹਨ। ਇਸ ਸਬੰਧੀ ਪ੍ਰਾਪਤ ਅੰਕੜਿਆਂ ਅਨੁਸਾਰ ਆਤਮ ਹੱਤਿਆਵਾਂ ਕਰਨ ਦਾ ਰੁਝਾਨ ਵੱਧ ਰਿਹਾ ਹੈ ਅਤੇ ਸਾਲ ਵਿੱਚ ਲੱਗਭੱਗ 08 ਲੱਖ ਵਿਅਕਤੀ ਆਤਮ ਹੱਤਿਆਵਾਂ ਨਾਲ ਮਰਦੇ ਹਨ ਜਿਨ੍ਹਾਂ ਵਿੱਚੋਂ ਲੱਗਭੱਗ 17 ਫਿਸਦੀ ਸਿਰਫ ਭਾਰਤੀ ਹੀ ਹਨ। ਵਿਸ਼ਵ ਵਿੱਚ ਹੋਣ ਵਾਲੀਆਂ ਕੁੱਲ ਮੌਤਾਂ ਵਿੱਚੋਂ 1.3 ਫਿਸਦੀ ਆਤਮ ਹੱਤਿਆਵਾਂ ਦੇ ਕਾਰਨ ਹੀ ਹੁੰਦੀਆਂ ਹਨ ਅਤੇ ਇਹ ਮੌਤ ਦਾ 17ਵਾਂ ਪ੍ਰਮੁੱਖ ਕਾਰਨ ਹੈ। ਵਿਸ਼ਵ ਸਿਹਤ ਸੰਗਠਨ ਵਲੋਂ ਜਾਰੀ ਇੱਕ ਰਿਪੋਰਟ ਅਨੁਸਾਰ ਦੁਨੀਆਂ ਵਿੱਚ ਔਸਤਨ ਇੱਕ ਲੱਖ ਪਿੱਛੇ 10.5 ਵਿਅਕਤੀਆਂ ਨੇ ਆਤਮ ਹੱਤਿਆ ਕੀਤੀ ਹੈ ਅਤੇ ਇਹ ਵੀ ਗੰਭੀਰ ਚਿੰਤਾ ਦਾ ਕਾਰਨ ਹੈ ਕਿ ਆਤਮ ਹੱਤਿਆ ਕਰਨ ਵਾਲਿਆਂ ਵਿੱਚ ਨੌਜਵਾਨਾਂ ਦੀ ਗਿਣਤੀ ਸਭ ਤੋਂ ਵੱਧ ਹੈ। ਵੱਖ-ਵੱਖ ਦੇਸ਼ਾਂ ਵਿੱਚ ਇਹ ਆਤਮ ਹੱਤਿਆਵਾਂ ਦੀ ਦਰ 01 ਲੱਖ ਪਿੱਛੇ 5 ਤੋਂ 30 ਵਿਅਕਤੀਆਂ ਦੀ ਹੈ। ਆਤਮ ਹੱਤਿਆਵਾਂ ਦੀਆਂ ਲੱਗਭੱਗ 79 ਫਿਸਦੀ ਘਟਨਾਵਾਂ ਘੱਟ ਅਤੇ ਮੱਧਿਅਮ ਆਮਦਨੀ ਵਾਲੇ ਦੇਸ਼ਾਂ ਵਿੱਚ ਵਾਪਰਦੀਆਂ ਹਨ ਅਤੇ ਇਨ੍ਹਾਂ ਦੇਸ਼ਾਂ ਵਿੱਚ ਇਹ ਦਰ ਇੱਕ ਲੱਖ ਪਿੱਛੇ 11.5 ਤੱਕ ਪਹੁੰਚ ਰਹੀ ਹੈ। ਉੱਚ ਆਮਦਨ ਵਾਲੇ ਦੇਸ਼ਾਂ ਵਿੱਚ ਮਹਿਲਾਵਾਂ ਦੇ ਮੁਕਾਬਲੇ ਪੁਰਸ਼ ਲੱਗਭੱਗ ਤਿੰਨ ਗੁਣਾ ਵੱਧ ਆਤਮ ਹੱਤਿਆਵਾਂ ਕਰਦੇ ਹਨ ਜਦਕਿ ਘੱਟ ਅਤੇ ਮੱਧਿਅਮ ਆਮਦਨ ਵਾਲੇ ਦੇਸ਼ਾਂ ਵਿੱਚ ਆਤਮ ਹੱਤਿਆਵਾਂ ਕਰਨ ਵਾਲੇ ਪੁਰਸ਼ਾਂ ਅਤੇ ਮਹਿਲਾਵਾਂ ਦੀ ਗਿਣਤੀ ਲੱਗਭੱਗ ਬਰਾਬਰ ਹੀ ਰਹਿੰਦੀ ਹੈ। ਆਤਮ ਹੱਤਿਆ ਦੇ ਕਾਰਨਾਂ ਸਬੰਧੀ ਪ੍ਰਾਪਤ ਜਾਣਕਾਰੀ ਅਨੁਸਾਰ ਨੌਜਵਾਨਾਂ ਵਿੱਚ ਆਤਮ ਹੱਤਿਆਵਾਂ ਦੇ ਪ੍ਰਮੁੱਖ ਕਾਰਨਾਂ ਵਿੱਚ ਪੜ੍ਹਾਈ ਦਾ ਦਬਾਓ, ਵਿਗੜ ਰਹੇ ਪਰਿਵਾਰਿਕ ਰਿਸ਼ਤੇ, ਲੜਾਈ ਝਗੜੇ, ਅਸਫਲ ਪਿਆਰ, ਵਿਆਹੁਤਾ ਜਿੰਦਗੀ ਵਿੱਚ ਗੜਬੜੀ, ਭਵਿੱਖ ਦੀ ਚਿੰਤਾ, ਬੇਰੋਜ਼ਗਾਰੀ, ਨਸ਼ੇ ਆਦਿ ਸ਼ਾਮਲ ਹਨ। ਸੜ੍ਹਕ ਦੁਰਘਟਨਾ ਵਿੱਚ ਲੱਗੀਆਂ ਗੰਭੀਰ ਸੱਟਾਂ ਵੀ 15 ਤੋਂ 29 ਸਾਲ ਦੇ ਨੌਜਵਾਨਾਂ ਵਿੱਚ ਆਤਮ ਹੱਤਿਆ ਦਾ ਮੁੱਖ ਕਾਰਨ ਹਨ। ਮਹਿਲਾਵਾਂ ਦੁਆਰਾ ਆਤਮ ਹੱਤਿਆ ਦੀ ਕੋਸ਼ਿਸ਼ ਜਿਆਦਾ ਕੀਤੀ ਜਾਂਦੀ ਹੈ। ਆਤਮ ਹੱਤਿਆ ਕਰਨ ਦੇ ਸਭ ਤੋਂ ਵੱਧ ਪ੍ਰਚੱਲਿਤ ਤਰੀਕਿਆਂ ਵਿੱਚ ਫਾਂਸੀ ਲਗਾਉਣਾ, ਜ਼ਹਿਰ ਖਾਣਾ, ਖੁਦ ਨੂੰ ਅੱਗ ਲਗਾਉਣਾ, ਪਾਣੀ ਵਿੱਚ ਡੁੱਬਣਾ, ਰੇਲ ਗੱਡੀ ਅੱਗੇ ਛਲਾਂਗ ਲਗਾਉਣਾ ਆਦਿ ਸ਼ਾਮਿਲ ਹਨ। ਅੰਤਰਰਾਸ਼ਟਰੀ ਸੰਗਠਨਾ ਦੀਆ ਕੋਸ਼ਿਸ਼ਾਂ ਦੇ ਬਾਬਜੂਦ ਵੀ ਆਤਮ ਹੱਤਿਆਵਾਂ ਨੂੰ ਰੋਕਣ ਸਬੰਧੀ ਠੋਸ ਰਣਨੀਤੀ ਤਿਆਰ ਕਰਨ ਲਈ ਅਜੇ ਤੱਕ ਦੁਨੀਆਂ ਦੇ ਸਿਰਫ 38 ਦੇਸ਼ਾਂ ਨੇ ਹੀ ਕਾਰਵਾਈ ਕੀਤੀ ਹੈ। ਆਤਮ ਹੱਤਿਆ ਭਾਰਤ ਵਿੱਚ ਇੱਕ ਪ੍ਰਮੁੱਖ ਰਾਸ਼ਟਰੀ ਜਨਤਕ ਸਿਹਤ ਮੁੱਦਾ ਹੈ। ਭਾਰਤ ਵਿੱਚ ਆਤਮ ਹੱਤਿਆਵਾਂ ਨਾਲ ਹੋਣ ਵਾਲੀਆਂ ਮੌਤਾਂ ਵਿੱਚ 15 ਤੋਂ 35 ਸਾਲ ਦੇ ਉਮਰ ਦੇ ਨੌਜਵਾਨਾਂ ਦੀ ਗਿਣਤੀ ਬਹੁਤ ਜਿਆਦਾ ਹੈ। ਸਾਲ 2022 ਵਿੱਚ 1.71 ਲੱਖ ਖੁਦਕੁਸ਼ੀਆਂ ਦਰਜ ਕੀਤੀਆਂ ਗਈਆਂ ਜੋਕਿ 2021 ਦੇ ਮੁਕਾਬਲੇ 4.2% ਵਾਧਾ ਅਤੇ 2018 ਦੇ ਮੁਕਾਬਲੇ 27% ਦਾ ਵਾਧਾ ਦਰਜ ਕੀਤਾ ਗਿਆ ਹੈ। ਸਾਲ 2022 ਵਿੱਚ ਪ੍ਰਤੀ ਇੱਕ ਲੱਖ ਆਬਾਦੀ ਵਿੱਚ ਖੁਦਕੁਸ਼ੀ ਦੀ ਦਰ ਵੱਧ ਕੇ 12.4 ਹੋ ਗਈ ਹੈ। ਸਾਲ 1990 ਵਿੱਚ ਵਿਸ਼ਵ ਪੱਧਰ ਤੇ ਆਤਮ ਹੱਤਿਆ ਕਰਨ ਵਾਲੀਆਂ ਮੌਤਾਂ ਵਿੱਚ ਭਾਰਤ ਦਾ ਯੋਗਦਾਨ 25.3ਗ ਤੋਂ ਵੱਧ ਕੇ 2016 ਵਿੱਚ ਔਰਤਾਂ ਵਿੱਚ 36.6ਗ ਅਤੇ ਮਰਦਾਂ ਵਿੱਚ 18.7% ਤੋਂ 24.3ਗ ਹੋ ਗਿਆ ਹੈ। ਰੋਜ਼ਾਨਾ ਦਿਹਾੜੀ ਕਮਾਉਣ ਵਾਲੇ ਖੁਦਕੁਸ਼ੀ ਪੀੜ੍ਹਿਤਾਂ ਵਿੱਚੋਂ 26ਗ ਹਨ ਜੋਕਿ ਖੁਦਕੁਸ਼ੀਆਂ ਦੇ ਅੰਕੜਿਆਂ ਵਿੱਚ ਸਭ ਤੋਂ ਵੱਡਾ ਸਮੂਹ ਹੈ। ਭਾਰਤ ਵਿੱਚ 18-30 ਅਤੇ 30-45 ਸਾਲ ਦੇ ਉਮਰ ਸਮੂਹਾਂ ਵਿੱਚ ਕ੍ਰਮਵਾਰ 35.1% ਅਤੇ 31.8% ਖੁਦਕੁਸ਼ੀਆਂ ਦਰਜ਼ ਹੋਈਆਂ ਹਨ। ਨੌਜਵਾਨ ਬਾਲਗਾਂ ਦਾ ਇਹ ਉਮਰ ਸਮੂਹ ਕੁੱਲ ਖੁਦਕੁਸ਼ੀਆਂ ਦਾ 67% ਹੈ। ਸਭ ਤੋਂ ਵੱਧ ਖੁਦਕੁਸ਼ੀਆਂ ਮਹਾਰਾਸ਼ਟਰ, ਤਾਮਿਲਨਾਡੂ, ਮੱਧ ਪ੍ਰਦੇਸ਼, ਪੱਛਮੀ ਬੰਗਾਲ ਅਤੇ ਕਰਨਾਟਕ ਵਿੱਚ ਹੋਈਆਂ ਹਨ। ਇਨ੍ਹਾਂ ਪੰਜ ਰਾਜਾਂ ਵਿੱਚ ਮਿਲਕੇ ਦੇਸ਼ ਵਿੱਚ ਹੋਈਆਂ ਕੁੱਲ ਖੁਦਕੁਸ਼ੀਆਂ ਦਾ 50.4ਗ ਹਿੱਸਾ ਹੈ। ਖੁਦਕੁਸ਼ੀਆਂ ਦੀਆਂ ਦਰਾਂ ਦੇ ਮਾਮਲੇ ਵਿੱਚ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਵਿੱਚ ਖੁਦਕੁਸ਼ੀਆਂ ਦੀ ਸਭ ਤੋਂ ਵੱਧ ਦਰ 39.7 ਦਰਜ ਕੀਤੀ ਗਈ ਜਿਸ ਤੋਂ ਬਾਅਦ ਸਿੱਕਮ ਵਿੱਚ 39.2, ਪੁਡੂਚੇਰੀ ਵਿੱਚ 31.8, ਤੇਲੰਗਾਨਾ ਵਿੱਚ 26.9 ਅਤੇ ਕੇਰਲ ਵਿੱਚ 26.9 ਹੈ। ਰਿਪੋਰਟ ਮੁਤਾਬਿਕ ਖੁਦਕੁਸ਼ੀਆਂ ਦਾ ਮੁੱਖ ਕਾਰਨ ਪਰਿਵਾਰਕ ਸਮੱਸਿਆਵਾਂ ਅਤੇ ਬਿਮਾਰੀਆਂ ਸਨ। ਰਿਪੋਰਟ ਹੋਈਆਂ ਕੁੱਲ 118979 ਮਰਦਾਂ ਦੀਆਂ ਖ਼ੁਦਕੁਸ਼ੀਆਂ ਵਿੱਚੋਂ ਸਭ ਤੋਂ ਵੱਧ ਖੁਦਕੁਸ਼ੀਆਂ ਦਿਹਾੜੀਦਾਰ ਮਜ਼ਦੂਰਾਂ ਦੁਆਰਾ ਕੀਤੀਆਂ ਗਈਆਂ ਹਨ ਅਤੇ ਉਸ ਤੋਂ ਬਾਅਦ ਸਵੈ-ਰੁਜ਼ਗਾਰ ਵਾਲੇ ਵਿਅਕਤੀਆਂ ਨੇ ਕੀਤੀਆ ਹਨ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਅਨੁਸਾਰ 2019 ਵਿੱਚ ਖੇਤੀ ਨਾਲ ਜੁੜੇ 10281 ਲੋਕਾਂ ਨੇ ਖੁਦਕੁਸ਼ੀ ਕਰ ਲਈ ਜਿਨ੍ਹਾਂ ਵਿੱਚੋਂ 5957 ਕਿਸਾਨ ਅਤੇ 4324 ਮਜ਼ਦੂਰ ਸਨ। ਸਾਲ 2021 ਵਿੱਚ 13089 ਵਿਦਿਆਰਥੀਆਂ ਦੀ ਖੁਦਕੁਸ਼ੀ ਕਾਰਨ ਮੌਤ ਹੋ ਗਈ ਜੋ ਕਿ 2020 ਵਿੱਚ 12526 ਸੀ। ਮਹਾਰਾਸ਼ਟਰ ਵਿੱਚ ਸਭ ਤੋਂ ਵੱਧ ਵਿਦਿਆਰਥੀ ਖੁਦਕੁਸ਼ੀਆਂ 1834, ਮੱਧ ਪ੍ਰਦੇਸ਼ ਵਿੱਚ 1308 ਅਤੇ ਤਾਮਿਲਨਾਡੂ ਵਿੱਚ 1246 ਖੁਦਕੁਸ਼ੀ ਕਾਰਨ ਮੌਤਾਂ ਦਰਜ਼ ਕੀਤੀਆਂ ਗਈਆਂ ਹਨ। ਭਾਰਤ ਵਿੱਚ ਹਰ ਘੰਟੇ ਘੱਟੋ-ਘੱਟ ਇੱਕ ਵਿਦਿਆਰਥੀ ਅਤੇ ਹਰ ਰੋਜ਼ ਲੱਗਭੱਗ 28 ਵਿਦਿਆਰਥੀ ਖੁਦਕੁਸ਼ੀ ਕਰਦੇ ਹਨ। ਸਾਲ 2011 ਤੋਂ 2016 ਤੱਕ ਦੇ ਪੰਜ ਸਾਲਾਂ ਵਿੱਚ ਦੇਸ਼ ਦੀ ਕੋਚਿੰਗ ਰਾਜਧਾਨੀ ਵਜੋਂ ਜਾਣੇ ਜਾਂਦੇ ਕੋਟਾ ਵਿੱਚ ਹੀ 57 ਵਿਦਿਆਰਥੀਆਂ ਨੇ ਖੁਦਕੁਸ਼ੀ ਕੀਤੀ ਹੈ। ਸਾਲ 2012 ਅਤੇ 2019 ਦੇ ਵਿਚਕਾਰ ਦੇਸ਼ ਵਿੱਚ ਰੈਗਿੰਗ ਨਾਲ ਸਬੰਧਤ 54 ਖੁਦਕੁਸ਼ੀ ਦੀਆਂ ਘਟਨਾਵਾਂ ਵਾਪਰੀਆਂ ਹਨ। ਭਾਰਤੀ ਹਥਿਆਰਬੰਦ ਬਲਾਂ ਵਿੱਚ ਵਾਪਰ ਰਹੀਆਂ ਆਤਮ ਹੱਤਿਆ ਦੀਆਂ ਘਟਨਾਵਾਂ ਖਤਰਨਾਕ ਹਨ। ਸਾਲ 2014 ਅਤੇ 2021 ਦੇ ਵਿਚਕਾਰ ਭਾਰਤੀ ਹਥਿਆਰਬੰਦ ਬਲਾਂ ਵਿੱਚ ਕੁੱਲ 787 ਖੁਦਕੁਸ਼ੀਆਂ ਦਰਜ ਕੀਤੀਆਂ ਗਈਆਂ ਹਨ। ਖੁਦਕੁਸ਼ੀਆਂ ਕਰਨ ਵਾਲੀਆਂ ਔਰਤਾਂ ਵਿੱਚ ਵੀ ਦਿਹਾੜੀਦਾਰ ਮਹਿਲਾਵਾਂ ਦਾ ਤੀਜਾ ਸਥਾਨ ਹੈ। ਕੁੱਲ ਖੁਦਕੁਸ਼ੀਆਂ ਦਾ 34.5% ਔਸਤਨ 18 ਤੋਂ 30 ਸਾਲ ਦੀ ਉਮਰ ਅਤੇ 31.7% ਔਸਤਨ 30 ਤੋਂ 45 ਸਾਲ ਦੀ ਉਮਰ ਦੇ ਵਿਅਕਤੀ ਹਨ। ਇਹਨਾਂ ਵਿੱਚ ਵਿਦਿਆਰਥੀ ਵੀ ਵੱਡੀ ਗਿਣਤੀ ਵਿੱਚ ਸ਼ਾਮਿਲ ਸਨ। ਲੱਗਭੱਗ 13039 ਵਿਦਿਆਰਥੀਆਂ ਦੀ ਖੁਦਕੁਸ਼ੀ ਕਾਰਨ ਮੌਤ ਹੋਈ ਹੈ ਜਦੋਂ ਅਸੀਂ ਖੁਦਕੁਸ਼ੀ ਪੀੜ੍ਹਿਤਾਂ ਦੀ ਆਰਥਿਕ ਸਥਿਤੀ ਤੇ ਨਜ਼ਰ ਮਾਰਦੇ ਹਾਂ ਤਾਂ ਲੱਗਭੱਗ 64.2% ਦੀ ਸਾਲਾਨਾ ਆਮਦਨ ਇੱਕ ਲੱਖ ਰੁਪਏ ਤੋਂ ਘੱਟ ਸੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਰਿਪੋਰਟਾਂ ਅਨੁਸਾਰ ਲੱਗਭੱਗ 3330 ਕਿਸਾਨਾਂ ਅਤੇ 730 ਖੇਤ ਮਜਦੂਰਾਂ ਨੇ ਆਤਮ ਹੱਤਿਆਵਾਂ ਕੀਤੀਆਂ ਹਨ ਅਤੇ ਇਨ੍ਹਾਂ ਵਿੱਚੋਂ ਬਹੁਤੀਆਂ ਘਟਨਾਵਾਂ ਦਾ ਮੁੱਖ ਕਾਰਨ ਆਰਥਿਕਤਾ ਹੀ ਬਣਿਆ ਹੈ। ਪੰਜਾਬ ਵਿੱਚ ਪਿਛਲੇ 10 ਸਾਲਾਂ ਵਿੱਚ ਲੱਗਭੱਗ 1806 ਕਿਸਾਨ ਅਤੇ ਖੇਤ ਮਜ਼ਦੂਰ ਖੁਦਕੁਸ਼ੀਆਂ ਕਰ ਚੁੱਕੇ ਹਨ। ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੀ ਰਿਪੋਰਟ ਅਨੁਸਾਰ ਮਾਰਚ 2012 ਤੋਂ ਫਰਵਰੀ 2023 ਤੱਕ 1403 ਕਿਸਾਨਾਂ ਅਤੇ 403 ਖੇਤ ਮਜ਼ਦੂਰਾਂ ਨੇ ਆਤਮ ਹੱਤਿਆ ਕੀਤੀ ਹੈ। ਸਭ ਤੋਂ ਵੱਧ ਕਿਸਾਨ ਖੁਦਕੁਸ਼ੀਆਂ ਮਾਨਸਾ ਜਿਲ੍ਹੇ ਵਿੱਚ 314 ਅਤੇ ਬਠਿੰਡਾ ਜ਼ਿਲ੍ਹੇ ਵਿੱਚ 269 ਹੋਈਆਂ ਹਨ। ਖੇਤ ਮਜ਼ਦੂਰਾਂ ਦੀਆਂ ਖੁਦਕਸ਼ੀਆਂ ਵਿੱਚ ਸਭ ਤੋਂ ਵੱਧ ਮਾਨਸਾ ਜ਼ਿਲੇ ਵਿੱਚ 89 ਅਤੇ ਮਲੇਰਕੋਟਲਾ ਵਿੱਚ 70 ਹੋਈਆਂ ਹਨ। ਕਿਸਾਨਾਂ ਅਤੇ ਖੇਤ ਮਜਦੂਰਾਂ ਵਿੱਚ ਆਤਮ ਹੱਤਿਆਵਾਂ ਦੀ ਦਰ ਲਗਾਤਾਰ ਵੱਧ ਰਹੀ ਹੈ। ਇਸਦਾ ਸਭ ਤੋਂ ਵੱਡਾ ਕਾਰਨ ਬੈਂਕਾਂ ਤੋਂ ਲਿਆ ਕਰਜਾ ਹੈ। ਆਤਮ ਹੱਤਿਆ ਦੇ ਸਾਹਮਣੇ ਆਏ ਹੋਰ ਕਾਰਨਾਂ ਵਿੱਚ ਵਿਆਹੁਤਾ ਜੀਵਨ ਸਬੰਧੀ ਝਗੜੇ, ਪ੍ਰਿਖਿਆ ਵਿੱਚ ਫੇਲ ਹੋਣਾ, ਕੋਈ ਗੰਭੀਰ ਬਿਮਾਰੀ ਹੋਣਾ, ਨਸ਼ਿਆਂ ਵਿੱਚ ਫਸੇ ਹੋਣਾ, ਗਰੀਬੀ, ਬੇਰੋਜ਼ਗਾਰੀ, ਜਾਇਦਾਦ ਦੇ ਝਗੜੇ, ਵਿੱਦਿਅਕ ਅਦਾਰਿਆਂ ਵਿੱਚ ਵਿਦਿਆਰਥੀਆਂ ਨੂੰ ਹੁੰਦੀ ਮਾਨਸਿਕ ਪ੍ਰੇਸ਼ਾਨੀ ਅਤੇ ਰੈਗਿੰਗ, ਧਾਰਮਿਕ ਅਧਾਰ ਤੇ ਅਪਣੀ ਜਾਨ ਦਾ ਬਲਿਦਾਨ ਦੇਣਾ, ਕਿਸੇ ਖਾਸ ਵਿਅਕਤੀ ਦੀ ਮੌਤ ਤੇ ਦੁਖੀ ਹੋਕੇ ਅਪਣੀ ਜਾਨ ਦੇਣਾ, ਸਮਾਜਿਕ-ਰਾਜਨੀਤਿਕ ਅੰਦੋਲਨਾਂ ਵਿੱਚ ਅਪਣੀ ਜਾਨ ਦਾ ਬਲਿਦਾਨ ਦੇਣਾ ਆਦਿ ਸ਼ਾਮਿਲ ਹਨ। ਦੁਨੀਆ ਦੀਆਂ ਕੁੱਲ ਔਰਤਾਂ ਦੀਆਂ ਖੁਦਕੁਸ਼ੀਆਂ ਦਾ ਲਗਭਗ 40% ਭਾਰਤ ਵਿੱਚ ਹੁੰਦਾ ਹੈ। ਬੰਗਲੌਰ ਵਿੱਚ ਕੀਤੇ ਗਏ ਇੱਕ ਅਧਿਐਨ ਵਿੱਚ ਘਰੇਲੂ ਹਿੰਸਾ ਨੂੰ ਖੁਦਕੁਸ਼ੀ ਲਈ ਇੱਕ ਪ੍ਰਮੁੱਖ ਜੋਖਮ ਕਾਰਕ ਪਾਇਆ ਗਿਆ। ਸਾਲ 2017 ਵਿੱਚ ਕੀਤੇ ਗਏ ਇੱਕ ਹੋਰ ਅਧਿਐਨ ਵਿੱਚ ਵਿਆਹੁਤਾ ਔਰਤਾਂ ਵਿੱਚ ਆਤਮ ਹੱਤਿਆ ਦੀ ਕੋਸ਼ਿਸ਼ ਲਈ ਘਰੇਲੂ ਹਿੰਸਾ ਇੱਕ ਜੋਖਮ ਦਾ ਕਾਰਕ ਪਾਇਆ ਗਿਆ ਸੀ। ਸਾਲ 2006 ਅਤੇ 2008 ਦਰਮਿਆਨ ਵਿਚਾਰਧਾਰਾ ਤੋਂ ਪ੍ਰੇਰਿਤ ਆਤਮ ਹੱਤਿਆਵਾਂ ਦੁੱਗਣੀਆਂ ਹੋ ਗਈਆਂ ਹਨ। ਮਾਨਸਿਕ ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਮੌਤਾਂ ਅਜਿਹੇ ਰਾਸ਼ਟਰ ਵਿੱਚ ਨੌਜਵਾਨਾਂ ਉੱਤੇ ਵੱਧ ਰਹੇ ਤਣਾਅ ਨੂੰ ਦਰਸਾਉਂਦੀਆਂ ਹਨ ਜਿੱਥੇ ਚੋਣਾਂ ਦੇ ਬਾਵਜੂਦ ਜਨਤਾ ਅਕਸਰ ਸ਼ਕਤੀਹੀਣ ਮਹਿਸੂਸ ਕਰਦੀ ਹੈ।




**ਆਤਮ-ਹੱਤਿਆਵਾਂ ਦਾ ਇੱਕ ਵੱਡਾ ਅਨੁਪਾਤ ਮਨੋਵਿਗਿਆਨਕ ਬਿਮਾਰੀਆਂ ਜਿਵੇਂ ਕਿ ਡਿਪਰੈਸ਼ਨ, ਪਦਾਰਥਾਂ ਦੀ ਵਰਤੋਂ ਅਤੇ ਮਨੋਵਿਗਿਆਨ ਦੇ ਸਬੰਧ ਵਿੱਚ ਹੁੰਦਾ ਹੈ। ਰਾਸ਼ਟਰੀ ਮਾਨਸਿਕ ਸਿਹਤ ਸਰਵੇਖਣ ਵਿੱਚ ਪਤਾ ਚੱਲਦਾ ਹੈ ਕਿ ਮਾਨਸਿਕ ਬਿਮਾਰੀਆਂ ਤੋਂ ਪੀੜ੍ਹਿਤ ਲੱਗਭੱਗ 80% ਲੋਕਾਂ ਨੇ ਇੱਕ ਸਾਲ ਤੋਂ ਵੱਧ ਸਮੇਂ ਲਈ ਇਲਾਜ ਨਹੀਂ ਕਰਵਾਇਆ। ਸਾਲ 2020 ਵਿੱਚ ਵਿਸ਼ਵ ਪੱਧਰ ਤੇ ਫੈਲੀ ਕੋਰੋਨਾ ਮਹਾਂਮਾਰੀ ਕਾਰਨ ਪ੍ਰੇਸ਼ਾਨੀ ਵਿੱਚ ਵੀ ਕਈ ਵਿਅਕਤੀਆਂ ਨੇ ਦੁਖੀ ਹੋਕੇ ਆਤਮ ਹੱਤਿਆ ਕੀਤੀ ਹੈ। ਸਾਡੇ ਦੇਸ਼ ਵਿੱਚ ਸਮੇਂ-ਸਮੇਂ ਤੇ ਕਈ ਬਹੁਤ ਹੀ ਮਹੱਤਵਪੂਰਨ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਵਿਅਕਤੀਆਂ ਵਲੋਂ ਆਤਮ ਹੱਤਿਆ ਕਰਨ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਜੋਕਿ ਬਾਕੀ ਲੋਕਾਂ ਲਈ ਵੀ ਨਿਰਾਸ਼ਾ ਵਧਾ ਰਹੀਆਂ ਹਨ।**

ਆਤਮ-ਹੱਤਿਆਵਾਂ ਦਾ ਇੱਕ ਵੱਡਾ ਅਨੁਪਾਤ ਮਨੋਵਿਗਿਆਨਕ ਬਿਮਾਰੀਆਂ ਜਿਵੇਂ ਕਿ ਡਿਪਰੈਸ਼ਨ, ਪਦਾਰਥਾਂ ਦੀ ਵਰਤੋਂ ਅਤੇ ਮਨੋਵਿਗਿਆਨ ਦੇ ਸਬੰਧ ਵਿੱਚ ਹੁੰਦਾ ਹੈ। ਰਾਸ਼ਟਰੀ ਮਾਨਸਿਕ ਸਿਹਤ ਸਰਵੇਖਣ ਵਿੱਚ ਪਤਾ ਚੱਲਦਾ ਹੈ ਕਿ ਮਾਨਸਿਕ ਬਿਮਾਰੀਆਂ ਤੋਂ ਪੀੜ੍ਹਿਤ ਲੱਗਭੱਗ 80% ਲੋਕਾਂ ਨੇ ਇੱਕ ਸਾਲ ਤੋਂ ਵੱਧ ਸਮੇਂ ਲਈ ਇਲਾਜ ਨਹੀਂ ਕਰਵਾਇਆ। ਸਾਲ 2020 ਵਿੱਚ ਵਿਸ਼ਵ ਪੱਧਰ ਤੇ ਫੈਲੀ ਕੋਰੋਨਾ ਮਹਾਂਮਾਰੀ ਕਾਰਨ ਪ੍ਰੇਸ਼ਾਨੀ ਵਿੱਚ ਵੀ ਕਈ ਵਿਅਕਤੀਆਂ ਨੇ ਦੁਖੀ ਹੋਕੇ ਆਤਮ ਹੱਤਿਆ ਕੀਤੀ ਹੈ। ਸਾਡੇ ਦੇਸ਼ ਵਿੱਚ ਸਮੇਂ-ਸਮੇਂ ਤੇ ਕਈ ਬਹੁਤ ਹੀ ਮਹੱਤਵਪੂਰਨ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਵਿਅਕਤੀਆਂ ਵਲੋਂ ਆਤਮ ਹੱਤਿਆ ਕਰਨ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਜੋਕਿ ਬਾਕੀ ਲੋਕਾਂ ਲਈ ਵੀ ਨਿਰਾਸ਼ਾ ਵਧਾ ਰਹੀਆਂ ਹਨ। ਭਾਰਤ ਵਿੱਚ ਆਤਮ ਹੱਤਿਆ ਦੇ ਮੁੱਖ ਤਰੀਕਿਆਂ ਵਿੱਚ ਲੱਗਭੱਗ 33 ਫੀਸਦੀ ਜਹਿਰ ਖਾਣਾ, 26 ਫਿਸਦੀ ਰੱਸੇ ਨਾਲ ਲਟਕਣਾ ਸ਼ਾਮਿਲ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਉਰੋ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਪੇਸ਼ੇਵਰ ਜਾਂ ਜਿੰਦਗੀ ਦੇ ਕੈਰੀਅਰ ਨਾਲ ਜੁੜ੍ਹੀਆਂ ਸਮੱਸਿਆਵਾਂ, ਅਲੱਗ-ਥਲੱਗ ਰਹਿਣ ਦੀ ਭਾਵਨਾ, ਦੁਰਵਿਹਾਰ, ਹਿੰਸਾ, ਪਰਿਵਾਰਕ ਸਮੱਸਿਆਵਾਂ, ਮਾਨਸਿਕ ਵਿਕਾਰ, ਨਸ਼ਿਆਂ ਦੀ ਆਦਤ, ਵਿੱਤੀ ਨੁਕਸਾਨ, ਗੰਭੀਰ ਬਿਮਾਰੀ ਆਦਿ ਆਤਮ ਹੱਤਿਆ ਕਰਨ ਦੇ ਵੱਖ-ਵੱਖ ਕਾਰਨ ਹਨ। ਵੱਖ ਵੱਖ ਦੇਸ਼ਾਂ ਵਿੱਚ ਆਤਮ ਹੱਤਿਆਵਾਂ ਨੂੰ ਘਟਾਉਣ ਲਈ ਕਈ ਕਦਮ ਚੁੱਕੇ ਗਏ ਹਨ। ਆਤਮ ਹੱਤਿਆ ਦੀ ਰੋਕਥਾਮ ਸਬੰਧੀ ਸ਼੍ਰੀ ਲੰਕਾ ਵਿੱਚ ਕੀਤੇ ਗਏ ਸਰਵੇਖਣ ਅਤੇ ਚੁੱਕੇ ਗਏ ਕਦਮਾਂ ਨੂੰ ਸਭ ਤੋਂ ਵੱਧ ਪ੍ਰਭਾਵਸ਼ਾਲੀ ਮੰਨਿਆ ਗਿਆ ਹੈ। ਇੱਥੇ ਲਗਾਈਆਂ ਗਈਆਂ ਰੋਕਾਂ ਅਤੇ ਕੀਤੀ ਗਈ ਸੱਖਤੀ ਨਾਲ ਆਤਮ ਹੱਤਿਆਵਾਂ ਦੀਆਂ ਘਟਨਾਵਾਂ ਵਿੱਚ ਲੱਗਭੱਗ 70 ਫੀਸਦੀ ਕਮੀ ਆਈ ਹੈ ਅਤੇ 1995 ਤੋਂ 2015 ਦੌਰਾਨ ਲੱਗਭੱਗ 93000 ਵਿਅਕਤੀਆਂ ਦੀ ਜਾਨ ਬਚਾਈ ਗਈ ਹੈ। ਕੋਰੀਆ ਵਿੱਚ ਵੀ ਇਸ ਸਬੰਧੀ ਕਾਫੀ ਸਫਲਤਾ ਮਿਲੀ ਹੈ ਜਿੱਥੇ ਸਾਲ 2000 ਵਿੱਚ ਪੈਰਾਕਬਾਟ ਕੀੜੇਮਾਰ ਦਵਾਈ ਨਾਲ ਵੱਡੀ ਗਿਣਤੀ ਵਿੱਚ ਆਤਮ ਹੱਤਿਆਵਾਂ ਹੋਈਆਂ ਸਨ ਅਤੇ 2011-2012 ਵਿੱਚ ਇਸ ਤੇ ਪਾਬੰਦੀ ਲਗਾਉਣ ਕਾਰਨ ਇਸ ਕਾਰਨ ਹੋਣ ਵਾਲੀਆਂ ਮੌਤਾਂ ਵਿੱਚ ਕਾਫੀ ਕਮੀ ਆਈ ਹੈ। ਸਾਡੇ ਦੇਸ਼ ਵਿੱਚ ਵੀ ਇਸ ਸਬੰਧੀ ਕੁੱਝ ਕਦਮ ਚੁੱਕੇ ਗਏ ਹਨ ਜਿਵੇਂ ਕਿ ਵਿਦਿਅਕ ਅਦਾਰਿਆਂ ਵਿੱਚ ਰੈਗਿੰਗ ਤੇ ਪਾਬੰਦੀ ਲਗਾਈ ਗਈ ਹੈ, ਕਈ ਕੀਟਨਾਸ਼ਕਾਂ ਦੀ ਵਿਕਰੀ ਲਈ ਸੱਖਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਕਰਜੇ ਵਿੱਚ ਫਸੇ ਕਿਸਾਨਾਂ, ਖੇਤ ਮਜਦੂਰਾਂ ਅਤੇ ਹੋਰ ਵਿਅਕਤੀਆਂ ਨੂੰ ਰਾਹਤ ਦਿਤੀ ਗਈ ਹੈ।

ਹਰ ਵਿਅਕਤੀ ਦੀ ਜਿੰਦਗੀ ਪਰਿਵਾਰ, ਸਮਾਜ, ਦੇਸ਼ ਅਤੇ ਵਿਸ਼ਵ ਲਈ ਬਹੁਮੁੱਲੀ ਹੈ ਅਤੇ ਆਤਮ ਹੱਤਿਆ ਕਾਰਨ ਹੋਣ ਵਾਲੀ ਮੌਤ ਉਸ ਵਿਅਕਤੀ ਦੇ ਪਰਿਵਾਰ, ਦੋਸਤਾਂ, ਸਾਥੀਆਂ, ਸਮਾਜ ਅਤੇ ਦੇਸ਼ ਲਈ ਵੱਡਾ ਘਾਟਾ ਰਹਿੰਦੀ ਹੈ। ਮਾਨਸਿਕ ਸਿਹਤ ਅਤੇ ਆਤਮ ਹੱਤਿਆ ਦੀ ਰੋਕਥਾਮ ਵਿੱਚ ਜਨਰਲ ਡਾਕਟਰਾਂ ਦੀ ਸਿਖਲਾਈ ਡਾਕਟਰਾਂ ਦੇ ਪੱਧਰ ਤੇ ਆਤਮ ਹੱਤਿਆ ਦੇ ਵਿਵਹਾਰ ਦੀ ਖੋਜ ਨੂੰ ਵਧਾਉਣ ਅਤੇ ਸਹੀ ਰੈਫਰਲ ਅਤੇ ਇਲਾਜ ਨੂੰ ਯਕੀਨੀ ਬਣਾਉਣ ਲਈ ਸਭ ਤੋਂ ਪ੍ਰਭਾਵਸ਼ਾਲੀ ਤਰੀਕਿਆਂ ਵਿੱਚੋਂ ਇੱਕ ਹੋ ਸਕਦਾ ਹੈ। ਦੇਸ਼ ਨੂੰ ਆਤਮ ਹੱਤਿਆ ਦੀ ਰੋਕਥਾਮ ਲਈ ਰਾਸ਼ਟਰੀ ਨੀਤੀ ਦੀ ਲੋੜ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਰੋਕਥਾਮ ਵਿਧੀਆਂ ਦੇਸ਼, ਰਾਜ, ਜ਼ਿਲ੍ਹੇ, ਸ਼ਹਿਰ, ਕਸਬੇ, ਪਿੰਡ ਸਾਰੇ ਪੱਧਰਾਂ ਤੇ ਲਾਗੂ ਹੋਣ। ਵਿਸ਼ਵ ਸਿਹਤ ਸੰਗਠਨ ਦੇ 2030 ਤੱਕ ਪ੍ਰਾਪਤ ਕੀਤੇ ਜਾਣ ਵਾਲੇ "ਚੰਗੀ ਸਿਹਤ ਅਤੇ ਤੰਦਰੁਸਤੀ" ਦੇ ਟਿਕਾਊ ਵਿਕਾਸ ਟੀਚੇ ਦੇ ਟੀਚਿਆਂ ਵਿੱਚੋਂ ਇੱਕ ਹੈ ਅਤੇ ਭਾਰਤ ਇਨ੍ਹਾਂ ਲਈ ਇੱਕ ਹਸਤਾਖਰਕਰਤਾ ਹੈ।

ਆਤਮ ਹੱਤਿਆ ਦੀਆਂ ਘਟਨਾਵਾਂ ਅਤੇ ਇਸ ਨਾਲ ਹੋਣ ਵਾਲੀਆਂ ਮੌਤਾਂ ਨੂੰ ਕਾਫੀ ਹੱਦ ਤੱਕ ਰੋਕਿਆ ਅਤੇ ਘਟਾਇਆ ਜਾ ਸਕਦਾ ਹੈ। ਇਸ ਲਈ ਸਾਰੇ ਦੇਸ਼ਾਂ ਨੂੰ ਅਪਣੇ ਰਾਸ਼ਟਰੀ ਸਿਹਤ ਅਤੇ ਸਿੱਖਿਆ ਦੀਆਂ ਨੀਤੀਆਂ ਵਿੱਚ ਆਤਮ ਹੱਤਿਆ ਦੀ ਰੋਕਥਾਮ ਲਈ ਰਣਨੀਤੀਆਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ। ਭਾਰਤ ਵਿੱਚ ਖੁਦਕੁਸ਼ੀ ਗੈਰ-ਕਾਨੂੰਨੀ ਹੈ ਅਤੇ ਅਜਿਹੇ ਵਿਅਕਤੀ ਖਿਲਾਫ ਕਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਆਤਮ ਹੱਤਿਆ ਨੂੰ ਰੋਕਣ ਲਈ ਠੋਸ ਕਦਮ ਚੁੱਕਣ ਦੀ ਜਰੂਰਤ ਹੈ ਜਿਸ ਵਿੱਚ ਸਮਾਜਿਕ ਇਕੱਲਤਾ ਨੂੰ ਘਟਾਉਣਾ, ਸਮਾਜਿਕ ਵਿਗਾੜ ਨੂੰ ਰੋਕਣਾ, ਮਾਨਸਿਕ ਵਿਕਾਰ ਦਾ ਇਲਾਜ, ਕੀਟਨਾਸ਼ਕਾਂ ਅਤੇ ਰੱਸੀਆਂ ਦੀ ਵਿਕਰੀ ਨੂੰ ਨਿਯਮਤ ਕਰਨਾ, ਮਨੋਵਿਗਿਆਨਕ ਪ੍ਰੇਰਕ ਸੈਸ਼ਨਾਂ ਅਤੇ ਧਿਆਨ ਅਤੇ ਯੋਗਾ ਨੂੰ ਉਤਸ਼ਾਹਿਤ ਕਰਨਾ ਆਦਿ ਸ਼ਾਮਿਲ ਹਨ।

ਆਤਮ ਹੱਤਿਆ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਰਕਾਰਾਂ, ਸਮਾਜਿਕ, ਧਾਰਮਿਕ, ਰਾਜਨੀਤਿਕ ਆਗੂਆਂ, ਬੁੱਧੀਜੀਵੀਆਂ ਨੂੰ ਇਸ ਸਮੱਸਿਆ ਪ੍ਰਤੀ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਅਤੇ ਇਸਦੇ ਹੱਲ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ।

# ਪੱਛਮੀ ਬੰਗਾਲ ਅਸੈਂਬਲੀ ਵੱਲੋਂ ਜਬਰ-ਜਨਾਹ ਵਿਰੋਧੀ ਬਿੱਲ ਪਾਸ

**ਕੋਲਕਾਤਾ-** ਪੱਛਮੀ ਬੰਗਾਲ ਅਸੈਂਬਲੀ ਨੇ ਦੋ ਰੋਜ਼ਾ ਵਿਸ਼ੇਸ਼ ਇਜਲਾਸ ਦੇ ਆਖਰੀ ਦਿਨ ਅੱਜ ਜਬਰ-ਜਨਾਹ ਵਿਰੋਧੀ ਬਿੱਲ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਵਿਰੋਧੀ ਧਿਰਾਂ ਨੇ ਵੀ ਬਿੱਲ ਦੀ ਪੂਰੀ ਹਮਾਇਤ ਕੀਤੀ। ਹਾਲਾਂਕਿ ਵਿਰੋਧੀ ਧਿਰ ਦੇ ਨੇਤਾ ਸੁਵੇਂਦੂ ਅਧਿਕਾਰੀ ਵੱਲੋਂ ਰੱਖੀਆਂ ਤਜਵੀਜ਼ਤ ਸੋਧਾਂ ਨੂੰ ਸਦਨ ਨੇ ਰੱਦ ਕਰ ਦਿੱਤਾ। ਵਿਰੋਧੀ



ਧਿਰਾਂ ਨੇ ਬਿੱਲ ਨੂੰ ਮਹਿਜ਼ 'ਢਕੌਂਸਲਾ' ਕਰਾਰ ਦਿੱਤਾ। ਬਿੱਲ ਦੇ ਖਰੜੇ ਮੁਤਾਬਕ ਜਬਰ-ਜਨਾਹ ਪੀੜਤਾ ਦੀ ਮੌਤ ਹੋਣ ਜਾਂ ਉਸ ਦੇ ਪੱਕੇ ਤੌਰ 'ਤੇ ਬੇਹੋਸ਼ੀ ਦੀ ਹਾਲਤ ਵਿਚ ਚਲੇ ਜਾਣ ਦੀ ਸੂਰਤ ਵਿਚ ਮੁਲਜ਼ਮ ਨੂੰ ਦੋਸ਼ੀ ਪਾਏ ਜਾਣ ਉਤੇ ਸਜ਼ਾ-ਏ-ਮੌਤ ਦਿੱਤੀ ਜਾ ਸਕਦੀ ਹੈ। ਬਿੱਲ ਵਿਚ ਬਲਾਤਕਾਰ ਦੇ ਦੋਸ਼ੀਆਂ ਲਈ ਬਿਨਾਂ ਪੈਰੋਲ ਤੋਂ ਉਮਰ ਕੈਦ ਦੀ ਸਜ਼ਾ ਦਾ ਵੀ ਪ੍ਰਬੰਧ ਹੈ। ਬਿੱਲ ਮੁਤਾਬਕ ਕੇਸ ਦਰਜ ਹੋਣ ਦੇ 21 ਦਿਨਾਂ ਅੰਦਰ ਜਾਂਚ ਮੁਕੰਮਲ ਕਰਨੀ ਹੋਵੇਗੀ। 'ਅਪਰਾਜਿਤਾ ਵੋਮੈਨ ਤੇ ਚਾਈਲਡ ਬਿੱਲ (ਪੱਛਮੀ ਬੰਗਾਲ ਫੌਜਦਾਰੀ ਕਾਨੂੰਨ ਤੇ ਸੋਧ) ਬਿੱਲ 2024 ਸਿਰਲੇਖ ਵਾਲੇ ਇਸ ਬਿੱਲ ਦਾ ਮੁੱਖ ਮੰਤਵ ਮਹਿਲਾਵਾਂ ਤੇ ਬੱਚਿਆਂ ਲਈ ਸੁਰੱਖਿਆ ਘੇਰੇ ਨੂੰ ਹੋਰ ਮਜ਼ਬੂਤ ਕਰਨਾ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਅੱਜ ਸਦਨ ਵਿਚ ਬਿੱਲ 'ਤੇ ਚਰਚਾ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਭਾਜਪਾ ਸ਼ਾਸਿਤ ਰਾਜਾਂ ਦੇ ਮੁੱਖ ਮੰਤਰੀਆਂ ਦੇ ਅਸਤੀਫ਼ੇ ਦੀ ਮੰਗ ਕੀਤੀ, ਜੋ ਮਹਿਲਾਵਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਅਜੇ ਤੱਕ ਅਸਰਦਾਰ ਕਾਨੂੰਨ ਲਾਗੂ ਨਹੀਂ ਕਰ ਸਕੇ। ਬੈਨਰਜੀ ਨੇ ਕਿਹਾ ਕਿ ਤਜਵੀਜ਼ਤ ਕਾਨੂੰਨ ਦਾ ਟੀਚਾ ਫੌਰੀ ਜਾਂਚ ਸ਼ੁਰੂ ਕਰਨਾ, ਛੇਤੀ ਨਿਆਂ ਯਕੀਨੀ ਬਣਾਉਣਾ ਤੇ ਦੋਸ਼ੀਆਂ ਲਈ ਵੱਡੀ ਸਜ਼ਾ ਯਕੀਨੀ ਬਣਾਉਣਾ ਹੈ। ਆਰਜੀ ਕਰ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਜੂਨੀਅਰ ਮਹਿਲਾ ਡਾਕਟਰ ਬਲਾਤਕਾਰ ਤੇ ਕਤਲ ਕੇਸ ਦੇ ਹਵਾਲੇ ਨਾਲ ਮੁੱਖ ਮੰਤਰੀ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਭਾਜਪਾ ਵਿਧਾਇਕਾਂ ਵੱਲੋਂ ਸਦਨ ਵਿਚ ਕੀਤੀ ਨਾਅਰੇਬਾਜ਼ੀ ਦਰਮਿਆਨ ਬੈਨਰਜੀ ਨੇ ਬਿੱਲ 'ਚ ਅੜਿੱਕਾ ਡਾਹੁਣ ਲਈ ਵਿਰੋਧੀ ਧਿਰ ਦੇ ਨੇਤਾ ਸੁਵੇਂਦੂ ਅਧਿਕਾਰੀ ਦੇ ਅਸਤੀਫ਼ੇ ਦੀ ਮੰਗ ਕੀਤੀ। ਮੁੱਖ ਮੰਤਰੀ ਨੇ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਕੇਂਦਰ ਸਰਕਾਰ ਮੌਜੂਦਾ ਕਾਨੂੰਨਾਂ ਵਿਚ ਸੋਧ ਕਰਕੇ ਸਖ਼ਤ ਧਾਰਾਵਾਂ ਸ਼ਾਮਲ ਕਰੇ।

# ਮਜ਼ਦੂਰ ਦਿਵਸ (Labor Day)



ਮਨਮੋਹਨ ਪੂਨੀ (ਨਿਊਯਾਰਕ)

ਧਰਤੀ ਉੱਤੇ ਵੱਸਦੇ ਸਾਰੇ ਦੇ ਸਾਰੇ ਦੇਸ਼ ਚਾਹੇ ਉਹ ਪੂਰੀ ਤਰ੍ਹਾਂ ਵਿਕਸਤ ਹਨ ਜਾਂ ਫਿਰ ਵਿਕਸਤ ਹੋ ਰਹੇ ਹਨ। ਕਿਰਤੀ ਵਰਗ ਦੀ ਹੀ ਦੇਣ ਹਨ। ਚੜ੍ਹਦੇ ਸੂਰਜ ਦੀ ਲੋਅ (Daw ) ਤੋਂ ਲਹਿੰਦੇ ਸੂਰਜ ਦੀ ਮੱਧਮ ਲੋਅ (Dusk) ਤੱਕ ਕੰਮ ਕਰਦੇ ਮਜ਼ਦੂਰਾਂ ਦੀ ਦਿਹਾੜੀ ਦੀ ਥਾਂ ਕੰਮ ਦਾ ਸਮਾਂ ਅੱਠ ਘੰਟੇ ਹੋਵੇ। ਦੁਨੀਆ ਭਰ ਦੇ ਮਜ਼ਦੂਰਾਂ ਵੱਲੋਂ ਕੀਤੇ ਲੰਬੇ ਸੰਘਰਸ਼ ਬਾਅਦ ਸੰਨ 1886 ਨੂੰ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿੱਚ ਇੱਕ ਦਿਨ ਦਾ ਕੰਮ 8 ਘੰਟੇ ਅਤੇ ਹਫ਼ਤੇ ਦਾ ਕੰਮ 40 ਘੰਟੇ ਹੋਵੇ ਦੀ ਜਿੱਤ ਹੋਈ ਸੀ। ਯਾਦ ਰਹੇ ਦਿਹਾੜੀ ਨੂੰ ਸਮਾਂ ਬੱਧ ਕਰਨ ਦੀ ਲੜਾਈ 1816 ਤੋਂ ਪਹਿਲਾਂ ਯੂਰਪੀ ਦੇਸ਼ਾਂ ਤੋਂ ਸ਼ੁਰੂ ਹੋਈ ਸੀ ਜੋ ਮਜ਼ਦੂਰਾਂ ਦੇ ਖੂਨ ਵਹਾਉਣ ਅਤੇ ਕੁਰਬਾਨੀਆਂ ਨਾਲ ਚਾਰ ਮਈ 1886 ਮਜ਼ਦੂਰਾਂ ਦੀ ਜਿੱਤ ਨਾਲ ਮੁੱਕੀ ਸੀ।

ਜਿਸ ਨੂੰ ਸ਼ਿਕਾਗੋ ਦੀ ਘਾਹ-ਮੰਡੀ ਕਾਂਡ (Heymarket irot ) ਵੀ ਕਿਹਾ ਜਾਂਦਾ ਹੈ ਕਿਉਂਕਿ ਹੱਕੀ ਮੰਗਾਂ ਦੀ ਲੜਾਈ ਲੜ ਰਹੇ ਮਜ਼ਦੂਰਾਂ ਉੱਤੇ ਹਾਕਮ ਦੀ ਲੱਠ-ਮਾਰ ਪੁਲੀਸ ਨੇ ਬੰਬ ਸੁੱਟਿਆ ਸੀ ਜਿਸ ਵਿੱਚ ਕਈ ਮਜ਼ਦੂਰ ਸ਼ਹੀਦ ਹੋਏ ਅਤੇ ਇੱਕ ਪੁਲਿਸ ਅਫ਼ਸਰ ਵੀ ਮਾਰਿਆ ਗਿਆ ਸੀ। ਦੁਨੀਆ ਦੇ 195 ਦੇਸ਼ਾਂ ਵਿੱਚੋਂ 175 ਤੋਂ ਵੱਧ ਦੇਸ਼ਾਂ ਵਿੱਚ ਕਿਰਤੀ ਦਿਵਸ ਪਹਿਲੀ ਮਈ ਨੂੰ ਮਨਾਇਆ ਜਾਂਦਾ ਹੈ। ਅਮਰੀਕਾ ਅਤੇ ਕੈਨੇਡਾ ਵਿੱਚ ਮਜ਼ਦੂਰ ਦਿਵਸ ਸਤੰਬਰ ਮਹੀਨੇ ਦੇ ਪਹਿਲੇ ਸੋਮਵਾਰ ਨੂੰ ਮਨਾਇਆ ਜਾਂਦਾ ਹੈ। ਇੰਨ੍ਹਾ ਦੇਸ਼ਾਂ ਦੀਆਂ ਅਗਾਂਹ-ਵਧੂ ਮਜ਼ਦੂਰ ਜਥੇਬੰਦੀਆਂ ਪਹਿਲੀ ਮਈ ਦੇ ਮਜ਼ਦੂਰ ਇਤਿਹਾਸ ਨੂੰ ਵੀ ਯਾਦ ਕਰਦੀਆਂ ਹਨ। ਕਿਰਤੀ ਵਰਗ ਵਲੋਂ ਕੀਤੇ ਸੰਘਰਸ਼ਾਂ ਨਾਲ ਮਿਲੀਆਂ ਜਿੱਤਾਂ ਨੂੰ ਕਾਇਮ ਜਾਂ ਬਰਕਰਾਰ ਰੱਖਣ ਲਈ ਪਹਿਰਾ ਦੇਣ ਅਤੇ ਯਾਦ ਰੱਖਣ ਦਾ ਸੰਘਰਸ਼ ਜ਼ਰੂਰੀ ਹੈ।

ਸਤੰਬਰ 5, 1882 ਨੂੰ ਅਮਰੀਕਾ ਦੇ ਸ਼ਹਿਰ ਮੈਨਹਾਟਨ (ਨਿਊਯਾਰਕ) ਵਿੱਚ ਯੂਨੀਅਨ ਸੁਕੇਅਰ ਨਾਮ ਦੇ ਪਾਰਕ ਵਿੱਚ ਅਮਰੀਕਨ ਮਜ਼ਦੂਰਾਂ ਨੇ ਹੇਅ ਮੰਡੀ ਸ਼ਿਕਾਗੋ ਦੇ ਸੰਘਰਸ਼ ਦੇ ਹੱਕ ਵਿੱਚ ਵੱਡਾ ਇਕੱਠ ਕੀਤਾ ਸੀ ਅਤੇ ਬਾਅਦ 'ਚ ਕਈ ਅਮਰੀਕਨ ਸੂਬਿਆਂ ਵੱਲੋਂ ਇਸ ਦਿਨ ਦੀ ਛੁੱਟੀ ਕੀਤੀ ਜਾਂਦੀ ਸੀ। ਜਿਸ ਨੂੰ ਤੱਕਦਿਆਂ 1894 ਨੂੰ ਅਮਰੀਕਨ ਕਾਂਗਰਸ ਨੇ ਸਤੰਬਰ ਮਹੀਨੇ ਦੇ ਪਹਿਲੇ ਸੋਮਵਾਰ ਨੂੰ ਲੇਬਰ ਡੇਅ ਅਤੇ ਫੈਡਰਲ ਦੀ ਪੱਕੀ ਛੁੱਟੀ ਕਰਕੇ ਸਹੀ ਪਾਈ ਸੀ। ਸਤੰਬਰ ਮਹੀਨੇ ਦੇ ਪਹਿਲੇ ਸੋਮਵਾਰ ਨੂੰ ਅਮਰੀਕਾ ਵਿੱਚ ਲੇਬਰ ਡੇਅ ਦਾ ਨਾਮ ਦੇਣ ਪਿੱਛੇ ਰਾਜਨੀਤਿਕ ਕਾਰਨ ਹਨ ਕਿ ਮਈ ਇੱਕ ਦਾ ਪਵਿੱਤਰ ਅਕਸ਼ ਧੁੰਦਲਾ ਕੀਤਾ ਜਾ ਸਕੇ ਕਿਉਂਕਿ ਮਜ਼ਦੂਰ ਯੂਨੀਅਨਾਂ ਦਾ ਦੂਜਾ ਕੌਮਾਂਤਰੀ ਇਕੱਠ ਜੋ 1889 ਨੂੰ ਯੂਰਪ ਵਿੱਚ ਹੋਇਆ ਸੀ ਜਿਸ ਵਿੱਚ ਹੀ ਮਈ ਪਹਿਲੀ ਨੂੰ ਦੁਨੀਆ ਭਰ ਵਿੱਚ ਮਜ਼ਦੂਰ ਦਿਨ ਮਨਾਉਣ ਦਾ ਫੈਸਲਾ ਹੋਇਆ ਸੀ ਜਿਸ ਨੂੰ ਅਮਰੀਕਨ ਮਜ਼ਦੂਰ ਜਮਾਤ ਭੁੱਲ ਜਾਵੇ।

ਮਈ ਇੱਕ ਨੂੰ ਦੁਨੀਆ ਭਰ ਦੇ ਮਜ਼ਦੂਰ ਆਪਣੀਆਂ ਜਿੱਤਾਂ ਅਤੇ ਕੰਮ ਦੀ ਹਾਲਤਾਂ ਉੱਤੇ ਚਰਚਾ ਕਰਦੇ ਹਨ। ਰਚੀ-ਮਿੱਥੀ ਵਿਉਂਤ-ਵੰਦੀ ਨਾਲ ਅਮਰੀਕਨ ਮਜ਼ਦੂਰ ਜਮਾਤ ਸਤੰਬਰ ਪਹਿਲੀ ਨੂੰ ਸੰਘਰਸ਼ਾਂ ਦੇ ਵਿਸ਼ਲੇਸ਼ਣ ਕਰਨ ਦੀ ਥਾਂ ਮੌਜ ਮੇਲਾ ਕਰਦੀ ਹੈ ਕੁੱਕੜ ਭੁੰਨਦੀ ਹੈ ਬੀਅਰਾਂ ਪੀਂਦੀ ਹੈ ਅਤੇ ਮਸਤੀ ਕਰਦੀ ਹੈ। ਸਤੰਬਰ ਦੇ ਪਹਿਲੇ ਸੋਮਵਾਰ ਭਾਵ ਲੇਬਰ ਡੇਅ ਤੋਂ ਬਾਅਦ ਬੱਚਿਆਂ ਦੇ ਸਕੂਲ ਖੁੱਲ ਜਾਂਦੇ ਹਨ ਗਰਮੀ ਦਾ ਮੌਸਮ ਮੁੱਕ ਜਾਂਦਾ ਹੈ ਠੰਡਾ ਮੌਸਮ ਪਰਤ ਆਉਂਦਾ ਹੈ ਫਿਰ ਕਾਮਾ ਜਮਾਤ ਮਸ਼ੀਨ ਨਾਲ ਮਸ਼ੀਨ ਬਣਕੇ ਦੌੜਦੀ ਹੈ। ਰਾਜਨੀਤੀ ਆਪਣੀ ਕਲਾ ਨਾਲ ਕਿਰਤੀ ਲੋਕਾਂ ਨੂੰ ਹੱਕ-ਸੱਚ ਦੇ ਰੱਸਤਿਆਂ ਤੋਂ ਲਾਹ ਦੇਣ ਦੇ ਪੂਰੇ ਦਾਅ-ਪੇਚ ਖੇਡਦੀ ਹੈ ਅਤੇ ਕਿਰਤੀ ਦੇ ਜੁਝਾਰੂ ਪੱਖ ਨੂੰ ਖੁੰਡਾ ਕਰਦੀ ਹੈ।

ਇਹ ਸੋਚਾਂ 'ਚ ਪਾਉਣ ਵਾਲੀ ਸਥਿਤੀ ਤੋਂ ਅੱਗੇ ਜਾਵਾਂਗੇ ਤਾਂ ਅੱਖਾਂ ਖੁੱਲ੍ਹੀਆਂ ਰਹਿ ਜਾਂਦੀਆਂ ਹਨ ਕਿ ਮਾਇਆ ਪੱਖੋਂ ਤੱਕੜੇ ਦੇਸ਼ਾਂ ਵਿੱਚ ਵੀ ਲੇਬਰ ਡੇਅ ਮਨਾਏ ਤਾਂ ਜਾਂਦੇ ਹਨ ਪਰ ਮਈ ਇੱਕ ਦੀ ਥਾਂ ਵੱਖ ਵੱਖ ਤਾਰੀਖਾਂ ਨੂੰ, ਜਿਵੇਂ ਇੰਗਲੈਂਡ ਅਤੇ ਆਇਰਲੈਂਡ ਵਿੱਚ ਮਈ ਇੱਕ ਤੋਂ ਬਾਅਦ ਪਹਿਲਾਂ ਸੋਮਵਾਰ, ਆਸਟਰੇਲੀਆ ਵਿੱਚ ਮਾਰਚ ਮਹੀਨੇ ਦਾ ਪਹਿਲਾ ਅਤੇ ਦੂਜਾ ਸੋਮਵਾਰ, ਨਿਊਜ਼ੀਲੈਂਡ ਵਿੱਚ ਅਕਤੂਬਰ ਦੇ ਚੌਥੇ ਸੋਮਵਾਰ ਨੂੰ ਲੇਬਰ ਡੇਅ ਮਨਾਏ ਜਾਂਦੇ ਹਨ।

ਮਜ਼ਦੂਰ, ਕਿਰਤੀ ਜਾਂ ਕਾਮਾ ਜਮਾਤ ਜਿਸ ਵਿੱਚ ਕਿਸਾਨ, ਖੇਤ ਮਜ਼ਦੂਰ, ਫੈਕਟਰੀ ਮਜ਼ਦੂਰ , ਛੋਟੀਆਂ ਸਨਅਤਾਂ ਨਾਲ ਜੁੜੇ ਹੋਏ ਮਜ਼ਦੂਰ ਅਤੇ ਮੌਸਮੀ ਮਜ਼ਦੂਰ ਆਉਂਦੇ ਹਨ। ਇਨ੍ਹਾਂ ਦੇ ਦੁੱਖ ਦਰਦ ਦੀਆਂ ਅਨੇਕਾਂ ਕਹਾਣੀਆਂ ਹਨ। ਜੇਕਰ ਕਾਮਾ ਜਮਾਤ ਜਾਂ ਕਿਰਤੀ ਵਰਗ ਆਪਣੇ ਦਿਨ ਵਿਹਾਰ ਹੀ ਭੁੱਲ ਜਾਵੇਗਾ ਤਾਂ ਫਿਰ ਆਉਣ ਵਾਲਾ ਸਮਾਂ ਬਹੁਤ ਘਾਤਕ ਸਿੱਧ ਹੋ ਸਕਦਾ ਹੈ। ਧਰਤੀ ਬੰਜਰ ਹੋ ਜਾਵੇਗੀ॥ ਕਿਰਤੀ ਵਰਗ ਨੂੰ ਲੁੱਟੇਰੀ ਜਮਾਤ ਦੇ ਦਾਅ-ਪੇਚਾਂ ਤੋਂ ਬੱਚਣ ਲਈ ਆਪਣੀਆਂ ਜਥੇਬੰਦੀਆਂ ਨੂੰ ਤਕੜਾ ਕਰਕੇ ਸੰਘਰਸ਼ਾਂ ਦੇ ਰਾਹ ਤੁਰਨਾ ਚਾਹੀਦਾ ਹੈ। ਦੁਨੀਆ ਭਰ ਦੀ ਕਿਰਤੀ ਜਮਾਤ ਨੂੰ "ਏਕੇ" ਦੀ ਝੰਡਾ ਬਰਦਾਰੀ ਕਰਨੀ ਚਾਹੀਦੀ ਹੈ ਕਿਉਂਕਿ 99% ਧਰਤੀ ਦੇ ਲੋਕਾਂ ਦਾ ਬੋਝ ਮਜ਼ਦੂਰ ਵਰਗ ਦੇ ਮੋਢਿਆਂ ਉੱਪਰ ਹੈ।

ਕਿਰਤੀ ਲੋਕਾਂ ਦੇ "ਏਕੇ" ਦੀ ਸ਼ਕਤੀ ਸਾਰੀਆਂ ਸ਼ਕਤੀਆਂ ਤੋਂ ਸ਼ਕਤੀਸ਼ਾਲੀ ਹੈ।

ਲੇਬਰ ਡੇਅ ਦੀ ਵਧਾਈ ਹੋਵੇ !!

ਮਜ਼ਦੂਰ ਦਿਵਸ ਦੀ ਵਧਾਈ ਹੋਵੇ!!

# ਪਾਠਕ ਦੇ ਦਿਲ-ਦਿਮਾਗ ਨੂੰ ਸ਼ਿੰਗਾਰਦੀ ਪੁਸਤਕ 'ਗਿਆਨ ਦੇ ਗਹਿਣੇ'

**ਡਾ. ਧਰਮਪਾਲਾ ਸਾਹਿਲ 98761-56964**

ਸ਼੍ਰੋਮਣੀ ਬਾਲ ਸਾਹਿਤਕਾਰ ਬਲਜਿੰਦਰ ਮਾਨ ਕਿਸੇ ਰਸਮੀ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਬੇਸ਼ੱਕ ਸਾਹਿਤ ਜਗਤ ਵਿੱਚ ਉਸਦੀ ਪਛਾਣ ਇੱਕ ਬਾਲ ਸਾਹਿਤ ਲੇਖਕ ਅਤੇ ਬਾਲ ਸਾਹਿਤ ਪੱਤ੍ਰਕਾ 'ਨਿੱਕੀਆਂ ਕਰੂੰਬਲਾਂ' ਦੇ ਤੌਰ ਤੇ ਸਥਾਪਿਤ ਹੋ ਚੁੱਕੀ ਹੈ, ਪਰ ਉਹ ਇੱਕ ਬਹੁ ਪਰਤੀ ਸ਼ਖ਼ਸੀਅਤ ਵਾਲਾ ਇਨਸਾਨ ਅਤੇ ਬਹੁ ਵਿਧਾਵੀ ਲੇਖਕ ਹੈ। ਉਹ ਇੱਕੋ ਸਮੇਂ ਉੱਘਾ ਅਧਿਆਪਕ, ਲੇਖਕ, ਸੰਪਾਦਕ, ਅਨੁਵਾਦਕ, ਰੀਵਿਊਕਾਰ, ਪ੍ਰਕਾਸ਼ਕ, ਮੰਚ ਸੰਚਾਲਕ, ਪੱਤਰਕਾਰ ਖੇਤਰ ਵਿੱਚ ਨਾਮਨਾ ਖੱਟ ਚੁੱਕਾ ਹੈ। ਇੰਜ ਹੀ ਲੇਖਣ ਵਿੱਚ ਬਾਲ ਸਾਹਿਤ, ਸਫ਼ਰਨਾਮਾ, ਬਾਲ ਕਹਾਣੀ, ਬਾਲ ਕਵੀ, ਬਾਲ ਨਾਟਕਕਾਰ ਵਾਰਤਕਦਾਰ ਦੇ ਤੌਰ ਤੇ ਵੀ ਪੰਜਾਬੀ ਸਾਹਿਤ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾ ਚੁੱਕਿਆ ਹੈ। ਬਲਜਿੰਦਰ ਮਾਨ ਦੀਆਂ ਹੁਣ ਤੱਕ 24 ਮੌਲਿਕ ਪੁਸਤਕਾਂ ਅਤੇ 6 ਅਨੁਵਾਦਤ ਪੁਸਤਕਾਂ ਸਾਹਿਤ ਜਗਤ ਦਾ ਸ਼ਿੰਗਾਰ ਬਣੀਆਂ ਹਨ। ਉਸਦਾ ਨਵਪ੍ਰਕਾਸ਼ਿਤ ਲੇਖ ਸੰਗ੍ਰਹਿ ਉਗਿਆਨ ਦੇ ਗਹਿਣੇ" 50 ਗਿਆਨ ਵਰਧਕ ਲੇਖਾਂ ਦਾ ਗੁਲਦਸਤਾ ਹੈ। ਇਨ੍ਹਾਂ ਲੇਖਾਂ ਨੂੰ ਲੇਖਕ ਨੇ ਪੰਜ ਸਿਰਲੇਖਾਂ ਹੇਠ ਵੰਡਿਆ ਹੈ। ਪਹਿਲਾ ਬਾਲ ਜੀਵਨ, (7 ਲੇਖ), ਦੂਸਰਾ ਸਮਾਜਿਕ ਸਰੋਕਾਰ (14 ਲੇਖ), ਤੀਸਰਾ ਸਿੱਖਿਆ ਸੰਸਾਰ (11 ਲੇਖ) ਚੌਥਾ ਸਾਹਿਤ ਦੇ ਸੱਭਿਆਚਾਰ (10 ਲੇਖ) ਅਤੇ ਪੰਜਵਾਂ ਭਾਗ ਹੈ ਨਜ਼ਰੀਆ (8 ਲੇਖ) ਹੈ। ਪੁਸਤਕ ਦਾ ਸਿਰਲੇਖ 'ਗਿਆਨ ਦੇ ਗਹਿਣੇ' ਹੀ ਆਪਣੇ ਆਪ ਵਿੱਚ ਅਦਰਸ਼ਕ ਅਤੇ ਅਰਥ ਭਰਪੂਰ ਹੈ ਅਤੇ ਪੁਸਤਕ ਵਿਚਲੀ ਪਠਨ ਸਮਗਰੀ ਦੇ ਮੂਲ ਸੰਦੇਸ਼ ਵਲ ਇਸ਼ਾਰਾ ਕਰ ਦਿੰਦਾ ਹੈ। ਪਹਿਲੇ ਭਾਗ ਬਾਲ ਜੀਵਨ ਵਿੱਚ ਦਰਜ 7 ਲੇਖ ਬਾਲ ਵਰੇਸ ਵਿੱਚ ਬੱਚਿਆਂ ਵਿੱਚ ਪੜ੍ਹਨ ਦੀ ਰੁਚੀ ਨੂੰ ਪੈਦਾ ਕਰਨਾ, ਬਾਲ ਸਾਹਿਤ ਦੀ ਬਗੀਚੀ 'ਚ ਖੇਡਣ ਵਿਚਰਨ, ਬਾਲਾਂ ਲਈ ਨਰਸਰੀ ਗੀਤਾਂ ਦੀ ਲੋੜ, ਇੰਟਰਨੈਟ ਕਰਕੇ ਬੱਚਿਆਂ ਦਾ ਛੋਟੀ ਉਮਰ ਹੀ ਮੈਦਾਨੀ ਖੇਡਾਂ ਤੋਂ ਦੂਰ ਹੋਣਾ, ਬਾਲਾਂ ਵਿਚ ਨੈਤਿਕਤਾ ਅਤੇ ਨਿਮਰਤਾ ਜਿਹੇ ਗਹਿਣਿਆਂ ਨਾਲ ਸ਼ਿੰਗਾਰਨ ਦੀ ਗੱਲ ਕੀਤੀ ਗਈ ਹੈ।

ਪੁਸਤਕ ਦੇ ਸਮਾਜਿਕ ਸਰੋਕਾਰ ਵਾਲੇ ਭਾਗ ਵਿਚਲੇ 14 ਲੇਖਾਂ 'ਚ ਵੀ ਲੇਖਕ ਬਾਲਾਂ ਨੂੰ ਹੀ ਕੇਂਦਰ ਵਿੱਚ ਰੱਖ ਕੇ ਉਸ ਨਾਲ ਜੁੜੇ ਅਤੇ ਵੱਡਿਆਂ ਨਾਲ ਸੰਬੰਧਤ ਕੁਝ ਵਡਮੁੱਲੇ ਨੁਕਤਿਆਂ ਵੱਲਇਸ਼ਾਰਾ ਕਰਦਾ ਹੈ। ਮਿੱਠੀ ਬੋਲ ਬਾਣੀ ਨਾਲ ਨਿਖਰਦੀ ਸ਼ਖ਼ਸ਼ੀਅਤ, ਸਹਿਣਸ਼ੀਲਤਾ ਦਾ ਗੁਣ, ਮਾਨਵਵਾਦੀ ਸੋਚ, ਮਾਂ ਦੀ ਘੂਰੀ ਬਨਾਮ ਮਿੱਠੀ ਚੂਰੀ, ਅੱਲ੍ਹੜ ਉਮਰ ਦੀ ਮਾਨਸਿਕਤਾ ਨੂੰ ਸਭਿਆਚਾਰਕ ਪ੍ਰਦੂਸ਼ਣ ਤੋਂ ਬਚਾਉਣ ਦੀ ਲੋੜ, ਅਜੋਕੇ ਸਮੇਂ ਮਾਪਿਆਂ ਲਈ ਵੰਗਾਰ, ਖੇਡਾਂ ਰਾਹੀ ਸਿਹਤ ਤੇ ਸਮਾਜ ਨੂੰ ਨਰੋਆ ਬਣਾਉਣਾ, ਨਿੱਕੀ ਉਮਰੇ ਸੰਗੀ ਸਾਥੀਆਂ ਦੀ ਚੋਣ, ਮਿੱਠੀ ਬੋਲ ਬਾਣੀ, ਸ਼ੁੱਧ ਵਿਚਾਰਾਂ ਨਾਲ ਉੱਚਾ ਸੁੱਚਾ ਕਿਰਦਾਰ ਬਣਾਉਣਾ, ਨਵੀਆਂ ਪੈੜਾਂ ਪਾਉਣ ਦੀ ਲੋੜ, ਭੁੱਲਦੀਆਂ-ਵਿਸਰਦੀਆਂ ਜਾਂਦੀਆਂ ਰਹੁ ਰੀਤਾਂ ਆਦਿ ਤੇ ਚਾਣਨਾ ਪਾਇਆ ਗਿਆ ਹੈ। ਨਾਲ ਹੀ ਰਿਸ਼ਤਿਆਂ 'ਚ ਆ ਰਿਹਾ ਸਵਾਰਥੀਪਣ ਅਤੇ ਲੇਖਕ ਵਲੋਂ ਪੱਤਰਕਾਰੀ ਦੀ ਸ਼ੁਰੂਆਤ ਨਾਲ ਜੁੜੇ ਲੇਖ ਵੀ ਸ਼ਾਮਿਲ ਕੀਤੇ ਗਏ ਹਨ।

ਪੁਸਤਕ ਦੇ ਸਿੱਖਿਆ ਸੰਸਾਰ ਵਾਲੇ ਭਾਗ ਵਿੱਚ 11 ਲੇਖਾਂ ਰਾਹੀਂ ਜਿੱਥੇ ਮੁੱਢਲੇ ਸਿੱਖਿਆ ਢਾਂਚੇ 'ਚ ਮੁਧਾਰਾਂ ਦੀ ਲੋੜ ਵੱਲ ਸੰਕੇਤ ਕੀਤਾ ਗਿਆ ਹੈ, ਉੱਥੇ ਅਧਿਆਪਕ ਨੂੰ ਮਹਿਜ ਰੋਬੋਟ ਬਣਾ ਕੇ ਉਸ ਨੂੰ ਉਸਦੇ ਮੂਲ ਕਿੱਤੇ ਤੋਂ ਭਟਕਾਉਣ ਤੇ ਚਿੰਤਾ ਪ੍ਰਗਟ ਕੀਤੀ ਗਈ ਹੈ। ਸਕੂਲ ਬੱਚਿਆਂ ਨੂੰ ਛੁੱਟੀਆਂ ਦਾ ਟਾਈਮ ਟੇਬਲ ਬਣਾ ਕੇ, ਮਨ ਤੇ ਬੁੱਧੀ ਨੂੰ ਇਕਾਗਰ ਕਰਕੇ, ਹਾਕਾਂ ਮਾਰਦੀਆਂ ਕਿਤਾਬਾਂ ਦੇ ਲੜ ਲੱਗ ਕੇ ਆਪਣਾ ਜੀਵਨ ਸਫਲ ਕਰਨ ਦੀ ਗੁੜ੍ਹਤੀ ਵੀ ਦਿੱਤੀ ਗਈ ਹੈ। ਪੁਸਤਕ ਦਾ 'ਸਾਹਿਤ ਅਤੇ ਸੱਭਿਆਚਾਰ' ਭਾਗ ਨਿਰੋਲ ਪੰਜਾਬੀ ਸਾਹਿਤ ਦੀ ਮੌਜੂਦਾ ਦਸ਼ਾ ਅਤੇ ਦਿਸ਼ਾ ਅਤੇ ਦੁਆਬੇ ਦੀ ਆਂਚਲਿਕਤਾ ਦੀ ਬਾਤ ਪਾਉਂਦੇ ਦਸ ਲੇਖਾਂ ਨੂੰ ਪੇਸ਼ ਕਰਦਾ ਹੈ। ਮਾਂ ਬੋਲੀ ਦੇ ਮਹੱਤਤਾ ਤੇ ਉਸਦੀ ਵਰਤਮਾਨ ਹਾਲਤ, ਸਰਕਾਰਾਂ ਦੇ ਸੁੱਕੇ ਹੇਜ, ਅੰਬਾਂ ਦੀ ਪਛਾਣ ਵਾਲੇ ਦੁਆਬੇ ਦੀ ਮੌਜੂਦਾ




ਹਾਲਤ, ਸਿੱਖਿਆ ਵਿੱਚ ਅਸਮਾਨਤਾ, ਇੰਟਰਨੈਟ ਦੇ ਪਸਾਰ ਦੇ ਸਭਿਆਚਾਰ ਤੇ ਪੈ ਰਹੇ ਵਿਨਾਸ਼ਕਾਰੀ ਪ੍ਰਭਾਵ, ਰੁੱਖਾਂ ਦੀ ਮਹੱਤਤਾ ਅਤੇ ਮਾਹਿਲਪੁਰ ਵਿਖੇ ਆਯੋਜਿਤ ਹੁੰਦੇ ਸ਼ੌਂਕੀਂ ਮੇਲੇ ਦੀਆਂ ਖੱਟੀਆਂ-ਮਿੱਠੀਆਂ ਯਾਦਾਂ ਤੇ ਵੀ ਤਬਸਰਾ ਕੀਤਾ ਗਿਆ ਹੈ। ਪੁਸਤਕ ਦੇ ਅੰਤਿਮ ਭਾਗ ਵਿੱਚ ਸੰਕਲਿਤ 8 ਲੇਖਾਂ ਵਿੱਚ ਸਮੁਚੀ ਮਨੁੱਖਤਾ ਲਈ ਬਾਬੇ ਨਾਨਕ ਦੇ ਸੁਨੇਹਾ, ਮਾਹਿਲਪੁਰ ਦੇ ਫੁੱਟਬਾਲ ਸੰਸਾਰ, ਨਵੀਂ ਪੀੜ੍ਹੀ ਦਾ ਵਿਦੇਸ਼ਾਂ ਵੱਲ ਵੱਧ ਰਿਹਾ ਰੁਝਾਨ, ਗੁਰੂਆਂ ਦੀ ਲੋੜ, ਲੇਖਕ ਤੋਂ ਪਹਿਲਾਂ ਪਾਠਕ ਬਣਨ ਦਾ ਮੰਤਰ ਦੇ ਨਾਲ-ਨਾਲ ਪੰਜਾਬੀ ਬਾਲ ਸਾਹਿਤ ਦੇ ਵਿਕਾਸ, ਪ੍ਰਚਾਰ ਤੇ ਪਸਾਰ ਲਈ ਨੁਕਤੇ ਸਾਂਝੇ ਕੀਤੇ ਗਏ ਹਨ। ਪੁਸਤਕ ਵਿਚਲੇ ਲੇਖਾਂ 'ਚੋਂ ਗੁਜ਼ਰਨ ਮਗਰੋਂ ਇਹ ਗੱਲ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ ਕਿ ਲੇਖਕ ਬਲਜਿੰਦਰ ਮਾਨ ਦੀ ਸੋਚ ਬਾਲ ਵਰੇਸ ਦੇ ਬੱਚਿਆਂ ਦੇ ਨਿਖਾਰ, ਨੈਤਿਕਤਾ, ਰਫਤਾਰ, ਗੁਫ਼ਤਾਰ ਤੇ ਦਸਤਾਰ ਲਈ ਬਹੁਤ ਫਿਕਰਮੰਦ ਹੈ। ਸਭਿਆਚਾਰਕ ਪ੍ਰਦੂਸ਼ਣ ਅਤੇ ਇੰਟਰਨੈਟ ਦੀ ਮਾਰ ਇਸ ਪੁਸਤਕ ਵਿੱਚ ਲੇਖਕ ਅਤੇ ਲੇਖਾਂ 'ਚ ਉਸ ਦਾ ਬਚਪਨ, ਕਿਸ਼ੋਰ ਅਵਸਥਾ ਅਤੇ ਜਵਾਨੀ ਦਾ ਸਫ਼ਰ ਵੀ ਨਾਲੋ ਨਾਲ ਚਲਦਾ ਹੈ। ਕਾਲਜ ਵਿਦਿਆਰਥੀ ਤੋਂ ਪੱਤਰਕਾਰ, ਸਭਿਆਚਾਰਕ ਮੇਲਿਆਂ ਦਾ ਸੰਚਾਲਨ, ਅਧਿਆਪਕ, ਸਾਹਿਤਕਾਰ ਦੀ ਯਾਤਰਾ ਵੀ ਜਾਰੀ ਰਹਿੰਦੀ ਹੈ। ਇਸ ਸਫ਼ਰ ਦੌਰਾਨ ਲੇਖਕ ਨੇ ਬਦਲਦੇ ਸਮੇਂ ਨਾਲ ਬੱਚਿਆਂ ਦੀ ਬਦਲਦੀ ਦੁਨੀਆਂ ਨੂੰ ਵੀ ਬੜੀ ਸੰਜੀਦਗੀ, ਸੂਖ਼ਮਤਾ ਅਤੇ ਖ਼ੁਰਦਬੀਨੀ ਨਿਗਾਹ ਨਾਲ ਵਾਚਿਆ ਤੇ ਮਹਿਸੂਸ ਕੀਤਾ ਹੈ। ਲੇਖਕ ਨੇ ਇਸ ਸਾਰੇ ਵਰਤਾਰੇ ਨੂੰ ਜਜ਼ਬ ਕਰਕੇ, ਉਸਦਾ ਚਿੰਤਨ ਅਤੇ ਮੰਥਨ ਕਰਨ ਉਪਰੰਤ ਜੋ ਸਿੱਟੇ ਕੱਢੇ ਹਨ, ਉਨ੍ਹਾਂ ਨੂੰ ਸਿਰਫ਼ ਕਾਗਜ਼ੀ ਰੂਪ ਨਹੀਂ ਦਿੱਤਾ ਸਗੋਂ ਬੱਚਿਆਂ ਰਾਹੀਂ ਅਮਲੀ ਜਾਮਾ ਪੁਆਉਣ ਦੀ ਵੀ ਪੂਰੀ ਕੋਸ਼ਿਸ਼ ਕੀਤੀ ਹੈ ਤੇ ਆਪ ਖ਼ੁਦ ਇਕ ਰੋਲ ਮਾਡਲ ਵਾਂਗ ਵਿਚਰਿਆ ਹੈ।

ਬਲਜਿੰਦਰ ਮਾਨ ਵਲੋਂ ਅਰਜਿਤ ਗਿਆਨ ਅਤੇ ਅਨੁਭਵ 'ਚੋਂ ਕੁਝ ਮੋਤੀ ਤਰਤੀਬਵਾਰ ਪਰੋ ਕੇ ਇਨ੍ਹਾਂ ਲੇਖਾਂ ਦੀ ਸ਼ਕਲ ਵਿੱਚ ਪਾਠਕਾਂ ਦੇ ਸਨਮੁੱਖ ਕੀਤੇ ਹਨ।ਲੇਖਕ ਬੱਚਿਆਂ ਨੂੰ ਨਰੋਏ ਤੇ ਨਿਵੇਕਲੇ ਸੰਸਕਾਰ ਦੇਣ ਲਈ ਉਸਦੀ ਮਾਂ ਦੀ ਭੂਮਿਕਾ ਨੂੰ ਅਹਿਮ ਦੱਸਦਾ ਹੈ, ਜਿਸ ਦੇ ਪ੍ਰਮਾਣ ਵਜੋਂ ਉਹ ਆਪਣੀ ਮਾਤਾ ਵਲੋਂ ਉਸ ਨੂੰ ਗਾਲ੍ਹਾ ਕੱਢਣ ਤੋਂ ਵਰਜਣ ਲਈ ਸਹੀ ਸਮੇਂ ਤੇ ਲਏ ਸਹੀ ਕਦਮ ਦੀ ਪੁਸ਼ਟੀ ਕਰਦਾ ਹੈ ਤੇ ਫਿਰ ਉਹ ਬੇਟਾ ਮਾਨ ਭਵਿੱਖ ਵਿੱਚ 'ਮੂੰਹ 'ਚੋਂ ਫੁੱਲ ਕਿਰਨ ਵਾਲਾ' ਦੀ ਸਮਾਜਕ ਉਪਾਧੀ ਨਾਲ ਵਿਭੂਸ਼ਿਤ ਹੁੰਦਾ ਹੈ। ਦੂਸਰੇ ਨੰਬਰ ਤੇ ਲੇਖਕ ਅਧਿਆਪਕ ਨੂੰ ਵਿਦਿਆਰਥੀ ਦੇ ਵਿਅਕਤੀਤਵ ਦੇ ਸੰਪੂਰਣ ਵਿਕਾਸ ਲਈ ਜ਼ਿੰਮੇਦਾਰ ਸਮਝਦਾ ਹੈ।ਇਸ ਲਈ ਉਹ ਲਿਖਦਾ ਹੈ। ਉਮਾਂ-ਪਿਉ ਤੇ ਗੁਰੂ ਦਾ ਚੰਡਿਆ ਬੱਚਾ-ਜ਼ਿੰਦਗੀ ਵਿੱਚ ਇੱਕ ਕਾਮਯਾਬ ਇਨਸਾਨ ਬਣਦਾ ਹੈ।" ਇੰਜ ਉਹ ਇਸ ਦੀ ਨੈਤਿਕ ਜ਼ਿੰਮੇਦਾਰੀ ਸਮਾਜ ਦੇ ਪ੍ਰਮੁੱਖ ਧੁਰਿਆਂ ਤੇ ਨਿਰਧਾਰਤ ਕਰਦਾ ਹੈ।

ਇੰਟਰਨੈਟ ਰਾਹੀਂ ਛੋਟੀ ਉਮਰੇ ਹੀ ਬੱਚਿਆਂ ਅੰਦਰ ਭੜਕ ਰਹੀ ਕਾਮ ਵਾਸਨਾ, ਅਸ਼ਲੀਲਤਾ ਪ੍ਰਤੀ ਮੋਹ, ਲਿੰਗਕ ਰਿਸ਼ਤਿਆਂ ਵਿਚਲਾ ਵਹਿਸ਼ੀਪੁਣਾ ਤੇ ਕਰੂਰਤਾ ਅਤੇ ਅਸੁਰੱਖਿਆ ਲਈ ਜ਼ਿੰਮੇਵਾਰ ਠਹਿਰਾਉਂਦਾ ਹੈ। ਇਨ੍ਹਾਂ ਅਲਾਮਤਾਂ ਦੀ ਚੁੰਗਲ 'ਚੋਂ ਨਵੀਂ ਪੀੜ੍ਹੀ ਨੂੰ ਬਚਾਉਣ ਲਈ ਸਾਹਿਤ ਪੜ੍ਹਣ, ਸਿਰਜਣ, ਖੇਡਾਂ 'ਚ ਸ਼ਮੂਲੀਅਤ ਅਤੇ ਨੇਕ ਲੋਕਾਂ ਦੀ ਸੰਗਤ ਨੂੰ ਬੇਹੱਦ ਜ਼ਰੂਰੀ ਸਮਝਦਾ ਹੈ। ਬੱਚਿਆਂ ਨੂੰ ਕਦੋਂ ,ਕਿਸ ਹੱਦ ਤੱਕ, ਕਿਸ ਲਈ ਇੰਟਰਨੈਟ ਦੀ ਵਰਤੋਂ ਕਰਨ ਦੇਣੀ ਹੈ, ਇਸ ਵਾਰੇ ਮਾਪਿਆਂ ਨੂੰ ਸਚੇਤ ਕਰਦਾ ਹੈ। ਮਹਾਂ ਪੁਰਖਾਂ ਦੀਆਂ ਜੀਵਨੀਆਂ, ਉਨ੍ਹਾਂ ਦੀ ਬਾਣੀ ਤੋਂ ਸਿੱਖਿਆ ਤੇ ਸਬਕ ਲੈ ਕੇ ਉਸਨੂੰ ਜ਼ਿੰਦਗੀ ਵਿੱਚ ਢਾਲਣ ਲਈ ਪ੍ਰੇਰਿਤ ਕਰਦਾ ਹੈ। ਕਲਾ ਦੇ ਕਿਸੇ ਵੀ ਰੂਪ ਨਾਲ ਜੁੜਕੇ, ਉਸ ਦੀ ਸਾਧਨਾ, ਅਰਾਧਨਾ ਜ਼ਰੀਏ ਪਵਿਤਰਤਾ, ਸੱਚਾਈ ਤੇ ਨੈਤਿਕਤਾ ਨੂੰ ਹਾਸਿਲ ਕਰਨ ਦੀ ਦੁਹਾਈ ਦਿੰਦਾ ਹੈ। ਇਸ ਕਰਕੇ ਵਿਸ਼ੇਸ਼ ਬੱਚਿਆਂ ਦੇ ਸੰਤੁਲਿਤ ਵਿਕਾਸ ਤੇ ਪੈ ਰਹੇ ਮਾੜੇ ਅਸਰ, ਸਾਹਿਤ ਅਤੇ ਸਭਿਆਚਾਰ ਤੋਂ ਦੂਰ ਹੁੰਦੀ ਜਾ ਰਹੀ ਨਵੀਂ ਪੀੜ੍ਹੀ ਬਾਰੇ ਪੁਖਤਾ ਢੰਗ ਨਾਲ ਚਿੰਤਾ ਪ੍ਰਗਟ ਕੀਤੀ ਗਈ ਹੈ। ਖੁਰਦੀ ਜਾਂਦੀ ਦੁਆਬੇ ਦੀ ਆਂਚਲਿਕਤਾ ਦੀ ਪਛਾਣ ਪ੍ਰਤੀ ਵੀ ਲੇਖਕ ਫਿਕਰਮੰਦ ਹੈ ਅਤੇ ਲੇਖਕ ਨੇ ਆਪਣੇ ਨਿਜੀ ਜੀਵਨ ਦੀਆਂ ਪ੍ਰੇਰਣਾਦਾਇਕ ਘਟਨਾਵਾਂ ਦਾ ਵਰਨਣ ਕਰਕੇ ਪਾਠਕਾਂ ਵਿੱਚ ਨਵੀਂ ਉਮੰਗ, ਉਮਾਹ ਤੇ ਹੱਲਾਸ਼ੇਰੀ ਪੈਦਾ ਕਰਨ ਦਾ ਉਪਰਾਲਾ ਕੀਤਾ ਹੈ।

ਸਧਾਰਣ, ਸਪਸ਼ਟ, ਸਰਲ ਪਰ ਮੁਹਾਵਰਿਆਂ, ਕਾਵਿ ਟੋਟਿਆਂ, ਅਖਾਣਾ, ਲੋਕੋਕਤੀਆਂ ਆਦਿ ਨਾਲ ਸ਼ਿੰਗਾਰੀ ਭਾਸ਼ਾ ਅਤੇ ਦਿਲਚਸਪ ਦ੍ਰਿਸ਼ਟਾਂਤਾਂ ਕਰਕੇ ਲੇਖ ਬਹੁਤ ਰੌਚਕ ਬਣ ਗਏ ਹਨ ਕਿ ਪਾਠਕ ਪਹਿਲੇ ਲੇਖ ਦੀ ਪਹਿਲੀ ਸਤ੍ਰਰ ਤੋਂ ਸ਼ੁਰੂ ਕਰਕੇ ਆਖ਼ਰੀ ਲੇਖ ਦੀ ਆਖ਼ਰੀ ਸਤ੍ਰਰ ਤੱਕ ਬਿਨਾ ਰੁੱਕੇ ਪੜ੍ਹਦਾ ਚਲਿਆ ਜਾਂਦਾ ਹੈ। ਪਾਠਕ ਨੂੰ ਜੋੜਨ ਦੇ ਨਾਲ ਕੰਟੈਂਟ ਨਾਲ ਇਨਵਾਲਵ ਕਰ ਲੈਣਾ, ਪਾਠਕ ਦਾ ਖ਼ੁਦ ਆਪਣੇ ਅਤੀਤ ਨਾਲ ਜੁੜ ਜਾਣਾ ਇਨ੍ਹਾਂ ਲੇਖਾਂ ਦੀ ਖਾਸੀਅਤ ਹੈ। ਲੇਖਕ ਦੇ ਜੀਵਨ ਵਿੱਚ ਉਸਦੀ ਮਾਤਾ ਸਵਰਗੀ ਭਜਨ ਕੌਰ, ਅਧਿਆਪਕਾਂ ਵਿਚ ਡਾ. ਮਨਮੋਹਨ ਸਿੰਘ ਤੀਰ, ਪੱਤਰਕਾਰੀ 'ਚ ਸ. ਗੁਲਜ਼ਾਰ ਸਿੰਘ ਸੰਧੂ, ਸਭਿਆਚਾਰਕ ਖੇਤਰ 'ਚ ਉਂਗਲੀ ਫੜਨ ਵਾਲਾ ਐਸ.ਅਸ਼ੋਕ ਭੌਰਾ ਆਪ ਦੇ ਪ੍ਰੇਰਣਾਦਾਇਕ ਪ੍ਰਸੰਗ ਹਨ। ਉਂਜ ਤਾਂ ਪੁਸਤਕ ਵਿਚਲਾ ਹਰੇਕ ਲੇਖ ਬਹੁਤ ਹੀ ਰੌਚਕ, ਜਾਣਕਾਰੀ ਭਰਪੂਰ, ਪ੍ਰੇਰਣਾਦਾਇਕ ਅਤੇ ਰਾਹ-ਦਸੇਰੇ ਦੀ ਭੂਮਿਕਾ ਅਦਾ ਕਰਨ ਵਾਲਾ ਹੈ, ਫਿਰ ਵੀ ਇੰਟਰਨੈਟ ਨੇ ਖੋਹੀਆਂ ਬੱਚਿਆਂ ਤੋਂ ਮੈਦਾਨੀ ਖੇਡਾਂ, ਪੱਤਰਕਾਰੀ ਦਾ ਪਹਿਲਾ ਸਬਕ, ਰਿਸ਼ਤੇ ਰਹਿ ਗਏ ਗਰਜ਼ਾਂ ਦੇ, ਮੇਰੀ ਲਾਇਬ੍ਰੇਰੀ ਹੁੰਦਾ ਸੀ ਮੇਰਾ ਨਾਨਕਾ ਘਰ, ਹਾਕਾਂ ਮਾਰਦੀਆਂ ਕਿਤਾਬਾਂ, ਅਸੀਂ ਕੋਈ ਰੋਬੋਟ ਹਾਂ, ਕਿੱਥੇ ਗਿਆ ਹੁਣ ਅੰਬਾਂ ਵਾਲਾ ਦੇਸ਼ ਦੁਆਬਾ, ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ, ਮਾਹਿਲਪੁਰ ਦਾ ਫੁੱਟਬਾਲ ਸੰਸਾਰ, ਮੈਂ ਕਿਉਂ ਜਾਂਦਾ ਪ੍ਰਦੇਸ ਨੀ ਮਾਂ ਆਦਿ ਲੇਖ ਵਾਰ-ਵਾਰ ਪੜ੍ਹਣ ਨੂੰ ਚਿੱਤ ਕਰਦਾ ਹੈ। ਇਹ ਲੇਖ ਲੇਖਕ ਨੇ ਤਨ ਮਨ ਤੇ ਹੰਢਾਏ ਹਨ, ਨਿਜੀ ਤਜ਼ਰਬਿਆਂ ਦੀ ਚਾਸ਼ਨੀ 'ਚ ਡੁਬੋ ਕੇ ਪੇਸ਼ ਕੀਤੇ ਜੇਜੋਂ ਦੇ ਪੇੜਿਆਂ ਵਾਂਗ ਸੁਆਦਲੇ ਅਤੇ ਦੁਆਬੇ ਦੇ ਅੰਬਾਂ ਵਾਂਗ ਰਸੀਲੇ ਹੋ ਗਏ ਹਨ। ਉਮੀਦ ਕਰਦਾ ਹਾਂ ਕਿ 'ਗਿਆਨ ਦੇ ਗਹਿਣੇ' ਪੁਸਤਕ ਹਰੇਕ ਉਮਰ ਦੇ ਪਾਠਕ ਨੂੰ ਪਸੰਦ ਆਵੇਗੀ ਅਤੇ ਇਸ ਨੂੰ ਪੜ੍ਹਕੇ ਇਸ ਵਿਚਲੇ ਇੱਕ ਵੀ ਸੁਨੇਹੇ ਤੇ ਅਮਲ ਕਰਨ ਨਾਲ ਉਸਦਾ ਆਪਣਾ ਵਿਅਕਤੀਤਵ ਅਤੇ ਆਲਾ ਦੁਆਲਾ ਵੀ ਸੰਵਰ ਜਾਵੇਗਾ।

# ਸ੍ਰੀ ਗੁਰੂ ਰਵਿਦਾਸ ਗੁਰੂ ਘਰ ਫਰਿਜ਼ਨੋ (ਕੈਲੇਫੋਰਨੀਆ) ਵਿਖੇ ਸੁਖਮਨੀ ਸਾਹਿਬ, ਕੜਾਹ ਪ੍ਰਸ਼ਾਦ, ਲੰਗਰਾਂ ਦੀ ਸੇਵਾ ਮਾਤਾ ਸਤਨਾਮ ਕੌਰ ਰਠੌਰ ਸੁਪਤਨੀ ਮਰਹੂਮ ਬਲਦੇਵ ਸਿੰਘ ਦੇ ਪਰਿਵਾਰ ਵੱਲੋਂ ਸ਼ਰਧਾਪੂਰਵਕ ਕੀਤੀ ਗਈ

## ਇਸ ਮੌਕੇ ਹੋਣਹਾਰ ਬੱਚਿਆਂ ਦਾ ਸਨਮਾਨ ਕੀਤਾ ਗਿਆ














ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'





**ਫਰਿਜ਼ਨੋ (ਡੀ. ਡੀ. ਬੀ.)** ਪਹਿਲੀ ਸਤੰਬਰ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਹਫਤਾਵਾਰੀ ਦੀਵਾਨ ਸੰਗਤਾਂ ਦੇ ਸਹਿਯੋਗ ਨਾਲ ਸਜਾਏ ਗਏ। ਇਸ ਮੌਕੇ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣ ਉਪਰੰਤ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਰਾਮ ਸਿੰਘ ਜੀ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਭਾਈ ਸਾਹਿਬ ਭਾਈ ਹਰਵਿੰਦਰ ਸਿੰਘ ਰਸੀਆ ਅਤੇ ਲਖਵੀਰ ਸਿੰਘ ਰਸੀਆ ਜੀ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਹਨਾਂ ਉਪਰੰਤ ਭਾਈ ਹਰਬਿਲਾਸ ਸਿੰਘ ਝਿੰਗੜ ਅਤੇ ਬੀਬੀ ਅਮਰ ਕੌਰ ਜੀ, ਭਾਈ ਰਾਮ ਆਸਰਾ ਜੀ ਅਤੇ ਭਾਈ ਭੁਪਿੰਦਰ ਸਿੰਘ ਜੀ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਗੁਰਬਾਣੀ ਲਿਵ-ਲਗਨ ਨਾਲ ਲਾ ਕੇ ਰੱਖਿਆ। ਅਖੀਰ ਤੂੰਬੀ ਦੇ ਬਾਦਸ਼ਾਹ ਲਾਲ ਚੰਦ ਯਮਲਾ ਜੱਟ ਦੇ ਸ਼ਾਗਿਰਦ ਭਾਈ ਰਾਜ ਬਰਾੜ ਜੀ ਨੇ ਵੀ ਇਕ ਧਾਰਮਿਕ ਸ਼ਬਦ ਰਾਹੀਂ ਹਾਜ਼ਰੀ ਲਗਵਾਈ।

ਅੱਜ ਦੇ ਹਫਤਾਵਾਰੀ ਦੀਵਾਨਾਂ ਦੌਰਾਨ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ, ਲੰਗਰ ਅਤੇ ਕੀਰਤਨੀ ਜਥਿਆਂ ਦੀ ਸੇਵਾ ਗੁਰੂ ਘਰ ਦੇ ਅਨਿਨ ਸੇਵਕਾਂ ਬੀਬੀ ਸਤਨਾਮ ਕੌਰ ਰਠੌਰ ਸੁਪਤਨੀ ਮਰਹੂਮ ਸ. ਬਲਦੇਵ ਸਿੰਘ ਰਾਠੌਰ ਦੇ ਸਪੁੱਤਰ ਅਟਾਰਨੀ ਹਰਦੀਪ ਸਿੰਘ ਤੇ ਉਹਨਾਂ ਦੀ ਸੁਪਤਨੀ ਬੀਬੀ ਰਾਜ ਕੁਮਾਰੀ ਅਤੇ ਰਠੌੜ ਭਰਾਵਾਂ ਨੇ ਬਹੁਤ ਪਿਆਰ/ਸਤਿਕਾਰ ਅਤੇ ਨਿਮਰਤਾ ਸਹਿਤ ਸੇਵਾ ਨਿਭਾਈ।

ਰਠੌਰ ਪਰਿਵਾਰ ਨੇ ਆਪਣੇ ਆਪ ਨੂੰ ਗੁਰੂ ਘਰ ਦੀ ਸੇਵਾ ਨਿਭਾਉਣਾ ਸੁਭਾਗਾ ਦੱਸਿਆ। ਗੁਰੂ ਘਰ ਦੇ ਪ੍ਰਧਾਨ ਸ੍ਰੀ ਅਮਰ ਦੜੌਚ ਨੇ ਰਠੌਰ ਪਰਿਵਾਰ ਵੱਲੋਂ ਹਫਤਾਵਾਰੀ ਦੀਵਾਨਾਂ ਦੀ ਪੂਰੀ ਸੇਵਾ ਨਿਭਾਉਣ ਲਈ ਕੋਟਿਨ-ਕੋਟਿ ਧੰਨਵਾਦ ਕੀਤਾ ਅਤੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਰਾਮ ਸਿੰਘ ਜੀ ਨੇ ਵੀ ਰਠੌਰ ਪਰਿਵਾਰ ਦੀ ਤੰਦਰੁਸਤੀ, ਖੁਸ਼ਹਾਲੀ, ਪਰਿਵਾਰ 'ਚ ਆਪਸੀ ਪਿਆਰ, ਸਤਿਕਾਰ ਤੇ ਇਤਫਾਕ ਤੇ ਹਮੇਸ਼ਾ ਚੜ੍ਹਦੀਕਲਾ ਦੀ ਅਰਦਾਸ ਕੀਤੀ।

ਅੱਜ ਦੀ ਇਕ ਹੋਰ ਵਿਸ਼ੇਸ਼ਤਾ ਇਹ ਵੀ ਰਹੀ ਕਿ ਅੱਜ ਸਮਾਜ 'ਚ ਜੋ ਬੱਚੇ ਸਕੂਲ ਗ੍ਰੈਜੂਏਟ ਹੋਏ ਜਾਂ ਚੰਗੇ ਨੰਬਰਾਂ ਨਾਲ ਪਾਸ ਹੋਏ, ਉਹਨਾਂ ਦਾ ਸਿਰੋਪਾਓ ਅਤੇ ਸਨਮਾਨ ਚਿੰਨਾਂ ਨਾਲ ਭਰਪੂਰ ਸਨਮਾਨ ਕੀਤਾ ਗਿਆ ਅਤੇ ਉਹਨਾਂ ਦੇ ਮਾਤਾ-ਪਿਤਾ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ, ਜੋ ਆਪੋ-ਆਪਣੇ ਬੱਚਿਆਂ ਦਾ ਪੜ੍ਹਾਈ ਪੱਖੋਂ ਖਿਆਲ ਰੱਖਦੇ ਹਨ। ਜਿਹਨਾਂ ਬੱਚਿਆਂ ਦਾ ਮਾਣ-ਸਨਮਾਨ ਕੀਤਾ, ਉਹਨਾਂ ਵਿਚ

(1) ਸੋਨੀਆ ਬੰਗੜ 4.04 ਜੀ. ਪੀ. ਏ. ਅਤੇ ਜ਼ੀਨਾ ਬੰਗੜ 4.29 ਜੀ. ਪੀ. ਏ., ਦੋਵੇਂ ਬੱਚੀਆਂ ਡਾਕਟਰ ਸਤਨਾਮ ਬੰਗੜ ਅਤੇ ਮਿਸਿਜ ਡਾਕਟਰ ਪਰਮਿਲਾ ਬੰਗੜ ਦੀਆਂ ਹੋਣਹਾਰ ਧੀਆਂ ਹਨ, ਜੋ ਕਲੋਪਿਸ ਹਾਈ ਸਕੂਲ ਤੋਂ ਗ੍ਰੈਜੂਏਟ ਹੋਈਆਂ।

(2) ਇਸੇ ਤਰ੍ਹਾਂ ਸ੍ਰੀ ਸੁਰਜੀਤ ਸਿੰਘ ਅਤੇ ਸ੍ਰੀਮਤੀ ਨੀਲਮ ਰਾਣੀ ਦੀ ਲੜਕੀ ਨਤਾਸ਼ਾ ਸਹਿਜਲ ਨੇ ਮਿਸ਼ਨ ਔਕ ਹਾਈ ਸਕੂਲ ਤੋਂ 3.5 ਜੀ ਪੀ ਏ ਹਾਸਲ ਕੀਤੀ।

(3) ਇਸੇ ਤਰ੍ਹਾਂ ਸ੍ਰੀ ਚਰਨਜੀਵ ਬੰਗੜ ਅਤੇ ਮਿਸਿਜ਼ ਮਨਦੀਪ ਬੰਗੜ ਦੇ ਸਪੁੱਤਰ ਅਰਵਿਨ ਬੰਗੜ ਨੇ ਨਿਓਅਰਕ ਮਿਡਲ ਸਕੂਲ ਤੋਂ 4.0 ਜੀ. ਪੀ. ਏ. ਹਾਸਲ ਕੀਤੀ।

(4) ਇਸੇ ਤਰ੍ਹਾਂ ਸ੍ਰੀ ਕੁਲਦੀਪ ਚੌਹਾਨ ਅਤੇ ਸ੍ਰੀਮਤੀ ਮੋਨਿਕਾ ਚੌਹਾਨ ਦੀ ਬੇਟੀ ਹਰਨੂਰ ਚੌਹਾਨ ਨੇ ਸਨੇਟਬੇਕ ਐਲੀਮੈਂਟਰੀ ਸਕੂਲ ਤੋਂ 3.5 ਜੀ. ਪੀ. ਏ. ਹਾਸਲ ਕੀਤੀ।

5. ਇਸੇ ਤਰ੍ਹਾਂ ਸ੍ਰੀ ਅਮਰ ਦੜੌਚ ਅਤੇ ਮਿਸਿਜ਼ ਜਯੋਤੀ ਦੜੌਚ ਦੀ ਹੋਣਹਾਰ ਬੇਟੀ ਏਕਜੋਤ ਦੜੌਚ ਨੇ 4.0 ਜੀ. ਪੀ. ਏ. ਨੇ ਸਿਕੋਆ ਐਲੀਮੈਂਟਰੀ ਸਕੂਲ ਤੋਂ ਹਾਸਲ ਕਰਕੇ ਆਪਣਾ ਤੇ ਆਪਣੇ ਮਾਤਾ-ਪਿਤਾ ਦਾ ਨਾਂ ਉੱਚਾ ਕੀਤਾ ਅਤੇ ਸਾਰੇ ਬੱਚਿਆਂ ਨੇ ਇਹ ਦਿਖਾ ਦਿੱਤਾ ਕਿ ਆਉਣ ਵਾਲੇ ਸਮੇਂ 'ਚ ਕੁਝ ਵਧੀਆ ਹੀ ਕਰ ਦਿਖਾਉਣਾ ਹੈ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਸਟੇਜ ਸਕੱਤਰ ਨੇ ਸਟੇਜ ਦੀ ਸੇਵਾ ਬਾਖੂਬੀ ਨਾਲ ਨਿਭਾਉਂਦਿਆਂ ਸਮੂਹ ਰਾਠੌਰ ਪਰਿਵਾਰ ਦਾ ਹਫਤਾਵਾਰੀ ਦੀਵਾਨਾਂ ਦਾ ਪੂਰੀ ਸੇਵਾ ਨਿਭਾਉਣ ਲਈ ਕੋਟਿਨ-ਕੋਟਿ ਧੰਨਵਾਦ ਕਰਦਿਆਂ ਪਰਿਵਾਰ ਦਾ ਕਮੇਟੀ ਵੱਲੋਂ ਸਿਰੋਪਾਓ ਨਾਲ ਸਨਮਾਨ ਕੀਤਾ। ਇਸੇ ਦੇ ਨਾਲ ਹੀ ਕਮੇਟੀ ਵੱਲੋਂ ਸਾਰੇ ਹੀ ਹੋਣਹਾਰ ਬੱਚਿਆਂ ਨੂੰ ਹੋਰ ਮਨ ਲਗਾ ਕੇ ਵਧੀਆ ਅੰਕਾਂ ਨਾਲ ਫਿਰ ਇਸੇ ਤਰ੍ਹਾਂ ਮਾਣ-ਸਨਮਾਨ ਹਾਸਲ ਕਰਨਾ ਹੈ ਅਤੇ ਮਾਤਾ-ਪਿਤਾ ਦੇ ਅਗਿਆਕਾਰੀ ਬਣਨਾ ਹੈ ਤੇ ਦੇਸ਼ ਕੌਮ ਦਾ ਨਾਮ ਉੱਚਾ ਕਰਨਾ ਹੈ।

ਅਖੀਰ ਉਹਨਾਂ ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਵੱਲੋਂ ਲਗਾਤਾਰ ਦੋ ਐਤਵਾਰ ਕਵਰੇਜ ਕਰਨ ਲਈ ਧੰਨਵਾਦ ਕੀਤਾ।

# ਸ਼੍ਰੀ ਗੁਰੂ ਰਵਿਦਾਸ ਗੁਰੂ ਘਰ ਫਰਿਜ਼ਨੋ (ਕੈਲੇਫੋਰਨੀਆ) ਵਿਖੇ ਸੁਖਮਨੀ ਸਾਹਿਬ, ਕੜਾਹ ਪ੍ਰਸ਼ਾਦ, ਲੰਗਰਾਂ ਦੀ ਸੇਵਾ ਮਾਤਾ ਸਤਨਾਮ ਕੌਰ ਰਠੌਰ ਸੁਪਤਨੀ ਮਰਹੂਮ ਬਲਦੇਵ ਸਿੰਘ ਦੇ ਪਰਿਵਾਰ ਵੱਲੋਂ ਸ਼ਰਧਾਪੂਰਵਕ ਕੀਤੀ ਗਈ



























ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'

'ਦੇਸ਼ ਦੁਆਬਾ' 'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

## ਹਾਕਮ-ਦਲਜੀਤ ਕਹਿੰਦੇ ਵਿਰਸੇ ਦਾ ਹੀਰਾ ਦਿਲਬਾਗ ਹੁੰਦਲ

ਦਿਲਬਾਗ ਹੁੰਦਲ ਨੌਜਵਾਨ ਸੋਸ਼ਲ ਮੀਡੀਆ ਦਾ ਨਾਮਵਰ ਚਿਹਰਾ ਹੈ ਤੇ ਨਾਲ ਹੀ ਓਹ ਟੀਵੀ ਪ੍ਰੋਗਰਾਮਾਂ ਦਾ ਨਿਰਮਾਤਾ ਹੈ। ਓਹ ਪੁਰਾਤਨ



ਗੀਤਾਂ ਦਾ ਇਤਿਹਾਸ ਤੇ ਪੁਰਾਣੇ ਕਲਾਕਾਰਾਂ ਨਾਲ ਰੂ ਬ ਰੂ ਹੁੰਦਾ ਹੈ। ਓਹ ਪੁਰਾਤਨ ਸੰਗੀਤ ਤੇ ਗਾਇਕੀ ਦੀ ਗੱਲ ਕਰਦਾ ਹੈ। ਇਸ ਕਰ ਕਿ ਲੋਕ ਪ੍ਰਿਅ ਗਾਇਕ ਜੋੜੀ ਹਾਕਮ ਬਖਤੜੀਵਾਲਾ ਤੇ ਦਲਜੀਤ ਕੌਰ ਓਸ ਦੀ ਤਰੀਫ ਕਰਦੇ ਹਨ ਕਿ ਨੌਜਵਾਨ ਹੋ ਕਿ ਆਪਣੇ ਵਿਰਸੇ ਤੇ ਸਦਾਬਹਾਰ ਗਾਇਕੀ ਦੀ ਗੱਲ ਕਰਦਾ ਦਿਲਬਾਗ ਹੁੰਦਲ ਆ ਰਹੇ ਵਕਤ ਵਿੱਚ ਬਹੁਤ ਇਤਿਹਾਸਕ ਜਾਣਕਾਰੀ ਨਵੀਂ ਪੀੜ੍ਹੀ ਨੂੰ ਦੇਵੇਗਾ। ਇਸ ਨਾਲ ਨਵੀਂ ਪੀੜ੍ਹੀ ਵਿੱਚ ਪਿਛਲੇ ਗੀਤਾਂ, ਗਾਇਕਾਂ ਤੇ ਅੱਜ ਦੀ ਕਲਾਕਾਰੀ ਵਿੱਚ ਅੰਤਰ ਦਾ ਪਤਾ ਚਲੇਗਾ। ਦਿਲਬਾਗ ਹੁੰਦਲ ਖੁਦ ਆਖਦੇ ਹਨ ਕਿ ਪੁਰਾਣੇ ਸੰਗੀਤ, ਕਲਾਕਾਰਾਂ ਤੇ ਗੀਤਾਂ ਨੂੰ ਸੰਭਾਲਣਾ ਜ਼ਰੂਰੀ ਹੈ।ਦਿਲਬਾਗ ਬੀਤ ਚੁੱਕੀ ਗਾਇਕੀ ਤੇ ਫ਼ਨਕਾਰਾਂ ਤੇ ਇੱਕ ਦਸਤਾਵੇਜ਼ੀ ਲਘੂ ਫ਼ਿਲਮ ਵੀ ਤਿਆਰ ਕਰੇਗਾ।

## ਸੱਚ ਉਹ ਵਿਰਸੇ ਦੀ ਸੰਗੀਤਕ ਰੰਗਤ ਦਾ ਲਲਾਰੀ ਹੈ ਚਰਚਾ ਗਲੀ ਗਲੀ ਗੋਗੀ ਘੁਮਾਣ ਗਾਇਕ ਤੇ ਨਾਇਕ



ਗੋਗੀ ਘੁਮਾਣ ਨੂੰ ਕੁਲਦੀਪ ਪਾਰਸ ਨੇ "ਪਿੰਡਾਂ ਵਾਲੇ" ਲਈ ਨਾਇਕ ਲਿਆ ਸੀ ਤੇ ਗੋਗੀ ਨੇ ਨਾਲ ਹੀ ਇਸ ਫਿਲਮ ਲਈ ਗੀਤ ਵੀ ਰਿਕਾਰਡ ਕਰਵਾਏ ਸਨ। ਖੈਰ ਇਹ ਪੁਰਾਣੀ ਗੱਲ ਨਵੀਂ ਗੱਲ ਇਹ ਕਿ ਬੰਦੀ ਸਿੱਖਾਂ, ਉਜੜਦੇ ਨਸ਼ੇ ਨਾਲ ਪੰਜਾਬ ਦੀ ਗੱਲ ਆਪਣੇ ਨਵੇਂ ਗੀਤ ਵਿੱਚ ਕਰ ਓਹ ਚਰਚਿਤ ਕਲਾਕਾਰ ਬਣ ਗਿਆ ਹੈ। ਇਸ ਦੇ ਨਾਲ ਓਸ ਨੇ ਦੋ ਹੋਰ ਨਵੇਂ ਗੀਤ ਨੌਜਵਾਨੀ ਪਸੰਦ ਦੇ ਕਰਵਾਏ ਹਨ। ਕੁਲ ਮਿਲਾ ਕਿ ਗੋਗੀ ਘੁਮਾਣ ਦੀ ਜਿੱਥੇ ਲੋਕ ਪ੍ਰਿਯਤਾ ਵਧੀ ਹੈ ਓਥੇ ਪੰਜਾਬ ਪ੍ਰਤੀ ਆਪਣੇ ਫਰਜ਼ ਓਹ ਗਾਇਕੀ ਨਾਲ ਨਿਭਾ ਰਿਹਾ ਹੈ।

## ਬੀਬੀ ਰਜਨੀ ਨੂੰ ਲੋਕ ਕਰ ਰਹੇ ਨੇ ਖ਼ੂਬ ਪਿਆਰ

ਰਾਜਾ ਦੁਨੀ ਚੰਦ ਦਾ ਜ਼ਾਲਿਮ ਰੂਪ, ਆਪਣੀ ਧੀ ਰਜਨੀ ਦਾ ਪਿੰਗਲੇ ਨਾਲ




ਵਿਆਹ ਤੇ ਪਤੀ ਦੀ ਸੇਵਾ ਇਹ ਸਭ ਫਿਲਮ "ਬੀਬੀ ਰਜਨੀ" ਵਿੱਚ ਹੈ ਤੇ ਪਿੰਕੀ ਧਾਲੀਵਾਲ ਦੀ ਇਹ ਫਿਲਮ ਸੁਪਰ ਹਿੱਟ ਹੈ। ਯੋਗਰਾਜ ਸਿੰਘ ਇਸ ਫਿਲਮ ਦੀ ਸਾਰੀ ਕਾਸਟ ਨਾਲ ਰਹਿਨੁਮਾ ਬਣ ਤੁਰ ਰਹੇ ਹਨ। ਅਮਰ ਹੁੰਦਲ ਦੇ ਨਿਰਦੇਸ਼ਨ ਨੂੰ ਮੁਬਾਰਕ। ਗੀਤ, ਸੰਗੀਤ , ਰੂਪੀ ਗਿੱਲ, ਜੱਸ ਬਾਜਵਾ, ਗੁਰਪਰੀਤ ਭੰਗੂ ਤੇ ਸੁਨੀਤਾ ਧੀਰ ਸਬ ਨੇ ਦਿਲ ਜਾਨ ਨਾਲ ਫਿਲਮ ਵਿੱਚ ਕੰਮ ਕੀਤਾ ਹੈ।"ਬੀਬੀ ਰਜਨੀ", ਹਰ ਪੰਜਾਬੀ ਦੀ ਪਸੰਦ ਫਿਲਮ ਬਣ ਗਈ ਹੈ।ਇਹ ਫਿਲਮ ਸਿਨੇਮਾ ਨੂੰ ਬਦਲ ਗਈ ਹੈ। ਪੰਜਾਬੀ ਫ਼ਿਲਮਾਂ ਦੇ ਇਤਿਹਾਸ ਵਿੱਚ "ਬੀਬੀ ਰਜਨੀ"ਇੱਕ ਯਾਦਗਾਰ ਫਿਲਮ ਬਣ ਉੱਭਰੀ ਹੈ।

## ਸਿਮਰਨ ਢਿੱਲੋਂ ਦੀ "ਸਾਦਗੀ"

ਸਿਮਰਨ ਢਿੱਲੋਂ ਨੇ ਪੰਜਾਬੀ ਫ਼ਿਲਮਾਂ ਵੱਲ ਜਾਣ ਤੋਂ ਪਹਿਲਾਂ ਆਪਣੇ ਟਰੈਕਾਂ ਨਾਲ ਆਪਣੀ ਪਹਿਚਾਣ ਵਧਾ ਕਿ ਕਲਾਕਾਰੀ ਚਮਕਾਓਣੀ ਜ਼ਾਰੀ ਰੱਖੀ ਹੈ। ਸਿਮਰਨ ਢਿੱਲੋਂ ਨੇ ਅੱਗੇ ਪਿੱਛੇ "ਗੋਰੀ" ",ਚਾਚੇ ਮਾਮੇ" ਮੂਲ ਮੰਤਰ" ਗਾਣੇ ਰਲੀਜ਼ ਕਰ ਆਪਣੀ ਪਛਾਣ ਵਧਾਈ ਹੈ। ਹੁਣ ਸਿਮਰਨ ਢਿੱਲੋਂ ਦਾ ਨਵਾਂ ਗੀਤ "ਸਾਦਗੀ " ਆਇਆ ਹੈ ਤੇ ਇਹ ਰਾਜਵੀਰ ਪੰਨੂ ਦਾ ਲਿਖਿਆ ਆਰਿਗ ਮਿਊਜ਼ਿਕ ਦਾ ਸੰਗੀਤ ਨਾਲ ਸਜਾਇਆ ਗਾਣਾ ਹਰ ਘਰ ਦੀ ਪਸੰਦ ਬਣ ਰਿਹਾ ਹੈ।ਸਿਮਰਨ ਢਿੱਲੋਂ ਦੀ ਗਾਇਕੀ ਪਹਿਚਾਣ ਜਿਸ ਤਰਾਂ ਵਧ ਗਈ ਹੈ ਲੱਗਦਾ ਜਲਦੀ ਹੀ ਓਹ ਹੁਣ ਪੰਜਾਬੀ ਫ਼ਿਲਮਾਂ ਵੱਲ ਆਪਣਾ ਕਦਮ ਪੁੱਟਣ ਵਾਲੇ ਹਨ।"ਸਾਦਗੀ " ਗੀਤ "ਦਯਾ ਰਿਕਾਰਡਜ਼,"ਵਿੱਚੋ ਆ ਕਿ ਵਧੀਆ ਚਲ ਰਿਹਾ ਹੈ।




## ਖੁਸ਼ਬੂ ਸ਼ਰਮਾ ਨਿਰਦੇਸ਼ਕ ਬਣ ਹੋਈ ਸਰਗਰਮ



ਦ ੇ ਵ ੀ ਸ਼ਰਮਾ ਨਾਲ ਬਹੁਤ ਸਾਰੀਆਂ ਫ਼ਿਲਮਜ਼ ਬਤੌਰ ਲੇਖਕ ਕਰਨ ਵਾਲੀ ਖੁਸਬੂ ਸ਼ਰਮਾ ਹੁਣ ਨਿਰਦੇਸ਼ਕ ਬਣ ਗਈ ਹੈ। ਅਦਾਕਾਰ ਹਰਜੀਤ ਵਾਲੀਆ ਦੀ ਓਹ ਫਿਲਮ ਕਰ ਰਹੀ ਹੈ "ਤੂੰ ਆ ਗਿਆ" ਤੇ ਇਸ ਤੋਂ ਪਹਿਲਾਂ ਗੁੱਗੂ ਗਿੱਲ ਤੇ ਯੋਗਰਾਜ ਸਿੰਘ ਨਾਲ ਫ਼ਿਲਮਾਂ ਦਾ ਸਹ ਨਿਰਦੇਸ਼ਨ ਓਸ ਕੀਤਾ ਹੈ। "ਜੱਟੀ ਪੰਦਰਾਂ ਮੁਰੱਬਿਆਂ ਵਾਲੀ" ਨਾਲ ਓਹ ਲੇਖਕ ਤੇ ਸਹ ਨਿਰਦੇਸ਼ਕ ਬਣ ਆਈ ਸੀ। ਖੁਸਬੂ ਨੇ ਕਿਹਾ ਕਿ ਇਹ ਓਸ ਦਾ ਵਾਅਦਾ ਹੈ ਕਿ ਓਹ ਔਰਤ ਨਿਰਦੇਸ਼ਕ ਬਣ ਇੱਕ ਦਿਨ ਆਪਣੀ ਕਿਸੇ ਫਿਲਮ ਲਈ ਐਵਾਰਡ ਪ੍ਰਾਪਤ ਕਰੇਗੀ।

## ਮਨਜੀਤ ਸਰਾਂ ਦਾ ਹੁਣ ਕਨੇਡਾ ਤੇ "ਕਬਜ਼ਾ"

ਗੁੱਗੂ ਗਿੱਲ ਨਾਲ "ਵਾਰਿਸ"ਫਿਲਮ ਕਰਨ ਵਾਲੇ ਨਿਰਮਾਤਾ ਅਤੇ ਨਿਰਦੇਸ਼ਕ




ਮਨਜੀਤ ਸਿੰਘ ਸਰਾਂ ਨੇ "ਕਬਜ਼ਾ " ਫਿਲਮ ਨਾਲ ਯੋਗਰਾਜ ਸਿੰਘ ਤੇ ਭੁਪਿੰਦਰ ਭਿੰਦੀਂ ਨੂੰ ਉਭਾਰਿਆ ਸੀ। ਮਨਜੀਤ ਸਰਾ ਬਹੁਤ ਦੇਰ ਮੁੰਬਈ ਬਾਲੀਵੁੱਡ ਕੰਮ ਕਰਨ ਬਾਅਦ ਕਨੇਡਾ ਚਲੇ ਗਏ। ਹੁਣ ਓਹਨਾਂ ਨੇ ਟੋਰਾਂਟੋ ਵਿੱਚ ਆਪਣਾ ਸਟੂਡੀਓ ਲਾਇਆ ਹਨ। ਭਵਿੱਖ ਵਿੱਚ ਕਨੇਡਾ ਵਿਖੇ ਹਿੰਦੀ,ਪੰਜਾਬੀ ਤੇ ਹੋਰ ਫ਼ਿਲਮਾਂ ਲਈ ਹਰ ਸਹੂਲਤ ਮਨਜੀਤ ਸਿੰਘ ਸਰਾਂ ਦੇ ਸਟੂਡੀਓ ਵਿੱਚੋਂ ਮਿਲੇਗੀ। ਮਨਜੀਤ ਸਿੰਘ ਸਰਾਂ ਦਰਅਸਲ ਫਿਲਮ ਤੇ ਲੇਖਣ ਦੁਨੀਆਂ ਨਾਲ ਜੁੜੇ ਹੀ ਰਹੇ ਹਨ। ਮਨਜੀਤ ਸਿੰਘ ਸਰਾਂ ਦੇ ਭਵਿੱਖ ਲਈ ਸ਼ੁੱਭ ਕਾਮਨਾਵਾਂ।

# "ਸਾਡੀ ਕੌਮ ਦੇ ਸਿੰਘ ਬੈਠੇ ਵਿੱਚ ਤਿਹਾੜ" ਗੀਤ ਨਾਲ ਕੌਮ ਦਾ ਹੀਰਾ ਬਣਿਆ ਪ੍ਰਵਾਸੀ ਗਾਇਕ ਗੋਗੀ ਘੁਮਾਣ


ਗਾਣੇ ਕਾਫ਼ੀ ਆਏ ਨੇ ਗਾਇਕ ਗੋਗੀ ਘੁਮਾਣ ਦੇ ਪਰ ਹੁਣ ਆਏ ਇਸਦੇ ਗੀਤ ਜਿਸ ਦਾ ਫਿਲਹਾਲ ਟਾਈਟਲ"ਪਿੰਡਾਂ ਵਾਲੇ ਜੱਟ" ਹੈ ਨੇ ਓਸ ਨੂੰ ਪੰਜਾਬ ਹਿਤੈਸ਼ੀ ਗਾਇਕ ਵੱਜੋਂ ਉੱਭਾਰ ਦਿੱਤਾ ਹੈ। ਇਸ ਗੀਤ ਵਿੱਚ ਗੋਗੀ ਘੁਮਾਣ ਨੇ ਗਾਇਆ ਹੈ ਕਿ "ਸਾਡੀ ਕੌਮ ਦੇ ਓਹ ਸਰਦਾਰ ਜਿਹੜੇ ਬੈਠੇ ਵਿੱਚ ਤਿਹਾੜ" ਤੇ ਇਸ ਅੰਤਰੇ ਨਾਲ ਓਹ ਬੰਦੀ ਸਿੰਘਾਂ ਦੀ ਗੱਲ ਕਰਦਾ ਹੈ ਤੇ ਨਾਲ ਹੀ ਯਾਦ ਕਰਵਾ ਰਿਹਾ ਹੈ ਕਿ ਸਾਰਾਗੜ੍ਹੀ ਦੀ ਜੰਗ ਕਿਵੇਂ ਇੱਕੀ ਸਿੰਘਾਂ ਨੇ ਜਿੱਤ ਕਿ ਦਹਾੜ ਪਾਈ ਸੀ ਤੇ ਸਰਲ ਪੰਜਾਬੀ ਵਿੱਚ ਓਸ ਗਾਇਆ ਹੈ ਕਿ ਸਿੰਘਾਂ ਨੇ ਵੈਰੀ ਰਾੜ ਦਿੱਤੇ ਸਨ।ਲੁਧਿਆਣਾ ਲਾਗੇ ਪੈਂਦੇ ਸਮਰਾਲਾ ਕੋਲ ਓਸ ਦਾ ਪਿੰਡ ਕਕਰਾਲਾ ਹੈ ਤੇ ਅੱਜ ਕਲ ਓਹ ਸੈਕਰਾਮੈਂਟੋ ਯੂ ਐਸ ਏ ਰਹਿ ਰਿਹਾ ਹੈ। ਗੋਗੀ ਘੁਮਾਣ ਨੇ ਇਹ ਗੀਤ ਖੁਦ ਲਿਖਿਆ ਹੈ ਤੇ ਓਹ ਦੱਸਦਾ ਹੈ ਕਿ ਅੱਜ ਜਦ ਸਾਰੇ ਪੰਜਾਬ ਤੇ ਪੰਜਾਬੀਆਂ ਖਾਸ ਕਰ ਸਰਦਾਰਾ ਬਾਬਤ ਭੰਡ ਪ੍ਰਚਾਰ ਹੋ ਰਿਹਾ ਹੈ ਓਸ ਤੇ ਓਸ ਇਹ ਗੀਤ ਆਪ ਲਿਖਿਆ ਹੈ। ਗੋਗੀ ਇਸ ਗੀਤ ਵਿੱਚ ਨਸ਼ੇ ਨਾਲ ਮਰ ਰਹੇ ਜਵਾਨਾਂ ਨੂੰ ਇਹ ਛੱਡਣ ਲਈ ਆਖਦਾ ਹੈ ਤੇ ਦਸਦਾ ਏ ਕਿ ਚਿੱਟਾ ਵੀ ਇਹਨਾਂ ਹਾਕਮਾਂ ਦੀ ਦੇਣ ਹੈ।ਗੋਗੀ ਦੇ ਇਸ ਗੀਤ ਦਾ ਸੰਗੀਤ ਇਸਕੇਪ ਮਿਊਜ਼ਿਕ ਨੇ ਦਿੱਤਾ ਹੈ। ਗੋਗੀ ਅੱਜ ਦਾ ਨਹੀਂ ਪੰਜਾਬ ਤੋ ਹੀ ਜਵਾਨੀ ਆਓਣ ਤੋਂ ਪਹਿਲਾਂ ਦਾ ਗਾ ਰਿਹਾ ਹੈ ਤੇ ਓਸ ਦੇ ਬਹੁਤ ਸਾਰੇ ਟਰੈਕ ਆਏ ਹਨ ਜਿਹਨਾਂ ਵਿੱਚ "ਬੋਤਲਾਂ "ਵੀ ਸ਼ਾਮਿਲ ਹੈ । ਪੰਜਾਬ ਕਿੰਗਸ ਮਿਊਜ਼ਿਕ ਨੇ ਗੋਗੀ ਦਾ ਇਹ ਗੀਤ ਜ਼ਾਰੀ ਕੀਤਾ ਹੈ ਤੇ ਬਹੁਤ ਸਾਰੇ ਸੰਗੀਤ ਪ੍ਰੇਮੀਆਂ ਨੇ ਆਪਣੇ ਹਿਸਾਬ ਨਾਲ ਗੋਗੀ ਘੁਮਾਣ ਨੂੰ ਗਾਇਕ ਕੁਲਦੀਪ ਪਾਰਸ ਨਾਲ ਗਾਉਂਦੇ ਹੋਏ ਦੇਖਿਆ ਹੈ। "ਜੁਗਨੀ" ਗੀਤ ਨਾਲ ਪਹਿਲੀ ਵਾਰ ਚਰਚਿਤ ਹੋਏ ਇਸ ਗਾਇਕ ਨੇ ਆਪਣੀ ਆਵਾਜ਼ ਵਿੱਚ "ਜਪਜੀ ਸਾਹਿਬ" ਦਾ ਗਾਇਨ ਵੀ ਕੀਤਾ ਹੈ ।ਇਸ ਤੋਂ ਇਲਾਵਾ 25ਦੇ ਕਰੀਬ ਓਸ ਦੇ ਟਰੈਕ ਆ ਚੁੱਕੇ ਹਨ ।ਆਪਣੇ ਗੀਤ "ਸਾਰਾਗੜ੍ਹੀ ਦੀ ਜੰਗ" ਵਿੱਚ ਓਹ ਕਿਸਾਨ ਅੰਦੋਲਨ ਦੀ ਗੱਲ ਵੀ ਅਪ੍ਰਤੱਖ ਰੂਪ ਵਿੱਚ ਆਖ ਲੋਕਾਂ ਦੀ ਖ਼ਾਸੀ ਹਮਦਰਦੀ ਪ੍ਰਾਪਤ ਕਰ ਰਿਹਾ ਹੈ। ਮਨਜਿੰਦਰ ਕੌਰ ਦੇ ਸਾਥ ਤੇ ਬੌਬੀ ਉੱਤਮ ਦੇ ਸਹਿਯੋਗ ਸਦਕਾ ਬੰਦੀ ਸਿੰਘਾਂ ਵਾਲੇ ਗੀਤ ਨਾਲ ਪ੍ਰਵਾਸੀ ਪੰਜਾਬੀ ਗਾਇਕ ਗੋਗੀ ਘੁਮਾਣ ਪੰਜਾਬ ਦਾ ਹਰਮਨ ਪਿਆਰਾ ਗਾਇਕ ਬਣ ਜਾਣ ਦੇ ਰਾਹ ਤੇ ਤੁਰ ਪਿਆ ਹੈ। "ਟਰੈਂਨਡਿੰਗ ਸਟੋਰੀ" ਤੇ "ਵੀਕ ਐਂਡ "ਓਸ ਦੇ ਗੀਤ ਜਿੱਥੇ ਨੌਜਵਾਨਾਂ ਨੇ ਖ਼ੂਬ ਪਸੰਦ ਕੀਤੇ ਨੇ ਓਥੇ "ਹੁਸਨਾਂ ਦਾ ਵੈਰ" ਵੀ ਖ਼ੂਬ ਕਾਮਯਾਬ ਰਿਹਾ ਹੈ। ਗੱਲ ਨਵੇਂ ਗੀਤ ਦੀ ਤਾਂ ਦੁੱਖ ਨਾਲ ਓਸ ਗੀਤ ਵਿੱਚ ਇਹ ਵੀ ਗਾਇਆ ਹੈ ਕਿ ਮਜੂਦਾ ਹਲਾਤਾਂ ਵਿੱਚ ਆਪਣੇ ਹੀ ਦੇਸ਼ ਸਰਦਾਰਾਂ ਨੂੰ ਮਜ਼ਬੂਰੀ ਵੱਸ ਕੇਸ ਕਤਲ ਕਰਵਾਉਣੇ ਪੈ ਰਹੇ ਹਨ। ਕਹਿ ਸਕਦੇ ਹਾਂ ਕਿ ਕੌਮ ਤੇ ਸੰਕਟ ਤੇ ਤਰਸਯੋਗ ਹਾਲਤ ਤੇ ਗਾਇਕ ਗੋਗੀ ਘੁਮਾਣ ਦਾ ਗਾਇਆ ਇਹ ਗੀਤ ਇੱਕ ਇਤਿਹਾਸਕ ਦਸਤਾਵੇਜ਼ ਦੀ ਤਰਾਂ ਇਤਿਹਾਸਕ ਗੀਤ ਬਣ ਜਾਏਗਾ। ਇਹ ਉਹੀ ਗੋਗੀ ਘੁਮਾਣ ਹੈ ਜਿਸ ਨੂੰ ਹੀਰੋ ਲੈ ਕਿ ਚਰਨਜੀਤ ਚਹਿਲ ਤੇ ਕੁਲਦੀਪ ਪਾਰਸ ਨੇ ਪੰਜਾਬੀ ਫ਼ਿਲਮ ਸ਼ੁਰੂ ਕੀਤੀ ਸੀ ਪਰ ਅਚਨਚੇਤ ਪਾਰਸ ਦੀ ਮੌਤ ਕਾਰਨ ਸਭ ਬਦਲ ਗਿਆ ਤੇ ਓਹ ਵੀ ਭਾਰਤ ਤੋਂ ਯੂ ਐਸ ਏ ਆ ਗਿਆ। ਆ ਰਹੇ ਵਕਤ ਵਿੱਚ ਅਧੂਰੇ ਗਾਇਕੀ ਕੰਮ ਤੇ ਫ਼ਿਲਮਾਂ ਓਸ ਦਾ ਨਿਸ਼ਾਨਾ ਹੈ। ਬੰਦੀ ਸਿੰਘਾਂ ਦਾ ਜ਼ਿਕਰ ਕਰਦਾ ਓਸ ਦਾ ਨਵਾਂ ਗਾਣਾ ਆਲੀਸ਼ਾਨ ਵੀਡਿਓ ਨਾਲ ਫਿਰ ਰਲੀਜ਼ ਹੁਣ ਹੋਣ ਵਾਲਾ ਹੈ।




**– ਅੰਮ੍ਰਿਤ ਪਵਾਰ**

# ਅਨੁਰਾਧਾ ਪੌਡਵਾਲ ਤੋਂ ਫਿਰੋਜ਼ ਖਾਂ ਦੇ ਵੀਡਿਓ ਨਿਰਦੇਸ਼ਤ ਕਰਨ ਵਾਲੇ ਬਾਲੀਵੁੱਡ ਫ਼ਿਲਮ ਨਿਰਦੇਸ਼ਕ ਹਨ- ਬਾਬਾ ਕਮਲ

ਬਾਬਾ ਕਮਲ ਓਸ ਵੇਲੇ ਫ਼ਿਲਮ ਨਿਰਦੇਸ਼ਕ ਬਣੇ ਜਦ ਪੰਜਾਬੀ ਵਿੱਚ ਟੈਲੀ ਫ਼ਿਲਮਾਂ ਦਾ ਦੌਰ ਸਿਖ਼ਰ ਤੇ ਸੀ ਤੇ ਓਹਨਾਂ ਨੇ ਤਦ "ਸੱਧਰਾਂ ਪਿਆਰ ਦੀਆਂ" ਤੋਂ ਲੈ ਕਿ ਕਈ ਫ਼ਿਲਮਾਂ ਬਣਾ ਕਿ ਆਪਣਾ ਨਾਮ ਬਣਾਇਆ ਸੀ। ਕਹਿੰਦੇ ਨੇ ਸਮਾਂ ਬਦਲਣ ਦੇ ਨਾਲ ਬਹੁਤ ਕੁੱਝ ਬਦਲ ਜਾਂਦਾ ਹੈ ਪਰ ਬਾਬਾ ਕਮਲ ਨੇ ਸਮੇਂ ਨਾਲ ਆਪਣੇ ਆਪ ਨੂੰ ਅਜਿਹਾ ਢਾਲਿਆ ਕਿ ਕਿਸੇ ਵੀ ਨਵੇਂ ਨਿਰਦੇਸ਼ਕ ਨਾਲੋਂ ਜੱਸ ਤੇ ਜਿਆਦਾ ਕੰਮ ਓਹਨਾਂ ਦੇ ਹਿੱਸੇ ਆਇਆ ਹੈ। ਅਮਰੀਕਾ ਵਿਖੇ ਖ਼ੂਬ ਚਲੀ ਤੇ ਭਾਰਤ ਵਿੱਚ ਪਾਬੰਦੀ ਤੋਂ ਬਾਅਦ ਹੁਣ ਚਲਣ ਲਈ ਤਿਆਰ ਬਾਲੀਵੁੱਡ ਫ਼ਿਲਮ "ਸ਼ੂਦਰ ਸੇ ਖਾਲਸਾ" ਵੀ ਓਹਨਾਂ ਹੀ ਡਾਇਰੈਕਟ ਕੀਤੀ







ਹੈ। ਅਹਿਮ ਗੱਲ ਇਹ ਕਿ ਬਾਬਾ ਕਮਲ ਨੇ ਪੰਜਾਬੀ ਵੀਡਿਓ ਨਿਰਦੇਸ਼ਨ ਵਿੱਚ ਸਭ ਤੋਂ ਅਧਿਕ ਵੀਡਿਓ ਕਰ ਕਿ ਇੱਕ ਰਿਕਾਰਡ ਕਾਇਮ ਕੀਤਾ ਹੈ। ਬਾਬਾ ਕਮਲ ਓਹ ਨਿਰਦੇਸ਼ਕ ਹਨ ਜਿਹਨਾਂ ਨੇ ਪੰਜਾਬੀ ਦੇ ਨਾਲ ਹਿੰਦੀ ਤੇ ਹਿਮਾਚਲੀ ਸੰਗੀਤ ਵਿੱਚ ਸਫ਼ਲ ਵੀਡਿਓ ਦੇ ਕਿ ਰਿਕਾਰਡ ਬਣਾਏ ਹਨ। ਰਾਜਸਥਾਨੀ ਸੰਗੀਤ ਵਿੱਚ ਵੀ ਵੀਡਿਓ ਸ਼ੁਰੂ ਕਰ ਕਿ ਬਾਬਾ ਕਮਲ ਨੇ ਇਹ ਸਾਬਿਤ ਕੀਤਾ ਹੈ ਕਿ ਇਹ ਸਮਾਂ ਆਲ ਰਾਉਂਡਰ ਬਣ ਅੱਗੇ ਆਓਣ ਦਾ ਹੈ। ਇੱਕ ਪਾਸੇ ਇਸ ਨੇ ਇੰਦੂ ਨੂੰ ਲੈ ਕਿ ਅਤੇ ਦੂਜੇ ਪਾਸੇ ਵਨੀਤ ਅਟਵਾਲ ਆਦਿ ਨਾਲ ਕੰਮ ਕੀਤਾ ਹੈ। ਦੇਸ਼ ਦੀ ਮਹਾਨ ਭਜਨ ਗਾਇਕਾ ਅਨੁਰਾਧਾ ਪੌਡਵਾਲ ਤੇ ਦੂਜੇ ਪਾਸੇ ਭਜਨ ਸਮਰਾਟ ਅਨੂਪ ਜਲੋਟਾ ਦੇ ਵੀਡਿਓ ਕੀਤੇ ਹਨ । ਬਾਬਾ ਕਮਲ ਕਿੰਨੇ ਸਰਗਰਮ ਹੋਣਗੇ ਅੰਦਾਜਾ ਇਸ ਤੋਂ ਲਾਇਆ ਜਾ ਸਕਦਾ ਹੈ ਕਿ ਹਰ ਹਫ਼ਤੇ 2 ਦੇ ਕਰੀਬ ਆ ਰਹੇ ਵੀਡਿਓ ਦੇ ਨਿਰਦੇਸ਼ਕ ਓਹ ਹਨ। ਬਾਬਾ ਕਮਲ ਇੱਕ ਤਰਾਂ ਨਾਲ ਆਰ ਜੇ ਬੀਟਸ ਦੇ ਪੱਕੇ ਵੀਡਿਓ ਐਲਬਮ ਨਿਰਦੇਸ਼ਕ ਹਨ। ਪੰਮਾ ਮੱਲ੍ਹੀ ਦਾ ਵੀਡਿਓ ਵੀ ਓਹ ਕਰਦੇ ਹਨ ਤੇ ਬਾਲੀਵੁੱਡ ਗਾਇਕਾਂ ਸਾਧਨਾ ਸਰਗਮ ਦਾ ਵੀ ਤੇ ਤ੍ਰਿਪਤੀ ਸਕਿਆ, ਅਨੁਜਾ ਸਮੇਤ ਯੂ ਪੀ ਬਿਹਾਰ ਦੇ ਕਲਾਕਾਰਾਂ ਵਿੱਚ ਵੀ ਬਾਬਾ ਕਮਲ ਵੀਡਿਓ ਨਿਰਦੇਸ਼ਕ ਤੌਰ ਤੇ ਲੋਕ ਪ੍ਰਿਅ ਹਨ। ਸੈਂਕੜਿਆਂ ਦੇ ਕਰੀਬ ਓਹਨਾਂ ਵੀਡਿਓ ਨਿਰਦੇਸ਼ਤ ਕੀਤੇ ਹਨ। ਓਹ ਆਖਦੇ ਨੇ ਇਹ ਸਭ ਈਸ਼ਵਰ ਦੀ ਕਿਰਪਾ ਤੇ ਚੰਗੀ ਟੀਮ ਤੇ ਨਿਰਭਰ ਹੈ ਓਹਨਾਂ ਨਾਲ ਸ਼ੰਕਰ ਦੇਵਾ ਜਿਹੇ ਡੀ ਓ ਪੀ ਹਨ, ਜਯੋਤੀ ਜਿਹੇ ਮੇਕ ਅੱਪ ਨਿਰਦੇਸ਼ਕ ਤੇ ਰਾਮ ਭੋਗਪੁਰ ਜਿਹੇ ਸੰਗੀਤ ਪੇਸ਼ਕਾਰ ਆਖਦੇ ਨੇ ਉਹਨਾਂ ਲਈ ਸੁਭਾਸ਼ ਘਈ ਤੇ ਕਰਨ ਜੌਹਰ ਬਾਬਾ ਕਮਲ ਹੀ ਹਨ। ਹੁਣ ਵੇਲਾ ਸੱਭਿਆਚਾਰਕ ਤੌਰ ਤਰੀਕੇ ਦੀ ਫ਼ਿਲਮ ਨਿਰਦੇਸ਼ਤ ਕਰਨ ਦਾ ਹੈ। ਧਾਰਮਿਕ ਵੀਡਿਓ ਨਿਰਦੇਸ਼ਨ ਵਿੱਚ ਬਾਬਾ ਕਮਲ ਖਾਸ ਤੌਰ ਤੇ ਪ੍ਰਸਿੱਧ ਹਨ।ਬਾਬਾ ਕਮਲ ਬਾਲੀਵੁੱਡ ਦੀ ਫ਼ਿਲਮ ਡਾਇਰੈਕਟਰ ਸੰਸਥਾ ਤੇ ਟੀਵੀ ਸੰਸਥਾ ਦੇ ਡਾਇਰੈਕਟਰ ਬਣ ਵੀ ਸੇਵਾ ਦੇ ਚੁੱਕੇ ਹਨ।ਬਾਬਾ ਕਮਲ ਨੇ ਇੱਕ ਗੱਲ ਕਹੀ ਕਿ ਓਹ ਆਪਣੇ ਹਿਸਾਬ ਨਾਲ ਘੱਟ ਲਾਗਤ ਵਿੱਚ ਜਿਆਦਾ ਵਧੀਆ ਵੀਡਿਓ ,ਐਲਬਮ ਤੇ ਫ਼ਿਲਮ ਬਣਾਉਂਦੇ ਹਨ ਤੇ ਬਣਾਉਂਦੇ ਰਹਿਣਗੇ। ਬਾਬਾ ਕਮਲ ਦੀ ਤਮੰਨਾ ਕਿਸੇ ਵੀਡਿਓ ਲਈ ਰਾਸ਼ਟਰੀ ਐਵਾਰਡ ਤੇ ਫ਼ਿਲਮ ਲਈ ਦਰਸ਼ਕ ਵਰਗ ਵੱਲੋਂ ਕਾਮਯਾਬੀ ਦਾ ਐਵਾਰਡ ਹਾਸਿਲ ਕਰਨਾ ਚਾਹੁੰਦੇ ਹਨ। ਫਿਰੋਜ਼ ਖਾਨ,ਰੋਹਿਤ ਕੁਮਾਰ ਬੌਬੀ, ਕਵਿਤਾ ਪੌਡਵਾਲ ਤੇ ਸੁਰੇਸ਼ ਵਾਦੇਕਰ ਦੇ ਵੀਡਿਓ ਬਣਾਉਣ ਦਾ ਮਾਣ ਵੀ ਬਾਬਾ ਕਮਲ ਨੂੰ ਹਾਸਿਲ ਹੈ ਤੇ ਖਾਸ ਗੱਲ ਇਹ ਕਿ ਬਾਬਾ ਕਮਲ ਦੇ ਹਰ ਵੀਡਿਓ ਦੀ ਕਹਾਣੀ ਦਿਲਚਸਪ ਤੇ ਅਲੱਗ ਹੁੰਦੀ ਹੈ ਤੇ ਓਹਨਾਂ ਦੇ ਮਾਡਲ ਮੁੰਡੇ ਕੁੜੀਆਂ ਫ਼ਿਲਮਜ਼ ਵਿੱਚ ਵੀ ਪਹੁੰਚੇ ਹਨ ਤੇ ਆਖਦੇ ਨੇ ਕਿ ਬਾਬਾ ਕਮਲ ਦੇ ਦਿੱਤੇ ਮੌਕੇ ਓਹਨਾਂ ਦੇ ਵਰ ਆਏ ਹਨ।

**– ਅੰਮ੍ਰਿਤ ਪਵਾਰ**

NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



Lic #0144676

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928



RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834





Raja SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets




Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

